ਵਰਿਆਮ

੩੭ਵਾਂ ਸਾਲ

ਜੂਨ ੨੦੧੨



ਗੁਰੂ ਅਰਜਣੁ ਸਚੁ ਸਿਰਜਣਹਾਰਾ

ਮੁੱਲ 20/-



ਪਦਮ ਵਿਭੂਸ਼ਣ ਪੰਡਿਤ ਕਿਸ਼ਨ ਮਹਾਰਾਜ ਸਮ੍ਰਿਤੀ ਸੰਗੀਤ ਉਤਸਵ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਕ੍ਰਿਪਾ ਬਖਸ਼ਿਸ਼ ਅਤੇ ਸਹਿਯੋਗ ਨਾਲ ਸੰਗੀਤ ਸਭਾ ਕਾਂਸ਼ੀ ਦੁਆਰਾ ਮਿਤੀ ੯ ਮਈ, ੨੦੧੨ ਨੂੰ ਵਾਰਾਣਸੀ (ਬਨਾਰਸ) ਵਿਚ ਪਦਮ ਵਿਭੂਸ਼ਣ ਪੰਡਿਤ ਕਿਸ਼ਨ ਮਹਾਰਾਜ ਸਮ੍ਰਿਤੀ ਸੰਗੀਤ ਉਤਸਵ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਦੇਸ਼ ਦੇ ਵੱਖ-ਵੱਖ ਪ੍ਰਾਂਤਾਂ ਤੋਂ ਆਏ ਕਲਾਕਾਰਾਂ ਨੇ ਭਾਗ ਲਿਆ।

ਇਸ ਸੰਗੀਤ ਉਤਸਵ ਵਿਚ ਭਾਗ ਲੈਣ ਲਈ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਇਕ ਡੈਲੀਗੇਸ਼ਨ ਬਨਾਰਸ ਗਿਆ, ਜਿਸ ਵਿਚ ਤਬਲਾ ਵਾਦਕ ਸ੍ਰੀ ਸੁਖਦੇਵ ਸਿੰਘ ਜੀ (ਜਲੰਧਰ) (ਸ਼ਾਗਿਰਦ ਪੰਡਿਤ ਕਿਸ਼ਨ ਮਹਾਰਾਜ), ਸ੍ਰੀ ਜਤਿੰਦਰਪਾਲ ਸਿੰਘ (ਜਲੰਧਰ) (ਸ਼ਾਗਿਰਦ ਉਸਤਾਦ ਅੱਲਾ ਰੱਖਾ ਖਾਂ ਸਾਹਿਬ), ਸ੍ਰੀ ਰਾਜੇਸ਼ ਕੁਮਾਰ ਮਾਲਵੀਆ ਸ੍ਰੀ ਭੈਣੀ ਸਾਹਿਬ (ਸ਼ਾਗਿਰਦ ਉਸਤਾਦ ਅੱਲਾ ਰੱਖਾ ਖਾਂ ਸਾਹਿਬ) ਅਤੇ ਸ੍ਰੀ ਗੁਰਦਿਆਲ ਸਿੰਘ (ਸ੍ਰੀ ਭੈਣੀ ਸਾਹਿਬ) (ਸ਼ਾਗਿਰਦ ਪ੍ਰੋ. ਵਰਿੰਦਰ ਕੁਮਾਰ ਜੀ ਅਤੇ ਉਸਤਾਦ ਸ਼ਾਹਿਦ ਪ੍ਰਵੇਜ਼) ਸ਼ਾਮਿਲ ਸਨ।

ਇਸ ਸੰਗੀਤਮਈ ਸੰਧਿਆ ਦਾ ਸ਼ੁਭ ਆਰੰਭ ਹੇਤਲ ਮਹਿਤਾ ਦੇ ਵੇਦ ਪਾਠ ਨਾਲ ਹੋਇਆ ਅਤੇ ਪੰਡਿਤ ਕਿਸ਼ਨ ਮਹਾਰਾਜ ਦੇ ਸ਼ਾਗਿਰਦਾਂ ਦੁਆਰਾ ਉਹਨਾਂ ਦੀ ਤਸਵੀਰ ਅੱਗੇ ਫੁੱਲ ਅਰਪਣ ਕੀਤੇ ਗਏ।

ਪ੍ਰਥਮ ਸੰਗੀਤ ਪ੍ਰਸਤੂਤੀ ਵਿਚ ਸ੍ਰੀ ਗੁਰਦਿਆਲ ਸਿੰਘ (ਸ੍ਰੀ ਭੈਣੀ ਸਾਹਿਬ) ਸਿਤਾਰ ਤੇ ਰਾਗ ਪੂਰੀਆ ਧਨਾਸਰੀ ਦਾ ਪ੍ਰਦਰਸ਼ਨ ਕਰਦੇ ਹੋਏ ਸ਼ਰੋਤਾਵਾਂ ਨੂੰ ਆਤਮ ਵਿਭੋਰ ਕੀਤਾ। ਉਹਨਾਂ ਦੇ ਨਾਲ ਤਬਲੇ ਤੇ ਸੰਗਤ ਸ੍ਰੀ ਰਾਜੇਸ਼ ਕੁਮਾਰ ਮਾਲਵੀਆ ਨੇ ਕੀਤੀ। ਇਸ ਤੋਂ ਬਾਅਦ ਮੁੰਬਈ ਤੋਂ ਆਈ ਸ੍ਰੀਮਤੀ ਮੀਨਲ ਨਾਟ ਨੇ ਕੰਠ ਗਾਇਣ ਦੁਆਰਾ ਰਾਗ ਯਮਨ ਮੱਧ ਲੈਅ ਵਿਚ 'ਏਰੀ ਮਾਈ ਹੇ ਕਾਸੇ ਕਹੂੰ' ਅਤੇ ਭਜਨ 'ਮਹਾਰੇ ਘਰ ਆਓ ਜੀ ਪ੍ਰੀਤਮ ਪਿਆਰੇ' ਨਾਲ ਸ੍ਰੋਤਿਆਂ ਨੂੰ ਰਿਝਾਇਆ। ਉਪਰੰਤ ਅਹਿਮਦਾਬਾਦ ਦੀ ਹੇਤਲ ਮੇਹਤਾ ਨੇ ਤਿੰਨ ਤਾਲ 'ਚ ਸੁਤੰਤਰ ਤਬਲਾ ਵਾਦਣ ਪੇਸ਼ ਕਰਦੇ ਹੋਏ ਆਪਣੀ ਪ੍ਰਸਤੂਤੀ ਦਿੱਤੀ। ਅਗਲੀ ਪ੍ਰਸਤੂਤੀ ਪੰ. ਵਿਸ਼ਵਨਾਥ ਮਿਸ਼ਰ ਅਤੇ ਦੇਵਣਤ ਮਿਸ਼ਰ ਦੀ ਸਿਤਾਰ ਜੁਗਲਬੰਦੀ ਸੀ। ਜਿਸ ਵਿਚ ਉਹਨਾਂ ਨੇ ਰਾਗ ਮਾਰੂ ਬਿਹਾਗ ਪ੍ਰਸਤੂਤ ਕੀਤਾ ਅਤੇ ਤਬਲੇ ਤੇ ਸੰਗਤ ਪੰ. ਪੂਰਨ ਮਹਾਰਾਜ ਅਤੇ ਪ੍ਰਸ਼ਾਂਤ ਕੁਮਾਰ ਮਿਸ਼ਰ ਨੇ ਕੀਤੀ। ਇਸ ਸੰਗੀਤ ਉਤਸਵ ਦੀ ਅੰਤਿਮ ਪ੍ਰਸਤੂਤੀ ਕੋਲਕੱਤਾ ਤੋਂ ਆਏ ਸ੍ਰੀ ਰਾਜੀਵ ਭੱਟਾਚਾਰੀਆ ਤੇ ਮ੍ਰਿਤੀਕਾ ਭੱਟਾਚਾਰੀਆ ਨੇ ਉਡੀਸੀ ਨ੍ਰਿਤ ਦੇ ਰੂਪ ਵਿਚ ਪੇਸ਼ ਕੀਤੀ। ਜਿਸ ਨੂੰ ਦਰਸ਼ਕਾਂ ਨੇ ਬਹੁਤ ਪਸੰਦ ਕੀਤਾ ਤੇ ਸਰਾਹਿਆ।

ਵਰਿਆਮ

ਜੂਨ -੨੦੧੨
ਜਿਲਦ-੩੭
ਅੰਕ- ੮

ਸੰਪਾਦਕ
ਜਗਦੀਸ਼ ਸਿੰਘ 'ਵਰਿਆਮ'

ਦਫਤਰ ਦਾ ਪਤਾ:	Office Address :
ਮਾਸਿਕ ਵਰਿਆਮ	Monthly WARIAM
ਲਾਡੋਵਾਲੀ ਰੋਡ	
(ਸਾਹਮਣੇ ਸੈਂਟਰਲ ਟਾਊਨ)	Ladowali Road.
ਜਲੰਧਰ- ੧੪੪੦੦੧	Opp. Central Town,
	Jalandhar-144001
ਫੋਨ-:੦੧੮੧- ੨੨੨੨੫੪੩	Ph. :0181-2222543 (O)
ਘਰ : ੦੧੮੧-੨੪੫੬੨੮੯	0181-2456289 (R)

ਵਰਿਆਮ ਦੇ ਦਰ

ਇਹ ਅੰਕ	੨੦-੦੦
ਸਲਾਨਾ ਚੰਦਾ	੨੦੦-੦੦
ਪੰਜ ਸਾਲ ਲਈ	੮੦੦-੦੦
ਜੀਵਨ ਮੈਂਬਰ	੨੦੦੦-੦੦
ਵਿਦੇਸ਼ ਲਈ	੩੦ ਪੌਂਡ ਜਾਂ ੪੦ ਡਾਲਰ ਅਮਰੀਕੀ
ਹਵਾਈ ਡਾਕ ਰਾਹੀਂ	(ਸਾਲਾਨਾ)

ਚੈਕ ਡਰਾਫਟ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ

ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

ਤਤਕਰਾ

ਰਚਨਾਵਾਂ ਭੇਜਣ ਲਈ ਈ-ਮੇਲ ਦਾ ਪਤਾ :
whitecrossprinters2012@gmail.com
whitecrossprinters@rediffmail.com



੧੭ ਜਨਵਰੀ ੧੮੭੨ ਨੂੰ ਸ੍ਰੀ ਭੈਣੀ ਸਾਹਿਬ ਤੋਂ ਸਤਿਗੁਰੂ ਰਾਮ ਸਿੰਘ ਜੀ ਨਾਲ ਹੀ ਸੂਬਾ ਸਾਹਿਬ ਸਿੰਘ ਅਤੇ ਸਹਿਯੋਗੀ ਜਲਾਵਤਨੀ ਲਈ ਰਵਾਨਾ ਹੋਏ।

ਸੂਬਾ ਸਾਹਿਬ ਸਿੰਘ



ਇਕ ਸੌ ਤੇਤੀ ਸਾਲ ਪਹਿਲਾਂ ਹਜਾਰੀ ਬਾਗ ਜ਼ੇਲ੍ਹ ਬਿਹਾਰ (ਅੱਜਕਲ ਝਾਰਖੰਡ) ਵਿਚ ਨਾਮਧਾਰੀ ਕੂਕਾ ਅੰਦੋਲਨ ਦੇ ਪ੍ਰਮੁੱਖ ਨੇਤਾ ਸੂਬਾ ਸਾਹਿਬ ਸਿੰਘ ਜੀ ਨੇ ਸ਼ਹਾਦ ਪ੍ਰਾਪਤ ਕੀਤੀ। ਸੂਬਾ ਸਾਹਿਬ ਸਿੰਘ, ਸਤਿਗੁਰੂ ਰਾਮ ਸਿੰਘ ਜੀ ਦੁਆਰਾ ਸੰਚਾਲਿਤ ਨਾਮਧਾਰੀ ਆਜ਼ਾਦੀ ਅੰਦੋਲਨ ਦੇ ਵਿਸ਼ੇਸ਼ ਰੁਕਨ ਸਨ। ਉਹ ਨਾਮਧਾਰੀ ਪੰਥ ਦੇ ਰਾਜਨੀਤਕ ਸੂਝ ਰੱਖਣ ਵਾਲੇ ਅਤੇ ਕਾਰਜਕ੍ਰਮ ਦਾ ਨਿਰਮਾਨ ਕਰਨ ਵਾਲੇ ਅੰਗ ਦੇ ਪ੍ਰਮੁੱਖ ਸਨ। ਮੁੱਢਲੀ ਉਮਰ ਵੱਖ-ਵੱਖ ਭੇਖਾਂ ਵਿਚ ਲੰਘਾਉਣ ਕਰ ਕੇ ਵੀ ਉਹਨਾਂ ਨੂੰ ਜੀਵਨ ਦਾ ਵਿਸ਼ਾਲ ਤਜਰਬਾ ਸੀ। ਉਹਨਾਂ ਪਾਸ ਵਿਦਿਆ ਵੀ ਸੀ ਅਤੇ ਲਿਆਕਤ ਵੀ। ਉਹਨਾਂ ਦੀਆਂ ਇਹਨਾਂ ਮੁੱਢਲੀਆਂ ਯੋਗਤਾਵਾਂ ਨੂੰ ਸਾਨ ਤੇ ਚੜ੍ਹਾਇਆ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਮਿਕਨਾਤੀਸੀ ਸ਼ਖਸੀਅਤ ਨੇ ਅਤੇ ਉਹਨਾਂ ਸਾਰਾ ਜੀਵਨ ਹੀ ਚੀਨੀ ਵਾਲੇ ਪਾਤਸ਼ਾਹ ਦੇ ਕਦਮਾਂ ਵਿਚ ਸਮਰਪਿਤ ਕਰ ਦਿੱਤਾ। ਉਹ ਪਹਿਲੇ ਵਿਅਕਤੀ ਸਨ ਜਿਨ੍ਹਾਂ ਸੰਨ ੧੮੫੭ ਦੀ ਵਿਸਾਖੀ ਨੂੰ ਸਤਿਗੁਰੂ ਰਾਮ ਸਿੰਘ ਜੀ ਪਾਸੋਂ ਅੰਮ੍ਰਿਤ ਦੀ ਕ੍ਰਿਪਾ ਪ੍ਰਾਪਤ ਕੀਤੀ। ਉਹ ਕੂਕਿਆਂ ਦੇ ਖੁਫੀਆ ਡਾਕ ਪਰਬੰਧ "Kooka Postal Service" ਦੇ ਮੁਖੀ ਰਹੇ ਸਨ, ਉਹ ਨੈਪਾਲ ਸਰਕਾਰ ਕੋਲ ਰਾਜਸੀ ਮਿਸ਼ਨ 'ਤੇ ਵੀ ਸਤਿਗੁਰੂ ਜੀ ਦੇ ਪ੍ਰਤੀਨਿਧ ਰਾਜੂਦਤ ਵਜੋਂ ਗਏ। ਉਹ ਜਲਾਵਤਨ ਵੀ ਸਤਿਗੁਰੂ ਜੀ ਦੇ ਨਾਲ ਹੀ ੧੭ ਜਨਵਰੀ ਸੰਨ ੧੮੭੨ ਦੀ ਡੂੰਘੀ ਸ਼ਾਮ ਨੂੰ ਹੋਏ ਅਤੇ ਉਹਨਾਂ ਦੇ ਨਾਲ ਹੀ ਇਲਾਹਾਬਾਦ ਦੇ ਕਿਲੇ ਵਿਚ ਕੈਦ ਰਹੇ। ਬਾਦ ਵਿਚ ਵੱਖ-ਵੱਖ ਥਾਵਾਂ ਦੀਆਂ ਕੈਦਾਂ ਭੁਗਤ ਕੇ ਉਹ ੧੦ ਜੂਨ ੧੮੭੯ ਨੂੰ ਹਜ਼ਾਰੀ ਬਾਗ ਦੀ ਵਿਸ਼ੇਸ਼

ਜੇਲ੍ਹ ਵਿਚ ਸ਼ਹੀਦੀ ਪਾ ਗਏ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਉਹ ਸਤਿਗੁਰਾਂ ਵਲੋਂ ਬਖਸ਼ੀ ਸੇਧ ਵਿਚ ਉਹਨਾਂ ਦੇ ਬਚਨਾਂ ਤੇ ਫੁਲ ਚੜ੍ਹਾਉਂਦੇ ਜ਼ਰਾ ਵੀ ਡਗਮਗਾਏ ਨਹੀਂ ਅਤੇ ਸ਼ੁਜਾਅਤ ਭਰੀ ਜ਼ਿੰਦਗੀ ਜੀਂਦੇ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਅਸੀਂ ਸੂਬਾ ਜੀ ਦੀ ਅਜ਼ੀਮ ਹਸਤੀ ਦੀ ਯਾਦ ਵਿਚ ਨਤਮਸਤਕ ਹਾਂ ਅਤੇ ਨਵੰਬਰ ੧੯੭੯ ਨੂੰ ਵਰਿਆਮ ਦੇ ਵਿਸ਼ੇਸ਼ ਸੂਬਾ ਸਾਹਿਬ ਸਿੰਘ ਅੰਕ ਦੇ ਮੁਖ ਪੰਨੇ ਤੇ ਛਪੀ ਕਾਵਿ ਟੁਕੜੀ ਫੇਰ ਦੁਹਰਾਂਦੇ ਹਾਂ

ਪਿਆਰ ਸਾਡੇ ਦੀ ਪਰਖ ਇਹ ਵਤਨ ਦੀ ਮਿਟੀ ਕਰੇ, ਦੇਸ਼ ਦੀ ਸਵਾਧੀਨਤਾ ਪਲਦੀ ਲਹੂ ਦੇ ਆਸਰੇ
ਮਿਟ ਗਏ ਜੋ ਵਤਨ ਦੀ ਇਜ਼ਤ ਲਈ, ਯਾਦ ਉਹਨਾਂ ਦੀ ਸਦਾ ਸਜਰੀ ਰਹੇ ਮਘਦੀ ਰਹੇ।

ਲੇਖਕ ਸਭਾ ਦੀਆਂ ਚੋਣਾਂ

ਜਦੋਂ ਹਥਲਾ ਪਰਚਾ ਡਾਕ ਵਿਚ ਪੈਣ ਲਈ ਤਿਆਰ ਹੋ ਰਿਹਾ ਹੋਵੇਗਾ ਤਾਂ ਲੁਧਿਆਣਾ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਚੋਣ ਵਾਸਤੇ ਵੋਟਾਂ ਪੈ ਰਹੀਆਂ ਹੋਣਗੀਆਂ। ਅਜੇ ਪਿਛਲੇ ਦਿਨੀਂ ਲੁਧਿਆਣਾ ਵਿਚ ਹੀ ਸਾਹਿਤ ਅਕੈਡਮੀ ਵਾਸਤੇ ਵੋਟਾਂ ਪੈ ਕੇ ਹਟੀਆਂ ਹਨ। ਸਾਹਿਤ ਅਕੈਡਮੀ ਦੇ ਅਹੁਦੇਦਾਰੀਆਂ ਦੇ ਉਮੀਦਵਾਰਾਂ ਨੇ ਕੁਝ ਕੁ ਮਿਲ ਬੈਠ ਕੇ ਅਹੁਦਿਆਂ ਤੇ ਸਮਝੌਤਾ ਸਿਰੇ ਚਾੜ੍ਹ ਲਿਆ ਸੀ ਪਰ ਫਿਰ ਵੀ ਇਲੈਕਸ਼ਨ ਹੋਈ ਅਤੇ ਭਾਰੀ ਮੇਲਾ ਲਗਿਆ। ਲੰਗਰ ਦਾ ਪਰਬੰਧ ਤਾਂ ਹੁੰਦਾ ਹੀ ਹੈ। ਅਕੈਡਮੀ ਦੇ ਦਫਤਰ ਨੂੰ ਜਾਂਦੀ ਸੜਕ ਬਾਹਰਲਾ ਗੇਟ ਬੰਦ ਸੀ ਅਤੇ ਕਾਰਾਂ ਨੂੰ ਬਾਹਰ ਹੀ ਰੋਕਣ ਵਾਸਤੇ ਬਾਵਰਦੀ ਸੇਵਾਦਾਰ, ਸਕਿਉਰਟੀ ਵਾਲੇ ਜਾਂ ਪੁਲਿਸ ਵਾਲੇ ਸਨ। ਗੱਡੀਆਂ ਬਾਹਰ ਹੀ ਰੋਕੀਆਂ ਜਾ ਰਹੀਆਂ ਸਨ ਅਤੇ ਬਜ਼ੁਰਗ ਬੀਮਾਰ, ਮਰਦ ਔਰਤਾਂ ਨੂੰ ਪੈਦਲ ਅੰਦਰ ਜਾਣਾ ਮੁਸ਼ਕਲ ਹੋ ਰਿਹਾ ਸੀ। ਖੈਰ ਬਾਦ ਵਿਚ ਸਭ ਕੁਝ ਠੀਕ ਹੋ ਵੀ ਗਿਆ। ਹੁਣ ਫਿਰ ਜੇਠ ਮਹੀਨੇ ਦੀ ਤਪਸ਼ ਵਿਚ ਕੇਂਦਰੀ ਲੇਖਕ ਸਭਾ ਦੀਆਂ ਚੋਣਾਂ ਲਈ ਮੇਲਾ ਲੱਗੇਗਾ। ਚੰਗਾ ਤਾਂ ਇਹ ਹੀ ਹੁੰਦਾ ਕਿ ਸਿਆਣੇ ਲੋਕ ਆਪਸ ਵਿਚ ਮਿਲ ਬੈਠ ਕੇ ਫੈਸਲਾ ਕਰਦੇ। ਸਾਡੀ ਆਸ ਤਾਂ ਆਹ ਸਤਰਾਂ ਲਿਖਣ ਤਕ ਵੀ ਇਹ ਹੀ ਹੈ। ਕੇਂਦਰੀ ਲੇਖਕ ਸਭਾਵਾਂ ਵੀ ਦੋ ਹਨ ਜਿਵੇਂ ਖਬੀਆਂ ਪਾਰਟੀਆਂ ਕਈ ਹਨ ਜੋ ਇਕੱਠੀਆਂ ਵੀ ਹੁੰਦੀਆਂ ਹਨ ਅਤੇ ਲੜਦੀਆਂ ਵੀ ਹਨ। ਲੇਖਕ ਸਭਾਵਾਂ ਦੇ ਚੋਣ ਘੋਲ ਵੀ ਇਕ ਤਰ੍ਹਾਂ ਦੇ ਸਿਆਸੀ ਅਭਿਆਸ ਮੈਚ ਹੁੰਦੇ ਹਨ। ਦੋ ਕੁ ਸਾਲ ਬਾਦ ਚੋਣ ਫੇਰ ਆ ਜਾਂਦੀ ਹੈ ਇਸ ਤਰ੍ਹਾਂ ਬਹੁਤ ਸਾਰਾ ਸਮਾਂ ਅਤੇ ਸਰਮਾਇਆ ਇਸੇ ਕੰਮ ਹੀ ਲੱਗਦਾ ਹੈ। ਹੌਲੀ ਹੌਲੀ ਵੱਡੇ ਵੱਡੇ ਪ੍ਰਬੁੱਧ ਅਤੇ ਲੋਕ ਪਰਵਾਨ ਲੇਖਕ ਹਸਤੀਆਂ ਇਹਨਾਂ ਚੋਣ ਘੋਲਾਂ ਤੋਂ ਕਿਨਾਰਾ ਕਸ਼ੀ ਹੀ ਕਰੀ ਜਾਂਦੀਆਂ ਹਨ ਅਤੇ ਸਰਕਾਰ ਵੀ ਘੇਸਲੀ ਹੋਈ ਤਮਾਸ਼ਾ ਵੇਖਦੀ ਕੁਝ ਹੱਥ ਪਲੇ ਨਹੀਂ ਪਾਉਂਦੀ। ਸਾਡਾ ਜੀਅ ਕਰਦਾ ਹੈ ਕਿ ਲੇਖਕਾਂ ਕਲਾਕਾਰਾਂ ਦੀਆਂ ਸਰਗਰਮੀਆਂ ਸਿਆਸੀ ਪਾਰਟੀਆਂ ਤੋਂ ਕੁਝ ਵੱਖਰੀਆਂ ਹੋਣੀਆਂ ਚਾਹੀਦੀਆਂ ਹਨ ਅਤੇ ਹਰ ਵੇਲੇ ਚੋਣ ਲਈ ਤਿਆਰ ਬਰ ਤਿਆਰ ਰਹਿਣ ਤੋਂ ਇਲਾਵਾ ਵੀ ਬਹੁਤ ਕੁਝ ਕੀਤਾ ਜਾ ਸਕਦਾ ਹੈ। ਉਂਝ ਇਹ ਚੋਣ ਸਮਾਗਮ ਲੇਖਕਾਂ ਦੇ ਮਿਲਣ-ਗਿਲਣ ਦਾ ਵਧੀਆ ਮੌਕਾ ਹੁੰਦੇ ਹਨ।

ਵਰਿਆਮ ਬੰਦ

ਵਰਿਆਮ ਦਾ ਅਗਲਾ ਅੰਕ ਸ਼ਾਇਦ ਬਹੁਤ ਸਾਰੇ ਪਾਠਕਾਂ ਦੇ ਦਰਸ਼ਨ ਨਾ ਕਰ ਸਕੇ। ਭਾਵੇਂ ਸਾਲ ਵਿਚ ਦੋ ਵਾਰ ਵਿਸ਼ੇਸ਼ ਸਮਾਗਮਾਂ ਤੇ ਵਰਿਆਮ ਦਾ ਸਟਾਲ ਲੱਗਦਾ ਹੈ ਅਤੇ ਪਾਠਕ ਆਪਣੇ ਪਿਛਲੇ ਚੰਦੇ ਦੇ ਕੇ ਅਗੋਂ ਨਵੇਂ ਸਿਰਿਓਂ ਆਪਣੀ ਮੈਂਬਰਸ਼ਿਪ ਜਾਰੀ ਕਰਦੇ ਹਨ ਪਰ ਕਾਫੀ ਸਮੇਂ ਤੋਂ ਵਰਿਆਮ ਦੇ ਪੁਰਾਣੇ ਮੈਂਬਰਾਂ ਦੇ ਨਾਂ ਡਾਕ ਸੂਚੀ ਵਿਚੋਂ ਛਾਂਗਣ ਵਾਲੇ ਪਏ ਸਨ ਜੋ ਹੁਣ ਹਟਾ ਦਿੱਤੇ ਗਏ ਹਨ। ਭਾਵੇਂ ਅਸੀਂ ਸੂਚਨਾ ਡਾਕ ਰਾਹੀਂ ਵੀ ਦਿੰਦੇ ਹਾਂ ਪਰ ਜੋ ਅੱਜ ਕਲ ਡਾਕ ਦਾ ਹਾਲ ਹੈ ਕਈ ਥਾਈਂ ਇਹ ਸੂਚਨਾ ਨਹੀਂ ਵੀ ਪਹੁੰਚ ਸਕੀ। ਉਂਝ ਵੀ ਇਹ ਬੜਾ ਭਾਰੀ ਦਫਤਰੀ ਬੋਝ ਹੁੰਦਾ ਹੈ। ਜੇ ਅਗਲੇ ਮਹੀਨੇ ਵਰਿਆਮ ਤੁਹਾਡੇ ਦਰਾਂ ਤੇ ਨਹੀਂ ਪਹੁੰਚਦਾ ਤਾਂ ਇਸਦਾ ਇਹ ਕਾਰਨ ਹੋ ਸਕਦਾ ਹੈ ਕਿ ਵਰਿਆਮ ਦਫਤਰ ਤੁਹਾਡੇ ਚੰਦਿਆਂ ਦੀ ਮਾਇਆ ਉਡੀਕਦਾ ਪਿਆ ਹੈ। ਸੋ ਤੁਹਾਡੇ ਵਲੋਂ ਇਹ ਰਕਮ ਮਨੀ ਆਰਡਰ ਜਾਂ ਬੈਂਕ ਡਰਾਫਟ ਜਾਂ ਨਕਦ ਦਸਤੀ ਪਹੁੰਚਣ ਤੇ ਪਰਚਾ ਫੇਰ ਪਹਿਲਾਂ ਵਾਂਗ ਚਾਲੂ ਹੋ ਜਾਏਗਾ।

—ਜਗਦੀਸ਼ ਸਿੰਘ ਵਰਿਆਮ

ਗੁਰੂ ਅਰਜਣੁ ਸਚੁ ਸਿਰਜਣਹਾਰਾ

—ਜਗਦੀਸ਼ ਸਿੰਘ ਵਰਿਆਮ



ਸਤਿ ਸਰੂਪ, ਸਤਿ ਪੁਰਖ, ਸਿਰਮੌਰ ਸਾਹਿਤਕਾਰ, ਆਦਿ-ਸੰਪਾਦਕ, ਸੰਗੀਤਕਾਰ ਸ਼੍ਰੋਮਨੀ, ਸਿਰਤਾਜ ਸ਼ਹੀਦ, ਪਰਮ ਸੰਤ ਸਤਿਗੁਰੂ, ਗੁਰੂ ਅਰਜਨ ਦੇਵ ਜੀ ਦਾ ਇਤਿਹਾਸ, ਮਹਿਮਾ ਕੋਈ ਸ਼ਬਦ-ਸਮੂਹ, ਕੋਈ ਚਿਤਰ ਕੋਈ ਵਿਗਿਆਨਕ ਜੰਤਰ ਕਥਨ ਕਰਨ ਤੋਂ ਅਸਮਰਥ ਹੈ।

ਉਂਝ ਉਹਨਾਂ ਦੀ ਮਹਿਮਾ ਦਾ ਪ੍ਰਕਾਸ਼ ਕਣ ਕਣ ਵਿਚ ਵਿਦਮਾਨ ਹੈ। ਅੰਮ੍ਰਿਤ ਵੇਲੇ ਹਰ ਮੁਹੱਲੇ ਵਿਚੋਂ ਉਚੀਆਂ ਹੁੰਦੀਆਂ ਸੁਖਮਣੀ ਸਾਹਿਬ ਦੀ ਧੁਨੀਆਂ, ਹਰ ਮਹੀਨੇ ਦੀ ਸੰਗਰਾਂਦ ਨੂੰ ਗੁਰਦੁਆਰਿਆਂ ਵਿਚ ਉਚਾਰੇ ਜਾਂਦੇ ਜੀਵਨ ਜਾਚ ਸਿਖਾਉਂਦੇ ਬਾਰਾ ਮਾਹ ਦੇ ਮਹਾਂ ਵਾਕ, ਘਰ ਘਰ ਵਿਚ ਹੁੰਦੇ ਅਣਗਿਣਤ ਗੁਰਬਾਣੀ ਦੇ ਪਾਠਾਂ ਦੁਆਰਾ ਪ੍ਰਭੂ ਮਿਲਣ, ਏਕਤਾ ਪਿਆਰ ਅਤੇ ਸ਼ਾਂਤੀ ਦੇ ਉਚੇ ਹੁੰਦੇ ਸੁਨੇਹੇ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੀ ਕੀਰਤੀ ਨੂੰ ਹੀ ਬਿਆਨ ਕਰਦੇ ਹਨ। ਸਤਿਨਾਮ ਦੇ ਧਾਰਨੀ ਗੁਰੂ ਅਰਜਨ ਸੱਚ ਦੇ ਵਣਜਾਰੇ ਅਤੇ ਸਚ ਸਿਰਜਣਹਾਰੇ ਸਨ।

ਇਸ ਸੰਸਾਰ ਦੀ ਆਦਿ ਸਭਿਅਤਾ ਦੇ ਕੇਂਦਰ ਭਾਰਤ ਵਿਚ ਰਿਸ਼ੀਆਂ ਮੁਨੀਆਂ ਦੀ ਪੁੰਨ ਭੂਮੀ ਪੰਜਾਬ ਵਿਚ, ਸਾਹਿਤਕਾਰ ਰਿਸ਼ੀ ਵੇਦ ਵਿਆਸ ਦੇ ਨਾਮ ਤੇ ਵਗ ਰਹੇ ਦਰਿਆ ਬਿਆਸ ਦੇ ਕੰਢੇ ਤੇ ਵਸਿਆ ਨਗਰ ਗੋਇੰਦਵਾਲ, ਪਰਬਤ ਮੇਰਾਣੁ ਸਤਿਗੁਰੂ ਕਾਰਨ ਕਰਣ ਗੁਰੂ ਅਮਰਦਾਸ ਜੀ ਦੀ ਰੱਬੀ ਜੋਤ ਨਾਲ ਨੂਰੋ ਨੂਰ ਹੋਇਆ ਪਿਆ ਸੀ। ਇਸ ਇਲਾਹੀ ਵਾਤਾਵਰਨ ਵਿਚ ਸੱਚ ਦੀ ਆਦਿ ਸ਼ਕਤੀ ਪ੍ਰਤੱਖ ਸਰੀਰਧਾਰੀ ਸਰੂਪ ਵਿਚ ਗੁਰੂ ਅਰਜਨ ਦੇਵ ਜੀ ਦੇ ਰੂਪ ਵਿਚ ਪ੍ਰਗਟ ਹੋਈ। ਨਾਨਾ ਗੁਰੂ ਅਮਰਦਾਸ ਸਾਹਿਬ, ਗੁਰਦੇਵ ਪਿਤਾ ਸਤਿਗੁਰੂ ਰਾਮਦਾਸ ਤੋਂ ਵਰੋਸਾਏ ਬਾਲ ਅਰਜਨ ਨੂੰ ਮਾਤਾ ਭਾਨੀ ਦੀ ਅਸੀਸ ਸੀ

"ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ
ਸਦਾ ਭਜਹੁ ਜਗਦੀਸੁ"

ਬ੍ਰਹਮ ਗਿਆਨੀ ਸਤਿਗੁਰੂ ਅਰਜਨ ਦੇਵ ਜੀ ਨੇ ਆਪ ਫਰਮਾਇਆ ਹੈ ਕਿ,

"ਬ੍ਰਹਮ ਗਿਆਨੀ ਕਾ ਕਥਿਆ ਨਾ ਜਾਇ ਅਧਾਖਰੁ"

ਜੇ ਬ੍ਰਹਮ ਗਿਆਨੀ ਦਾ ਅੱਧਾ ਅੱਖਰ ਵੀ ਕਥਨ ਤੋਂ ਬਾਹਰ ਹੈ ਤਾਂ ਬੇਚਾਰੇ ਸੰਸਾਰੀ ਇਤਿਹਾਸਕਾਰਾਂ ਦਾ ਗੁਰੂ ਅਰਜਨ ਦੇਵ ਜੀ ਦੀ ਜਨਮ ਮਿਤੀ ਕਥਨ ਵਿਚ ਇਕ ਮਤ ਨਾ ਹੋਣਾ ਕੋਈ ਦੋਸ਼ ਨਹੀਂ। ੧੬੧੦ ਬਿਕਰਮੀ ਹੋਵੇ ਜਾਂ ੧੬੨੦ ਗੁਰੂ ਜੀ ਦੀ ਕੀਰਤੀ ਤਾਂ ਰਹਿੰਦੇ ਸੂਰਜ ਤਕ ਕਾਇਮ ਹੈ।

ਸੇਵਾ ਸਿਮਰਣ ਅਤੇ ਸਾਹਿਤ ਦੀ ਗੁੜ੍ਹਤੀ ਤਾਂ ਉਹਨਾਂ ਨੂੰ ਘਰੋਂ ਵਿਰਾਸਤ ਵਿਚ ਹੀ ਮਿਲੀ ਅਤੇ ਇਸ ਨੂੰ ਸ਼ਹਾਦਤ ਦੀ ਸਿਖਰ ਤਕ ਉਹਨਾਂ ਆਪਣੇ ਚਿੰਤਨ ਅਤੇ ਕਰਮ ਰਾਹੀਂ ਪਹੁੰਚਾਇਆ। ਆਪਣੇ ਅਮਲ ਰਾਹੀਂ ਉਹਨਾ ਸਿਧ ਕੀਤਾ ਕਿ

"ਬ੍ਰਹਮ ਗਿਆਨੀ ਊਚ ਤੇ ਊਚਾ
ਮਨਿ ਅਪਨੈ ਹੈ ਸਭ ਤੇ ਨੀਚਾ"

ਅਤੇ ਉਹ ਪਹਿਲੇ ਗੁਰੂ ਸਪੁਤਰ ਸਨ ਜਿਹਨਾਂ ਨੂੰ ਗੁਰੂ ਨਾਨਕ ਗੁਰੂ ਪਰਨਾਲੀ ਵਿਚ ਸਤਿਗੁਰੂ ਦੀ ਪਦਵੀ ਪ੍ਰਾਪਤ ਹੋਈ।

ਗੁਰੂ ਅਤੇ ਸਿਖ ਦਾ ਰਿਸ਼ਤਾ ਬੜਾ ਪਾਵਨ ਪਵਿਤਰ ਅਤੇ ਬਾਰੀਕ ਹੈ। ਸਿਖ ਗੁਰੂ ਦੇ ਅਗੇ ਤਨ, ਮਨ, ਧਨ, ਬੁਧੀ ਅਤੇ ਕਰਮ ਸਭ ਕੁਝ ਅਰਪਿਤ ਕਰਦਾ ਹੈ ਅਤੇ ਇਸ ਦੇ ਬਦਲੇ ਉਹ ਪਿਆਰ ਮਿਲਾਪ ਅਤੇ ਦਰਸ਼ਨ ਦੀ ਲੋਚਾ ਰਖਦਾ ਹੈ। ਆਪਣੇ ਗੁਰੂ ਦੇ ਵਿਜੋਗ ਦੀ ਇਕ ਘੜੀ ਨੂੰ ਵੀ ਗੁਰੂ ਅਰਜਨ ਕਲਿਜੁਗ ਦੇ ਸਮਾਨ ਮੰਨਦੇ ਹਨ। ਇਸਦੇ ਨਾਲ ਹੀ ਉਹ ਆਪਣੇ ਸਿਖਾਂ ਦੇ ਪ੍ਰੇਮ ਅਤੇ ਘਾਲਣਾ ਦੇ ਵੀ ਕਾਇਲ ਹਨ।

ਸਿਖ ਨੂੰ ਨਾਮ ਧਨ ਦੇਣ, ਵਿਕਾਰ ਕਟਣ ਅਤੇ ਦੁਰਮਤਿ ਦੂਰ ਕਰਨ ਦੇ ਨਾਲ ਨਾਲ ਸਿਖ ਦੀ ਪ੍ਰਤਿਪਾਲਣਾ ਅਤੇ ਹਲਤ ਪਲਤ ਸਵਾਰਨ ਦਾ ਕਰਤੱਵ ਵੀ ਗੁਰੂ ਦਾ ਹੈ। ਗੁਰੂ ਅਰਜਨ ਦੇਵ ਜੀ ਨੇ ਸਿਖ ਰੂਪ ਵਿਚ ਵੀ ਅਤੇ ਗੁਰੂ ਰੂਪ ਵਿਚ ਵੀ ਇਹਨਾਂ ਰਿਸ਼ਤਿਆਂ ਦੀ ਸਾਰਥਕਤਾ ਨੂੰ ਅਮਲੀ ਰੂਪ ਦਿੱਤਾ। ਇਸ ਦੇ ਨਾਲ ਹੀ ਆਮ ਲੋਕਾਂ ਦੀ ਸੇਵਾ ਅਤੇ ਕਲਿਆਨ ਨੂੰ ਮੁਖ ਰਖਦਿਆਂ ਉਹਨਾਂ ਬਹੁਤ ਸਾਰੇ ਨਿਰਮਾਣ ਕਾਰਜ ਸਿਰੇ ਚਾੜ੍ਹੇ। ਗੁਰੂ ਅਰਜਨ ਦੇਵ ਜੀ ਨੇ ਲੋਕਾਂ ਨੂੰ ਅਧਿਆਤਮਕ ਸੇਧ ਦੇਣ ਦੇ ਨਾਲ ਨਾਲ ਅਨੇਕਾਂ ਖੂਹਾਂ, ਤਾਲਾਂ, ਨਗਰਾਂ ਆਦਿ ਦੀ ਸਿਰਜਣਾ ਕੀਤੀ।

ਸ੍ਰੀ ਅੰਮ੍ਰਿਤਸਰ ਸਾਹਿਬ ਇਸ ਵੇਲੇ ਜਗਤ ਪ੍ਰਸਿੱਧ ਸ਼ਹਿਰ ਹੈ। ਇਸ ਦਾ ਪਹਿਲਾ ਨਾਮ ਆਪ ਜੀ ਦੇ ਪਿਤਾ ਜੀ ਦੇ ਨਾਮ ਤੇ ਰਾਮਦਾਸਪੁਰ ਸੀ। ਇਸ ਸ਼ਹਿਰ ਦੀ ਸਿਫਤ ਵਿਚ ਗੁਰੂ ਅਰਜਨ ਦੇਵ ਜੀ ਦਾ ਇਕ ਸ਼ਬਦ ਹੈ-

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ
ਬਧਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ
ਵਸਦੀ ਸਘਨ ਅਪਾਰ ਅਨੂਪ ਰਾਮਦਾਸਪੁਰ
ਹਰਿਹਾਂ ਨਾਨਕ ਕਸਮਲ ਜਾਹਿ ਨਾਈਐ ਰਾਮਦਾਸਪੁਰ

ਇਸ ਪਾਵਨ ਸ਼ਹਿਰ ਵਿਚ ਪਿਤਾ ਗੁਰੂ ਰਾਮਦਾਸ ਜੀ ਵਲੋਂ ਸ਼ੁਰੂ ਕੀਤੇ ਅੰਮ੍ਰਿਤ ਸਰੋਵਰ ਨੂੰ ਗੁਰੂ ਅਰਜਨ ਦੇਵ ਜੀ ਨੇ

ਮੁਕੰਮਲ ਕਰਵਾਇਆ।

ਇਸ ਸਰੋਵਰ ਵਿਚ ਸ੍ਰੀ ਹਰਿਮੰਦਰ ਸਾਹਿਬ ਦੀ ਸੁੰਦਰ ਇਮਾਰਤ ਗੁਰੂ ਅਰਜਨ ਦੇਵ ਜੀ ਨੇ ਬਣਵਾਈ। ਹਰਿਮੰਦਰ ਸਾਹਿਬ ਜਿਥੋਂ ਨਿਕਲਦੀਆਂ ਕੀਰਤਨ ਦੀਆਂ ਧੁਨਾਂ ਹਿਰਦੇ ਨੂੰ ਪਵਿਤਰ ਕਰਦੀਆਂ ਹਨ।

ਗੁਰੂ ਰਾਮਦਾਸ ਜੀ ਵਲੋਂ ਹੀ ਆਰੰਭ ਕੀਤਾ ਸ਼ਹਿਰ ਦੇ ਨਿਰਮਾਨ ਦਾ ਕਾਰਜ ਗੁਰੂ ਅਰਜਨ ਦੇਵ ਜੀ ਨੇ ਮੁਕੰਮਲ ਕੀਤਾ। ਹਰ ਪ੍ਰਕਾਰ ਦੇ ਵਪਾਰੀਆਂ, ਕਾਰੀਗਰਾਂ ਅਤੇ ਕਿਰਤ ਕਰਨ ਵਾਲਿਆਂ ਨੂੰ ਪ੍ਰੋਤਸਾਹਿਤ ਕਰਕੇ ਇਥੇ ਵਸਾਇਆ। ਸ਼ਹਿਰ ਵਿਚ ਘਰੇਲੂ ਮਕਾਨ, ਸੜਕਾਂ ਅਤੇ ਬਾਜ਼ਾਰ ਬਣਵਾਏ।

ਸ੍ਰੀ ਅੰਮ੍ਰਿਤਸਰ ਵਿਚ ਹੀ ਸੰਤੋਖਸਰ ਸਰੋਵਰ ਨੂੰ ਸੰਪੂਰਣ ਕਰਵਾਇਆ। ਇਕ ਹੋਰ ਪ੍ਰਸਿੱਧ ਸਰੋਵਰ 'ਰਾਮਸਰ' ਦਾ ਗੁਰੂ ਜੀ ਨੇ ਨਿਰਮਾਣ ਕੀਤਾ ਅਤੇ ਆਪਣੇ ਬਾਣੀ ਵਿਚ ਦਰਜ ਕੀਤਾ।

ਨਿਤ ਪ੍ਰਤਿ ਨਾਵਣੁ ਰਾਮਸਰ ਕੀਜੈ

ਗੁਰੂ ਕੇ ਮਹੱਲ ਅਤੇ ਗੁਰੂ ਕਾ ਬਾਗ ਵੀ ਅੰਮ੍ਰਿਤਸਰ ਵਿਚ ਹੀ ਸਿਰਜੇ ਗਏ।

ਸ੍ਰੀ ਅੰਮ੍ਰਿਤਸਰ ਦੇ ਕੋਲ ਹੀ ਛੇਹਰਟਾ ਸਾਹਿਬ ਦਾ ਪ੍ਰਸਿੱਧ ਗੁਰਦੁਆਰਾ ਹੈ। ਇਹ ਪਿੰਡ ਵਡਾਲੀ ਦੀ ਜੂਹ ਵਿਚ ਬਣਵਾਇਆ ਗਿਆ ਇਕ ਵੱਡਾ ਖੂਹ ਸੀ ਜਿਸ ਵਿਚ ਛੇ ਹਰਟ ਚਲਦੇ ਸਨ। ਇਲਾਕੇ ਦੀ ਕਿਰਸਾਣੀ ਦੀ ਪਾਣੀ ਦੀ ਲੋੜ ਨੂੰ ਪੂਰਦੇ ਇਹ ਛੇ ਹਰਟ ਗੁਰੂ ਅਰਜਨ ਦੇਵ ਜੀ ਦੀ ਲੋਕ ਸੇਵਾ ਦੀ ਮੂੰਹ ਬੋਲਦੀ ਤਸਵੀਰ ਹਨ। ਇਥੇ ਹੀ ਕੁਝ ਵਿੱਥ ਤੇ ਇਕ ਤਿੰਨ ਹਰਟਾ ਖੂਹ ਵੀ ਗੁਰੂ ਜੀ ਨੇ ਬਣਵਾਇਆ।

ਸ੍ਰੀ ਅੰਮ੍ਰਿਤਸਰ ਤੋਂ ਪਛਮ ਵਲ ਤਰਨਤਾਰਨ ਦਾ ਮਸ਼ਹੂਰ ਨਗਰ ਹੈ। ਇਹ ਤੀਰਥ ਗੁਰੂ ਅਰਜਨ ਦੇਵ ਜੀ ਦੀ ਅਹਿਮ ਬਖਸ਼ਿਸ਼ ਹੈ। ਇਥੋਂ ਦਾ ਵਿਸ਼ਾਲ ਸਰੋਵਰ ਅਤੇ ਗੁਰਦੁਆਰਾ ਸਾਹਿਬ ਅਕੀਦਤ ਦੇ ਅਹਿਮ ਕੇਂਦਰ ਹਨ। ਇਸੇ ਨਗਰ ਵਿਚ ਹੀ ਕੋਹੜੇ ਰੋਗੀਆਂ ਦੀ ਸੇਵਾ ਸੰਭਾਲ ਵਾਸਤੇ ਗੁਰੂ ਜੀ ਨੇ ਇਕ ਕੁਸ਼ਟੀ ਆਸ਼ਰਮ ਖੋਹਲਿਆ ਇਸ ਕਰਕੇ ਤਰਨਤਾਰਨ ਨੂੰ ਦੁਖ ਨਿਵਾਰਨ ਦੇ ਵਿਸ਼ੇਸ਼ਣ ਨਾਲ ਵੀ ਯਾਦ ਕੀਤਾ ਜਾਂਦਾ ਹੈ।

ਇਸ ਨਗਰ ਵਿਚ ਦੋ ਖੂਹ, ਗੁਰੂ ਕਾ ਖੂਹ ਅਤੇ ਬੀਬੀ ਭਾਨੀ ਵਾਲਾ ਖੂਹ ਵੀ ਗੁਰੂ ਸਾਹਿਬ ਨੇ ਲਗਵਾਏ।

ਦੁਆਬੇ ਦੀ ਧਰਤੀ ਤੇ ਪ੍ਰਸਿੱਧ ਇਤਿਹਾਸਕ ਨਗਰ ਕਰਤਾਰਪੁਰ ਵੀ ਗੁਰੂ ਅਰਜਨ ਦੇਵ ਜੀ ਦੀ ਬਖਸ਼ਿਸ਼ ਦੁਆਰਾ ਹੋਂਦ ਵਿਚ ਆਇਆ। ਅੱਜ ਕਲ ਦਾ ਸ਼ੀਸ਼ ਮਹੱਲ ਗੁਰੂ ਕੇ ਮਹਲ ਦੇ ਰੂਪ ਵਿਚ ਆਪ ਜੀ ਨੇ ਬਣਵਾਏ ਅਤੇ ਬਾਅਦ ਵਿਚ ਆਪ ਦੇ ਸਪੁਤਰ ਗੁਰੂ ਹਰਿਗੋਬਿੰਦ ਸਾਹਿਬ ਨੇ ਵਿਕਾਸ ਕੀਤਾ। ਅੱਜ ਕਲ ਗੁਰਦੁਆਰਾ ਥੰਮ ਸਾਹਿਬ ਗੁਰੂ ਜੀ ਦੇ ਦੀਵਾਨਖਾਨੇ ਦੇ ਰੂਪ ਵਿਚ ਬਣਵਾਇਆ ਸੀ। ਇਥੋਂ ਦਾ ਮਸ਼ਹੂਰ ਗੰਗਸਰ ਕੂਆਂ ਵੀ ਗੁਰੂ ਅਰਜਨ ਦੇਵ ਜੀ ਦੀ ਚੋਣ ਹੈ।

ਲਾਹੌਰ ਵਿਚ ਜਨਮ ਅਸਥਾਨ ਗੁਰੂ ਰਾਮਦਾਸ ਜੀ ਇਕ ਦੀਵਾਨਾ ਖਾਨਾ ਅਤੇ ਇਕ ਬਾਉਲੀ ਬਣਵਾਈ।

ਗੁਰੂ ਅਰਜਨ ਜੀ ਵਲੋਂ ਸਚ ਸਿਰਜਣਾ ਵਿਚ ਸਹਾਇਕ ਨਿਰਮਾਣ ਕਾਰਜਾਂ ਦੀ ਇਹ ਇਕ ਝਲਕ ਮਾਤਰ ਹੀ ਹੈ।

ਸਾਹਿਤ ਅਤੇ ਸਭਿਆਚਾਰ ਕਿਸੇ ਕੌਮ ਜਾਤੀ ਅਥਵਾ ਦੇਸ਼ ਦੀ ਉਨਤੀ ਦੀ ਅਸਲ ਨਿਸ਼ਾਨੀ ਹੁੰਦੀ ਹੈ। ਪੰਜਾਬੀ, ਹਿੰਦੀ, ਸੰਸਕ੍ਰਿਤ ਅਤੇ ਫਾਰਸੀ ਆਦਿਕ ਭਾਸ਼ਾਵਾਂ ਦੇ ਪ੍ਰਚੰਡ ਵਿਦਵਾਨ ਗੁਰੂ ਅਰਜਨ ਦੇਵ ਜੀ ਨੇ ਜਿਥੇ ਆਪ, ਬਾਰਾ ਮਾਂਹ, ਬਾਵਨ ਅਖਰੀ, ਸੁਖਮਣੀ ਸਾਹਿਬ ਅਤੇ ਥਿਤੀ ਜਿਹੀਆਂ ਬਾਣੀਆਂ ਦੀ ਰਚਨਾ ਕੀਤੀ। ਉਥੇ ਵਖ ਵਖ ਸਿਰਲੇਖਾਂ ਹੇਠ ਸੈਂਕੜੇ ਸਲੋਕ ਵੀ ਰਚੇ।

ਗੁਰੂ ਗਰੰਥ ਸਾਹਿਬ ਵਿਚ ਦਰਜ ਸਭ ਤੋਂ ਵਧ ਸ਼ਬਦ ਰਚਣ ਦਾ ਹੀ ਆਪ ਦਾ ਸ਼੍ਰੇਅ ਨਹੀਂ ਸਗੋਂ ਸਮਕਾਲੀ ਮਹਾਂਪੁਰਖਾਂ ਦੀਆਂ ਬਾਣੀਆਂ ਨੂੰ ਦੇਸ਼ ਦੇ ਵੱਖ ਵੱਖ ਭਾਗਾਂ 'ਚੋਂ ਬਹੁਤ ਮਿਹਨਤ ਨਾਲ ਇਕੱਠਾ ਕਰਨਾ ਆਪ ਦਾ ਇਤਿਹਾਸਕ ਉਦਮ ਹੈ। ਆਪਣੇ ਪੂਰਵ ਗੁਰੂ ਸਾਹਿਬਾਨ ਦੀ ਬਾਣੀ ਨੂੰ ਪ੍ਰਾਪਤ ਕਰਨ ਲਈ ਆਪ ਨੰਗੇ ਪੈਰੀਂ ਬਾਬਾ ਮੋਹਨ ਜੀ ਦੇ ਦੁਆਰੇ ਤੇ ਗਏ ਅਤੇ ਬਾਬਾ ਜੀ ਦੀ ਸਿਫਤ ਸਲਾਹ ਕਰਕੇ ਇਹ ਬਾਣੀ ਪ੍ਰਾਪਤ ਕੀਤੀ।

ਸਮੇਂ ਸਮੇਂ ਹੋਏ ਮਹਾਂਪੁਰਖਾਂ ਪੈਗਬਰਾਂ ਨੇ ਮਨੁੱਖੀ ਏਕਤਾ ਅਤੇ ਸਹਿਹੋਂਦ ਦਾ ਹੋਕਾ ਦਿੱਤਾ ਹੈ ਪਰ ਇਸ ਏਕਤਾ ਦੇ ਸੰਕਲਪ ਨੂੰ ਗੁਰੂ ਅਰਜਨ ਦੇਵ ਜੀ ਨੇ ਆਪਣੇ ਅਮਲ ਰਾਹੀ ਜਿਹਨਾਂ ਬੁਲੰਦੀਆਂ ਤੇ ਪਹੁੰਚਾਇਆ ਉਸਦੀ ਮਿਸਾਲ ਇਤਿਹਾਸ ਵਿਚ ਢੂੰਡਿਆਂ ਨਹੀਂ ਮਿਲਦੀ।

ਉਸ ਸੀ ਸ੍ਰੀ ਆਦਿ ਗ੍ਰੰਥ ਸਾਹਿਬ ਦੀ ਬੀੜ ਦੀ ਸਿਰਜਣਾ ਅਤੇ ਸੰਪਾਦਨਾ। ਇਸ ਮਹਾਨ ਗ੍ਰੰਥ ਵਿਚ ਭਾਰਤ ਦੇ ਜੁਗਾਂ ਜੁਗਾਤਰਾਂ ਦੇ ਧਾਰਮਕ ਚਿੰਤਨ ਸੰਸਕ੍ਰਿਤੀ ਅਤੇ ਸਭਿਆਚਾਰ ਦਾ ਅਕਸ ਹੈ। ਬਗੈਰ ਕਿਸੇ ਕਰਮ ਕਾਂਡ, ਰਹੁਰੀਤ, ਵੇਸ ਭੂਸ਼ਾ ਅਤੇ ਸ਼ਕਲ ਸੂਰਤ ਨੂੰ ਮਾਨਤਾ ਦਿੱਤੀ, ਪਾਵਨ ਆਦਿ ਗ੍ਰੰਥ ਵਿਚ ਅੱਲਾ, ਰਾਮ, ਰਹੀਮ, ਕ੍ਰਿਸ਼ਨ ਹਰੀ ਬ੍ਰਹਮ ਬਿਰਾਜਮਾਨ ਹਨ।

ਭਾਰਤ ਦੇ ਸਭ ਧਰਮਾਂ, ਸਭ ਜਾਤੀਆਂ, ਸਭ ਵਰਨਾਂ ਦੇ ਬਹੁਤ ਦੂਰ ਅਤੇ ਬਹੁਤ ਨੇੜਲੇ ਇਲਾਕਿਆਂ ਦੇ ਪ੍ਰਸਿੱਧ ਵਿਚਾਰਵਾਨਾਂ ਸੰਤਾਂ, ਭਗਤਾਂ, ਕਵੀਆਂ ਦੀ ਬਾਣੀ, ਗੁਰੂ ਨਾਨਕ ਗੁਰ-ਪ੍ਰਨਾਲੀ ਦੇ ਗੁਰੂ ਸਾਹਿਬਾਨ ਦੇ ਨਾਲ ਨਾਲ ਹੀ ਗੁਰੂ ਅਰਜਨ ਦੇਵ ਜੀ ਨੇ ਸਥਾਪਤ ਕੀਤੀ।

ਗੁਰੂ ਅਰਜਨ ਦੇਵ ਜੀ ਦੇ ਆਪਣੇ ਕਥਨ

"ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸ ਚਹੁ ਵਰਨਾ ਕਉ ਸਾਂਝਾ" ਨੂੰ ਅਮਲ ਵਿਚ ਲਿਆਉਂਦਾ ਸੰਪਾਦਨਾ ਦਾ ਇਹ ਆਦਿ ਅਤੇ ਮਹਾਨ ਕਾਰਜ ਰਹਿੰਦੀ ਦੁਨੀਆਂ ਤਕ ਮਨੁੱਖੀ ਏਕਤਾ ਅਤੇ ਸ਼ਾਂਤੀ ਦੀ ਰੋਸ਼ਨੀ ਦਿੰਦਾ ਰਹੇਗਾ।

ਆਪ ਜੀ ਦਾ ਫੁਰਮਾਨ ਹੈ

ਗੁਰ ਮਿਲਿ ਚੱਜੁ ਆਚਾਰੁ ਸਿਖੁ
ਤੁਧੁ ਕਦੇ ਨ ਲਗੈ ਦੁਖੁ

ਇਸ ਚੱਜੁ ਆਚਾਰ ਜਾਂ ਸਭਿਆਚਾਰ ਦਾ ਪ੍ਰਮੁੱਖ ਅੰਗ ਹੈ ਸੰਗੀਤ। ਗੁਰੂ ਅਰਜਨ ਦੇਵ ਜੀ ਨੇ ਆਦਿ ਬੀੜ ਦੀ ਸੰਪਾਦਨਾ ਵੇਲੇ ਇਕ ਤਾਂ ਭਾਰਤ ਦੇ ਪ੍ਰਮੁੱਖ ਇਕੱਤੀ ਸ਼ਾਸਤਰੀ ਰਾਗਾਂ ਅਤੇ ਹੋਰ ਲੋਕ ਧੁਨੀਆਂ ਦੇ ਸਿਰਲੇਖ ਲਾਏ ਇਸ ਦੇ ਨਾਲ ਹੀ ਉਹਨਾਂ ਸੰਗੀਤ ਅਤੇ ਗੁਰਮਤਿ ਕੀਰਤਨ ਨੂੰ ਵਿਸ਼ੇਸ਼ ਘਰਾਨਿਆਂ ਦੇ ਘੇਰੇ 'ਚੋਂ ਕੱਢ ਕੇ ਆਮ ਜਨਾਂ ਵਿਚ ਵੰਡਿਆ। ਉਹਨਾਂ ਨੂੰ ਰਾਗ ਤਾਲ ਲੈਅ ਅਨੁਸਾਰ ਕੀਰਤਨ ਕਰਨ ਦੀ ਸਿਖਿਆ ਦਿੱਤੀ। ਗੁਰੂ ਸਾਹਿਬ ਆਪ ਸਾਰੰਦਾ ਸਾਜ਼ ਦੇ ਮਾਹਰ ਕਲਾਕਾਰ ਸਨ।

ਆਪ ਦਾ ਮਹਾਂ ਵਾਕ ਹੈ

"ਅਖੰਡ ਕੀਰਤਨ ਤਿਨਿ ਭੋਜਣ ਚੂਰਾ
ਕਹੁ ਨਾਨਕ ਜਿਸੁ ਸਤਿਗੁਰੁ ਪੂਰਾ"

ਅੱਜ ਸਿਖ ਸਮਾਜ ਵਿਚ ਜੋ ਕੀਰਤਨ ਦੀ ਪ੍ਰਧਾਨਤਾ ਹੈ ਉਸ ਦਾ ਆਰੰਭ ਤਾਂ ਗੁਰੂ ਨਾਨਕ ਦੇਵ ਜੀ ਨੇ ਕੀਤਾ ਪਰ ਉਸ ਨੂੰ ਸੰਚਾਰਨ ਪਰਚਾਰਨ ਦਾ ਕਾਰਜ ਗੁਰੂ ਅਰਜਨ ਦੇਵ ਜੀ ਨੇ ਕੀਤਾ।

ਮੌਤ ਬਾਰੇ ਭਾਰਤ ਦਾ ਪੁਰਾਣਾ ਸਿਧਾਂਤ ਹੈ ਕਿ ਆਤਮਾ ਅਮਰ ਅਜਰ ਹੈ। ਗੁਰੂ ਅਰਜਨ ਦੇਵ ਜੀ ਨੇ ਵੀ ਸਿਧਾਂਤ ਪੇਸ਼ ਕੀਤਾ ਹੈ।

ਪਵਨੈ ਮਹਿ ਪਵਨੁ ਸਮਾਇਆ
ਜੋਤੀ ਮਹਿ ਜੋਤਿ ਰਲਿ ਜਾਇਆ
ਮਾਟੀ ਮਾਟੀ ਹੋਈ ਏਕ
ਰੋਵਨ ਹਾਰੇ ਕੀ ਕਵਨ ਟੇਕ
ਕਉਣ ਮੂਆ ਰੇ ਕਉਣ ਮੂਆ
ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ
ਇਹੁ ਤਉ ਚਲਤੁ ਭਇਆ"

ਉਹਨਾਂ ਇਹ ਵੀ ਕਿਹਾ

ਸੂਰਜ ਕਿਰਣਿ ਮਿਲੇ, ਜਲ ਕਾ ਜਲ ਹੂਆ ਰਾਮ
ਜੋਤੀ ਜੋਤਿ ਰਲੀ ਸੰਪੂਰਣ ਥੀਆ ਰਾਮ

ਗੁਰੂ ਅਰਜਨ ਦੇਵ ਜੀ ਨੇ ਆਪਣੇ ਕਥਨਾਂ ਨੂੰ ਆਪਣੀ ਹਯਾਤੀ ਵਿਚ ਹੀ ਆਪਣੇ ਸਰੀਰ ਉਤੇ ਪੂਰਾ ਕਰ ਕੇ ਸਹੀ ਸਿਧ ਕੀਤਾ। ਆਪ ਦੀ ਅਮਰ ਅਤੇ ਲਾਸਾਨੀ ਸ਼ਹਾਦਤ ਦੇ ਕਈ ਕਾਰਨ ਹੋ ਸਕਦੇ ਹਨ। ਸਮੇਂ ਦੀ ਮੁਗਲ ਹਕੂਮਤ ਦੇ ਬਾਦਸ਼ਾਹ ਜਹਾਂਗੀਰ ਦਾ ਤੁਅਸੁਬ, ਗੁਰੂ ਸਾਹਿਬ ਦੇ ਆਪਣੇ ਹੀ ਵਡੇ ਭਰਾ ਪ੍ਰਿਥੀ ਚੰਦ ਦੀ ਈਰਖਾ, ਹਕੂਮਤ ਦੇ ਅਹਿਲਕਾਰ ਚੰਦੂ ਦੀ ਜ਼ਾਤੀ ਰੰਜਸ਼ ਅਤੇ ਗੁਰੂ ਸਾਹਿਬ ਦੀ ਸਮੁਚੇ ਦੇਸ਼ ਦੇ ਸਭ ਵਰਗਾਂ ਵਿਚ ਫੈਲੀ ਕੀਰਤੀ ਪਰ ਸ਼ਬਦਾਂ ਦੀ ਸਮਰਥਾ ਤੋਂ ਬਾਹਰ ਹੈ ਗੁਰੂ ਕਥਨ ਦੀ ਗਲ ਜਿਵੇਂ ਗੁਰੂ ਅਰਜਨ ਦੇਵ ਜੀ ਨੇ ਆਪਣੇ ਜੀਵਨ ਦੀ ਸੰਪੂਰਨਤਾ ਦੀ ਸਿਖਰ ਦੁਨੀਆ ਸਾਹਮਣੇ ਪੇਸ਼ ਕੀਤੀ।

ਸਭ ਤੋਂ ਗਰਮ ਰੁਤ, ਈਰਖਾ ਵਿਚ ਭੁੱਜੇ ਹੋਏ ਜ਼ਾਲਮ ਅਹਿਲਕਾਰ, ਉਬਲਦੇ ਪਾਣੀ ਦੀ ਦੇਗ ਵਿਚ ਬੈਠੇ ਗੁਰੂ ਅਰਜਨ ਲੋਹੇ ਦੀ ਤਪਦੀ ਤਵੀ ਉਤੇ ਆਸਨ ਲਾਈ ਬੈਠੇ ਗੁਰੂ ਅਰਜਨ। ਸਿਰ ਵਿਚ ਸੜਦੀ ਰੇਤ ਦਾ ਸੇਕ ਸਹਿ ਰਹੇ ਗੁਰੂ ਅਰਜਨ ਅਤੇ ਅੰਤ ਵਿਚ ਦਰਿਆ ਰਾਵੀ ਵਿਚ ਅਚਲ ਸਮਾਧੀ ਸਥਿਤ ਗੁਰੂ ਅਰਜਨ।

ਕੁਲ ਦੁਨੀਆ ਤੋਂ ਆਪਣੇ ਸੱਚ ਦੀ ਪੁਸ਼ਟੀ ਕਰਵਾਉਂਦੇ ਗੁਰੂ ਅਰਜਨ।

ਪਓਣ ਵਿਚ ਪਉਣ, ਸੂਰਜ ਵਿਚ ਕਿਰਨ, ਪਾਣੀ ਵਿਚ ਪਾਣੀ ਅਤੇ ਪਰਮਜੋਤ ਵਿਚ ਜੋਤ ਰਲਦੀ ਪ੍ਰਤੱਖ ਦਿਖਾਉਂਦੇ ਗੁਰੂ ਅਰਜਨ।

ਇਕ ਹੋਰ ਕਥਨ ਦੀ ਪੁਖਤਗੀ ਦਸਦੇ ਗੁਰੂ ਅਰਜਨ?

ਤੇਰਾ ਕੀਆ ਮੀਠਾ ਲਾਗੈ
ਹਰਿ ਨਾਮ ਪਦਾਰਥ ਨਾਨਕ ਮਾਂਗੈ

ਇਸ ਅੰਤਾਂ ਦੀ ਗਰਮੀ ਅਤੇ ਜ਼ੁਲਮ ਵਿਚ ਸ਼ਾਂਤ ਰਹਿ ਕੇ ਆਪਣੇ ਅਨੇਕਾਂ ਕਥਨਾਂ ਦੀ ਪੁਸ਼ਟੀ ਕਰਾਉਂਦੇ ਗੁਰੂ ਅਰਜਨ

ਚੰਦਨ ਚੰਦ ਨ ਸਰਦ ਰੁਤਿ ਮੂਲਿ ਨ ਮਿਟਈ ਘਾਂਮ
ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮ

ਅਤੇ

ਤਾਤੀ ਵਾਉ ਨ ਲਾਗਈ ਪਾਰ ਬ੍ਰਹਮ ਸਰਣਾਈ।

ਨਾਮ ਦੀ ਅਥਾਹ ਸ਼ਕਤੀ ਦਾ ਸਬੂਤ ਗੁਰੂ ਅਰਜਨ ਦੇਵ ਜੀ ਨੇ ਤੱਤੀਆਂ ਤੱਵੀਆਂ ਤੇ ਸ਼ਾਂਤ ਰਹਿ ਕੇ ਦਿੱਤਾ। ਉਹਨਾਂ ਆਪਣੀ ਸਾਰੀ ਬਾਣੀ ਦੇ ਸੱਚ ਨੂੰ ਆਪਣੇ ਕਰਤਵ ਦੀ ਕਸਵਟੀ ਤੇ ਨਿਰਖ ਪਰਖ ਕੇ ਲੋਕਾਂ ਸਾਹਮਣੇ ਪੇਸ਼ ਕੀਤਾ।

ਪੂਰਣ ਬ੍ਰਹਮ ਗਿਆਣੀ ਸਤਿਗੁਰੂ ਅਰਜਨ ਦੇਵ ਜੀ ਨੇ ਬ੍ਰਹਮ ਗਿਆਨੀ ਦੇ ਲਛਣ ਦਸਦਿਆਂ ਫੁਰਮਾਇਆ ਹੈ

"ਮਨਿ ਸਾਚਾ ਮੁਖਿ ਸਾਚਾ ਸੋਇ
ਅਵਰੁ ਨ ਪੇਖੈ ਏਕਸੁ ਬਿਨੁ ਕੋਇ
ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ"

ਬ੍ਰਹਮ ਗਿਆਨੀ ਗੁਰੂ ਅਰਜਨ ਦੀ ਘਾਲ ਦਾ ਮੁਲਾਂਕਣ ਕੌਣ ਕਰ ਸਕਦਾ ਹੈ

ਬ੍ਰਹਮ ਗਿਆਨੀ ਕੀ ਮਿਤਿ ਕਉਨੁ ਬਖਾਨੈ
ਬ੍ਰਹਮ ਗਿਆਨੀ ਕੀ ਗਤਿ ਬ੍ਰਹਮ ਗਿਆਨੀ ਜਾਨੈ।

ਲੋਕਤੰਤਰ ਖ਼ਤਰੇ ਵਿਚ

—ਡਾ. ਨਰੇਸ਼

ਪਿਛਲੇ ਕਈ ਦਹਾਕਿਆਂ ਤੋਂ ਕੇਂਦਰ ਅਤੇ ਰਾਜ ਸਰਕਾਰਾਂ ਦੇ ਗਠਨ ਵਿਚ ਬੜੀ ਭਾਰੀ ਤਬਦੀਲੀ ਆਈ ਹੈ। ਨਹਿਰੂ-ਇੰਦਰਾ ਵੇਲੇ ਕਾਂਗਰਸੀ ਰਾਜ ਪ੍ਰਣਾਲੀ ਰਿੜ੍ਹਦੀ-ਰੰਗੜ੍ਹਦੀ ਪੀ.ਵੀ. ਨਰਸਿਮਾ ਰਾਓ ਦੇ ਸਮੇਂ ਤੱਕ ਤੁਰਦੀ ਰਹੀ ਪਰ ਅਖੀਰ ਇਸਦਾ ਭੋਗ ਪੈ ਗਿਆ। ਹਾਲ ਦੀ ਘੜੀ ਜਾਪ ਰਿਹਾ ਹੈ ਕਿ ਸ਼ਾਇਦ ਦੇਸ਼ ਵਿਚੋਂ ਇਕ ਪਾਰਟੀ ਦੀ ਸਰਕਾਰ ਦਾ ਪ੍ਰਚਲਨ ਮੁੱਕ ਗਿਆ ਹੈ। ਇਸਦੀ ਥਾਂ ਤੇ ਮਿਲੀ-ਜੁਲੀ ਸਰਕਾਰ, ਸਾਂਝਾ ਮੋਰਚਾ ਸਰਕਾਰ ਜਾਂ ਬਹੁਦਲੀ ਸਰਕਾਰ ਦੇ ਸੰਕਲਪ ਨੇ ਪੀੜ੍ਹਾ ਮੱਲ ਲਿਆ ਹੈ। ਮੇਰੀ ਚਿੰਤਾ ਇਹ ਨਹੀਂ ਹੈ ਕਿ ਸਰਕਾਰ ਕੌਣ ਬਣਾਉਂਦਾ ਹੈ ਜਾਂ ਸਰਕਾਰ ਕਿਹੋ ਜਿਹੀ ਬਣਦੀ ਹੈ। ਮੇਰੀ ਚਿੰਤਾ ਇਹ ਹੈ ਕਿ ਆਜਾਦੀ ਤੋਂ ਮਗਰੋਂ ਅਸੀਂ ਜਿਸ ਰਾਜ-ਪ੍ਰਣਾਲੀ ਅਰਥਾਤ ਲੋਕਤੰਤਰ ਨੂੰ ਉਤਮ ਸਮਝ ਕੇ ਆਪਣੇ ਲਈ ਮਿਥਿਆ ਸੀ, ਉਸਦਾ ਕੀ ਬਣੇਗਾ?

ਪਿਛਲੀਆਂ ਕਈ ਆਮ ਚੋਣਾਂ ਵਿਚ ਇਸ ਦੇਸ਼ ਦੇ ਲਗਭਗ ਅੱਧੇ ਬਾਲਗ ਵੋਟਰਾਂ ਨੇ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਨਹੀਂ ਕੀਤੀ ਹੈ। ਇਕ ਅਜੀਬ ਕਿਸਮ ਦੀ ਸਨਕੀ ਸੋਚ ਸਾਡੇ ਸਮਾਜ ਤੇ ਹਾਵੀ ਹੋ ਰਹੀ ਹੈ। ਇੱਕ ਅਜੀਬ ਹੀ ਉਦਾਸੀ ਪੈਦਾ ਹੋ ਰਹੀ ਹੈ ਕਿ 'ਚੱਲੋ ਛੱਡੋ, ਮੈਂ ਕੀ ਲੈਣਾ ਹੈ ਵੋਟਾਂ ਤੋਂ, ਸਾਰੇ ਹੀ ਚੋਰ ਹਨ, ਕਿਸਨੂੰ ਵੋਟ ਦੇਈਏ; ਮੇਰੀ ਇੱਕ ਵੋਟ ਨਾਲ ਕੀ ਫਰਕ ਪੈਣ ਲੱਗਾ ਹੈ, ਹੈ ਕੌਣ ਜਿਸਨੂੰ ਵੋਟ ਦੇਣ ਜਾਈਏ— ਆਦਿ ਪ੍ਰਤੀਕਰਮ ਆਮ ਵੇਖਣ ਸੁਣਨ 'ਚ ਆ ਰਿਹਾ ਹੈ।

ਮੈਨੂੰ ਇਸ ਤੋਂ ਇਨਕਾਰ ਨਹੀਂ ਕਿ ਸਾਡੀ ਰਾਜਨੀਤੀ ਵਿਚ ਆਇਆ ਭ੍ਰਿਸ਼ਟਾਚਾਰ, ਚੋਣਾਂ ਦਾ ਵਪਾਰਕ ਸੰਸਥਾਵਾਂ ਵਾਂਗ ਬਣਿਆ ਜੱਦੀ-ਪੁਸ਼ਤੀ ਪੇਸ਼ਾ, ਇਨਸਾਫ ਦੀ ਪ੍ਰਕ੍ਰਿਆ ਦੀ ਸੁਸਤ-ਰਫਤਾਰੀ, ਸਿਫ਼ਾਰਸ਼ ਅਤੇ ਰਿਸ਼ਵਤ ਦੀ ਚੜ੍ਹਤ ਆਦਿ ਨੇ ਭਾਰਤੀ ਸਮਾਜ ਨੂੰ, ਵਿਸ਼ੇਸ਼ ਤੌਰ 'ਤੇ ਭਾਰਤੀ ਮੱਧ ਵਰਗ ਨੂੰ ਵਰਤਮਾਨ ਸ਼ਾਸਨ ਵਿਧਾਨ ਤੋਂ ਉਪਰਾਮ ਕਰ ਛੱਡਿਆ ਹੈ, ਪਰ ਕੀ ਇਹ ਉਦਾਸੀ ਸਾਡੇ ਬਿਮਾਰ ਲੋਕਤੰਤਰ ਦਾ ਇਲਾਜ ਹੈ? ਕੀ ਆਪਣੇ ਆਪ ਨੂੰ ਚੋਣਾਂ ਤੋਂ ਲਾਂਭੇ ਰੱਖਣ ਨਾਲ ਅਸੀਂ ਦੇਸ਼ ਦਾ ਕੁਝ ਸੁਆਰ ਰਹੇ ਹਾਂ ?

ਫ਼ਰਾਰ ਦੀ ਰਾਹ ਅਮਲ ਦੀ ਰਾਹ ਨਾਲੋਂ ਸਦਾ ਹੀ ਸੌਖੀ ਹੁੰਦੀ ਹੈ। ਪਰ ਅਸੀਂ ਫ਼ਰਾਰ ਹੋ ਕੇ ਜਾ ਕਿੱਧਰ ਨੂੰ ਰਹੇ ਹਾਂ ? ਕੀ ਸਾਡੇ ਕੋਲ ਲੋਕਤੰਤਰ ਦਾ ਕੋਈ ਬਿਹਤਰ ਬਦਲ ਹੈ ? ਜਿਸ ਤੇਜ਼ੀ ਨਾਲ ਸਾਡਾ ਸਮਾਜ ਲੋਕਤੰਤਰ ਨਾਲੋਂ ਟੁੱਟ ਰਿਹਾ ਹੈ, ਉਸਦੇ ਨਾਲ ਤਾਂ ਸ਼ਾਇਦ ਅਸੀਂ ਅਰਾਜਕਤਾ ਵੱਲ ਵਧ ਰਹੇ ਹਾਂ।



ਇਸ ਵਿਚ ਸ਼ੱਕ ਨਹੀਂ ਕਿ ਲੋਕਤੰਤਰ ਸਿਖਿਅਤ, ਸੱਭਿਅਕ ਕੌਮਾਂ ਲਈ ਹੁੰਦਾ ਹੈ, ਸਾਡੇ ਵਰਗੇ ਅਨਪੜ੍ਹ, ਪੱਛੜੇ, ਬਹੁਭਾਸ਼ੀ, ਬਹੁਧਰਮੀ ਦੇਸ਼ ਲਈ ਨਹੀਂ ਪਰ ਹੁਣ ਤਾਂ ਉਸਨੂੰ ਅਪਣਾਇਆਂ ਅੱਧੀ ਸਦੀ ਲੰਘ ਚੁੱਕੀ ਹੈ। ਹਾਲਾਂਕਿ ਅੱਧੀ ਸਦੀ ਵੀ ਕਿਸੇ ਕੌਮ ਦੀ ਜ਼ਿੰਦਗੀ ਵਿਚ ਕੋਈ ਵੱਡਾ ਸਮਾਂ ਨਹੀਂ ਹੁੰਦੀ, ਪਰ ਜਨਤਾ ਨੂੰ ਮਿਲੀ ਪੰਜਾਹ ਵਰ੍ਹਿਆਂ ਦੀ ਲੋਕਤੰਤਰਿਕ ਸਿਖਲਾਈ ਨੂੰ ਵੀ ਭੰਗ ਦੇ ਭਾੜੇ ਨਹੀਂ ਰੋੜ੍ਹਿਆ ਜਾ ਸਕਦਾ।

ਲੋੜ ਹੈ ਕਮਰਕੱਸੇ ਕਰਨ ਦੀ। ਲੋੜ ਹੈ ਆਪਣੇ ਜਮਹੂਰੀ ਹੱਕ ਦੀ ਵਰਤੋਂ ਕਰਨ ਦੀ ਤੇ ਆਪਣੇ ਹੱਕਾਂ 'ਤੇ ਪਹਿਰਾ ਦੇਣ ਦੀ। ਕਬੂਤਰ ਦੇ ਅੱਖਾਂ ਮੀਟ ਲੈਣ ਨਾਲ ਬਿੱਲੀ ਨਹੀਂ ਮੁੜ ਜਾਂਦੀ। ਵੋਟ ਤੋਂ ਬੇਮੁਖ ਹੋਣ ਨਾਲ ਸਰਕਾਰ ਦਾ ਬਣਨਾ ਨਹੀਂ ਰੁਕ ਜਾਣਾ। ਸਰਕਾਰਾਂ ਤਾਂ ਵੀਹ ਫ਼ੀਸਦੀ ਵੋਟਾਂ ਨਾਲ ਵੀ ਬਣ ਜਾਂਦੀਆਂ ਹਨ, ਬਣ ਚੁੱਕੀਆਂ ਹਨ। ਵੇਖਣਾ ਤਾਂ ਇਹ ਹੈ ਕਿ ਚੋਣ-ਵਪਾਰ ਵਿਚ ਪੈਦਾ ਹੋਈ ਇਜਾਰੇਦਾਰੀ ਨੂੰ ਕਿਵੇਂ ਠੱਲ੍ਹ ਪਾਉਣੀ ਹੈ। ਵਿਚਾਰਯੋਗ ਮੁੱਦਾ ਤਾਂ ਇਹ ਹੈ ਕਿ ਸਰਕਾਰ ਨੂੰ ਕਿਵੇਂ ਲੋਕਾਂ ਪ੍ਰਤੀ ਜਵਾਬਦੇਹ ਬਣਾਉਣਾ ਹੈ। ਸੋਚਣ ਦੀ ਗੱਲ ਤਾਂ ਇਹ ਹੈ ਕਿ ਅਸੀਂ ਜਵਾਬ-ਤਲਬੀ ਦਾ ਆਪਣਾ ਹੱਕ ਕਿਵੇਂ ਕਾਇਮ ਕਰਨਾ ਹੈ। ਜੇਕਰ ਅਸੀਂ ਇਸ ਪ੍ਰਣਾਲੀ ਤੋਂ ਹੀ ਲਾਂਭੇ ਹੋ ਜਾਂਦੇ ਹਾਂ ਤਾਂ ਸਾਨੂੰ ਜਵਾਬ-ਤਲਬੀ ਦਾ ਹੱਕ ਵੀ ਕਿਥੋਂ ਪ੍ਰਾਪਤ ਹੋਣਾ ਹੈ।

ਬੜੀ ਲੰਮੀ ਗੁਲਾਮੀ ਭੋਗ ਚੁੱਕੇ ਹਾਂ ਅਸੀਂ। ਸਾਮੰਤਵਾਦ ਦੇ ਅਸਹਿ-ਅਕਹਿ ਜ਼ੁਲਮਾਂ ਨੂੰ ਸਾਡੇ ਪੁਰਖਿਆਂ ਨੇ ਰੱਬ ਦਾ ਭਾਣਾ ਮੰਨ ਕੇ ਝੱਲਿਆ ਸੀ ਕਿਉਂਕਿ ਉਨ੍ਹਾਂ ਕੋਲ ਸਰਕਾਰ ਚੁਣਨ ਦਾ ਅਧਿਕਾਰ ਨਹੀਂ ਸੀ। ਕੀ ਅਸੀਂ ਵੀ ਆਪਣੇ ਪੁਰਖਿਆਂ ਵਾਂਗ ਜੋ ਹੋ ਰਿਹਾ ਹੈ, ਉਸਨੂੰ ਕੁਦਰਤ ਦਾ ਭਾਣਾ ਮੰਨਣ ਲਈ ਤਿਆਰ ਹਾਂ ? ਨਿਸ਼ਚੇ ਹੀ ਅਸੀਂ ਅਜਿਹਾ ਨਹੀਂ ਕਰ ਸਕਦੇ ਕਿਉਂਕਿ ਅਸੀਂ ਆਪਣੇ ਪੁਰਖਿਆਂ ਦੇ ਮੁਕਾਬਲੇ ਸਿਆਸੀ ਤੌਰ 'ਤੇ ਵਧੇਰੇ ਜਾਗ੍ਰਿਤ ਹਾਂ। ਪਰ ਇਸ ਜਾਗ੍ਰਿਤੀ ਨੂੰ ਕਾਇਮ ਰੱਖਣ ਲਈ ਲੋਕਤੰਤਰ ਦਾ ਜ਼ਿੰਦਾ ਰਹਿਣਾ ਅਤਿ ਜ਼ਰੂਰੀ ਹੈ। ਲੋਕਤੰਤਰ ਦੀ ਬੁਨਿਆਦ ਹੀ ਸਾਰੇ ਲੋਕਾਂ ਦੀ ਸ਼ਮੂਲੀਅਤ ਹੈ। ਪੰਜਾਹ ਫੀਸਦੀ ਲੋਕ ਜੇਕਰ ਇਸ ਵਿਚ ਸ਼ਾਮਿਲ ਹੋਣੋਂ ਇਨਕਾਰੀ ਹੋ ਰਹੇ ਹਨ ਤਾਂ ਪਰਜਾਤੰਤਰ ਦਾ ਆਧਾਰ ਹਿੱਲਣ ਵਿਚ ਦੇਰ ਨਹੀਂ ਲੱਗਣੀ।

੧੯੯, ਸੈਕਟਰ-੧੨, ਪੰਚਕੂਲਾ-੧੩੪੧੦੯

ਕਲਮਾਂ ਵਾਲੜਿਉ, ਕੀ ਥੋਡਾ ਸਿਰਨਾਵਾਂ ਹੋ!

-ਗੁਰਬਚਨ ਸਿੰਘ ਭੁੱਲਰ



(ਵਰਤਮਾਨ ਦੌਰ ਵਿਚ ਕ੍ਰਿਕਟ ਦਾ ਬੋਲਬਾਲਾ ਹੈ। ਸਰਕਾਰਾਂ ਅਤੇ ਸੰਚਾਰ-ਮਾਧਿਅਮ ਇਸ ਅੱਗੇ ਨਤਮਸਤਕ ਹਨ। ਰਾਜਨੀਤੀ ਸਭ ਕੁਛ ਦੀ ਚੂਲ ਹੈ। ਸਰਕਾਰ ਰਾਜਨੀਤੀ ਦੀ ਸਿਖਰ ਹੈ। ਸੰਚਾਰ-ਮਾਧਿਅਮਾਂ ਵੱਲੋਂ, ਖਾਸ ਕਰਕੇ ਟੈਲੀਵਿਜ਼ਨ ਵੱਲੋਂ ਹਰ ਘਰ-ਪਰਿਵਾਰ ਦੇ ਅੰਦਰ ਬੈਠ ਕੇ ਆਪਣਾ ਦਬਦਬਾ ਤੇ ਪ੍ਰਭਾਵ ਨਿਰੰਤਰ ਕਾਇਮ ਰਖਿਆ ਜਾਂਦਾ ਹੈ। ਆਮ ਜਨਤਾ ਲਈ ਤਾਂ ਹੁਣ ਸਰਕਾਰ ਤੇ ਸੰਚਾਰ ਮਾਧਿਅਮ ਹੀ ਪਥ-ਪ੍ਰਦਰਸ਼ਕ ਹਨ। ਜਿਧਰ ਉਹ ਤੋਰਦੇ ਹਨ, ਲੋਕ ਉਧਰ ਤੁਰ ਪੈਂਦੇ ਹਨ। ਸਰਕਾਰਾਂ ਕ੍ਰਿਕਟ ਨੂੰ ਮੋਢਿਆਂ ਉੱਤੇ ਬਿਠਾਉਂਦੀਆਂ ਹਨ, ਤਾਂ ਸੰਚਾਰ-ਮਾਧਿਅਮ ਉਹਨੂੰ ਸਿਰ ਉੱਤੇ ਬਿਠਾਉਂਦੇ ਹਨ। ਖੇਡਾਂ ਦੇ ਖੇਤਰ ਵਿਚ ਇਹ ਅਜਿਹਾ ਬੋਹੜ ਹੈ ਜਿਸਨੇ ਹੋਰ ਸਾਰੇ ਬਿਰਛ-ਬੂਟੇ ਅਣਹੋਂਦੇ ਬਣਾ ਦਿੱਤੇ ਹਨ। ਹਰੇਕ ਕ੍ਰਿਕਟਰ ਕਰੋੜਾਂ ਵਿਚ ਖੇਡਦਾ ਹੈ ਜਦੋਂ ਕਿ ਹਾਕੀ, ਫੁੱਟਬਾਲ ਤੇ ਹੋਰ ਖੇਡਾਂ ਦੇ ਖਿਡਾਰੀ ਆਪਣੀ ਖੇਡ ਦੀਆਂ ਸਾਧਾਰਨ ਲੋੜਾਂ ਤੋਂ ਵੀ ਵਿਰਵੇ ਰਹਿੰਦੇ ਹਨ।

ਇਸ ਹਾਲਤ ਵਿਚ ਸਾਹਿਤ ਅਤੇ ਸਭਿਆਚਾਰ ਵੀ ਕਦਰ-ਕੀਮਤ, ਪ੍ਰਸੰਸਾ ਤੇ ਧਿਆਨ ਦੇ ਕੇਂਦਰ ਤੋਂ ਲਾਂਭੇ ਕਰ ਦਿੱਤੇ ਗਏ ਹਨ। ਸਾਹਿਤ ਤੇ ਸਭਿਆਚਾਰ ਸ਼ਬਦ ਦੇ ਰਾਖੇ ਹਨ। ਸ਼ਬਦ ਨੂੰ ਤੀਜੀ ਪਾਤਸ਼ਾਹੀ ਨੇ "ਸਬਦ ਮਿਲਹਿ ਤਾ ਹਰਿ ਮਿਲੈ..." ਅਤੇ "ਬਿਨੁ ਸਬਦ ਪਿਰੁ ਨ ਪਾਈਐ..." ਦਾ ਉੱਚਾ ਦਰਜਾ ਦਿੱਤਾ ਹੈ। ਇਸ ਸਾਰੀ ਹਾਲਤ ਨੂੰ ਪਾਠਕ-ਪਿਆਰੇ ਸਾਹਿਤਕਾਰ ਗੁਰਬਚਨ ਸਿੰਘ ਭੁੱਲਰ ਨੇ ਆਪਣੇ ਇਸ ਲੇਖ ਵਿਚ ਬੜੀ ਸੁਚੱਜਤਾ ਨਾਲ ਉਜਾਗਰ ਕੀਤਾ ਹੈ। ਪ੍ਰਸਿੱਧ ਕਹਾਣੀਕਾਰ, ਉੱਤਮ ਵਾਰਤਿਕਕਾਰ ਅਤੇ ਸਮਾਜਕ-ਰਾਜਨੀਤਕ ਮਾਮਲਿਆਂ ਦੇ ਸੂਝਵਾਨ ਟਿੱਪਣੀਕਾਰ ਹੋਣ ਤੋਂ ਇਲਾਵਾ ਉਹਨਾਂ ਦੇ ਵਿਅੰਗ ਦਾ ਆਪਣਾ ਹੀ ਡੰਗ, ਪ੍ਰਭਾਵ ਤੇ ਅਨੰਦ ਹੈ। ਉਹਨਾਂ ਦੀਆਂ ਲਿਖਤਾਂ ਦਾ ਨਰੋਆ ਸਭਿਆਚਾਰਕ ਆਧਾਰ ਉਹਨਾਂ ਨੂੰ ਵਧੀਕ ਸ਼ਕਤੀਸ਼ਾਲੀ ਬਣਾ ਦਿੰਦਾ ਹੈ।

-ਸੰਪਾਦਕ

ਬਾਦਲ ਸਾਹਿਬ ਨੇ ਕ੍ਰਿਕਟ-ਖਿਡਾਰੀ ਯੁਵਰਾਜ ਸਿੰਘ ਨੂੰ ਪੰਜਾਬ ਸਰਕਾਰ ਵੱਲੋਂ ਵੀਹ ਕਿੱਲੇ ਜ਼ਮੀਨ ਭੇਟ ਕਰਨ ਦਾ ਐਲਾਨ ਕੀਤਾ ਹੈ। ਇਹ ਜ਼ਮੀਨ ਦੇਣੀ ਹੀ ਚਾਹੀਦੀ ਸੀ। ਕ੍ਰਿਕਟ ਮਾਇਆਧਾਰੀਆਂ ਦੀ ਖੇਡ ਹੈ ਅਤੇ ਇਹਦੀ ਮਾਇਆ ਦੀ ਗਿਣਤੀ ਵੀ ਕਰੋੜਾਂ-ਅਰਬਾਂ ਵਿਚ ਹੁੰਦੀ ਹੈ। ਕ੍ਰਿਕਟ ਅਨੇਕ ਲੋਕਾਂ ਦਾ ਧਿਆਨ ਉਹਨਾਂ ਸਾਹਮਣੇ ਅਤੇ ਦੇਸ ਸਾਹਮਣੇ ਖੜ੍ਹੇ ਮਸਲਿਆਂ ਤੋਂ ਲਾਂਭੇ ਹਟਾਉਂਦੀ ਹੈ। ਕ੍ਰਿਕਟ ਕੌਮੀ ਖੇਡ ਹਾਕੀ ਸਮੇਤ ਸਭ ਪੁਰਾਣੀਆਂ ਤੇ ਪ੍ਰੰਪਰਾਗਤ ਖੇਡਾਂ ਨੂੰ ਮਾਰ ਕੇ ਤੇ ਉਹਨਾਂ ਦੇ ਖਿਡਾਰੀਆਂ ਨੂੰ ਥਾਂ-ਸਿਰ ਰੱਖ ਕੇ ਚਾਂਭਲਣ ਤੋਂ ਅਤੇ ਸਰਕਾਰੋਂ ਕੁਛ ਮੰਗਣ ਤੋਂ ਰੋਕਦੀ ਹੈ। ਵੈਸੇ ਵੀ ਉਹ ਸਭ ਖੇਡਾਂ ਆਮ ਲੋਕਾਂ ਦੇ ਮੁੰਡੇ-ਖੁੰਡੇ ਖੇਡਦੇ ਹਨ ਜਿਨ੍ਹਾਂ ਬਾਰੇ ਕਹਾਵਤ ਹੈ, ਨੰਗ ਪੁੱਤ, ਚੋਰਾਂ ਨਾਲ ਖੇਡੇ! ਨਾਲੇ, ਕ੍ਰਿਕਟ ਦਾ ਬੱਲਾ ਬੜੀ ਸਾਊ ਚੀਜ਼ ਹੈ। ਸਾਡੇ ਸਿਆਸਤਦਾਨ ਕੁਛ ਵੀ ਕਰਦੇ ਰਹਿਣ, ਬੱਲਾ ਗ਼ੈਰਹਾਜ਼ਰ ਰਹਿੰਦਾ ਹੈ। ਬੱਲੇ ਦਾ ਸਿਧਾਂਤ ਹੈ, ਕੋਈ ਮਰੇ, ਕੋਈ ਜੀਵੇ, ਸੁਥਰਾ ਘੋਲ ਪਤਾਸੇ ਪੀਵੇ! ਬੱਲਾ ਗਾਂਧੀਵਾਦੀ ਹੈ। ਉਹ ਗਾਂਧੀ ਜੀ ਦੇ ਤਿੰਨਾਂ ਬਾਂਦਰਾਂ ਵਾਂਗ ਸਾਡੇ ਸਿਆਸਤਦਾਨਾਂ ਦਾ ਕੀਤਾ ਨਾ ਕੁਛ ਦੇਖਦਾ ਹੈ, ਨਾ ਉਸ ਬਾਰੇ ਕੁਛ ਸੁਣਦਾ ਹੈ ਤੇ ਨਾ ਉਸ ਉੱਤੇ ਕੋਈ ਟਿੱਪਣੀ ਕਰਦਾ ਹੈ। ਭਲਾ ਕੌਣ ਨੇਤਾ ਹੋਵੇਗਾ ਜੋ ਅਜਿਹੀ ਭੋਲੀ-ਭਾਲੀ, ਹਾਨੀਰਹਿਤ ਚੀਜ਼ ਨੂੰ ਪਿਆਰੇ-ਸਤਿਕਾਰੇਗਾ ਨਹੀਂ ਅਤੇ ਵੀਹ ਕਿੱਲੇ ਜ਼ਮੀਨ ਨਹੀਂ ਦੇਵੇਗਾ!

ਦੂਜੇ ਪਾਸੇ ਕਲਮ ਹੈ। ਪਾਟਿਆ ਮੂੰਹ, ਪੁੱਠੀ ਮੱਤ! ਬਾਬੇ ਬੁੱਲ੍ਹੇ ਸ਼ਾਹ ਨੇ "ਮੂੰਹ ਆਈ ਬਾਤ ਨਾ ਰਹਿੰਦੀ ਹੈ" ਕੀ ਲਿਖ ਦਿੱਤਾ, ਕਲਮ ਨੇ ਉਹਨੂੰ ਆਪਣਾ ਨੀਤੀ-ਵਾਕ ਬਣਾ ਲਿਆ ਅਤੇ ਪੁੱਠਾ-ਸਿੱਧਾ ਬੋਲਣੋਂ ਹਟਦੀ ਹੀ ਨਹੀਂ। ਗਾਂਧੀ ਜੀ ਦੇ ਕ੍ਰਿਕਟੀ ਬਾਂਦਰਾਂ ਦੇ ਉਲਟ ਇਹ ਐਸੀ ਚੰਦਰੀ ਹੈ, ਨਾ ਅੱਖਾਂ ਬੰਦ ਰੱਖੇ, ਨਾ ਕੰਨਾਂ ਵਿਚ ਰੂੰ ਦੇਵੇ ਤੇ ਨਾ ਚੁੱਪ ਰਹਿ ਸਕੇ। ਜਿਉਂ ਹੀ ਕੋਈ ਨੇਤਾ ਕੁਛ ਉਲਟਾ-ਸਿੱਧਾ ਕਰਦਾ ਹੈ, ਕਲਮ ਅੱਖਾਂ ਪਾੜ ਪਾੜ ਝਾਕਦੀ ਹੈ, ਕੰਨ ਅੱਗੇ ਕਰ ਕਰ ਸੋਆਂ ਲੈਂਦੀ ਹੈ ਤੇ ਝੱਟ ਕੁਛ ਨਾ ਕੁਛ ਬੋਲਣ ਲਈ ਇਹਦੀ ਜੀਭ ਉੱਤੇ ਜਲੂਣ ਹੋਣ ਲਗਦੀ ਹੈ। ਇਹ ਮੌਕੇ-ਬੇਮੌਕੇ ਉਟਪਟਾਂਗ ਬੋਲਦੀ ਰਹਿਣ ਵਾਲੀ ਉਸ ਬੁੜ੍ਹੀ ਵਰਗੀ ਹੈ ਜਿਸਦੀ ਕਿਸੇ ਚੰਦਰੀ ਟਿੱਪਣੀ ਤੋਂ ਬਚਣ ਲਈ ਉਹਨੂੰ ਪੋਤੇ ਦੀ ਸਿਹਰਾਬੰਦੀ ਵੇਲੇ ਕਮਰੇ ਵਿਚ ਬੰਦ ਕਰ ਦਿੱਤਾ ਗਿਆ ਸੀ ਅਤੇ ਉਹ ਚਾਬੀ ਵਾਲੀ ਮੋਰੀ ਵਿਚੋਂ ਦੇਖ ਕੇ ਬੋਲੀ ਸੀ, "ਫੇਰ ਕਹੋਗੇ, ਅੰਬੋ ਬੋਲਦੀ ਐ, ਇਕ ਪਾਸਿਉਂ ਟੰਗਿਆ ਪਿਆ ਐ, ਸਿਹਰਾ ਤਾਂ ਸਿੱਧਾ ਭੂਕ ਲਉ!" ਭਲਾ ਕੌਣ ਨੇਤਾ ਹੋਵੇਗਾ ਜੋ ਕਲਮ ਵਰਗੀ ਅਜਿਹੀ ਕਾਰਿਆਂ-ਹੱਥੀ, ਪੁਆੜੇ-ਪਾਉਣੀ ਚੀਜ਼ ਨੂੰ ਦੁਰਕਾਰੇ-ਤ੍ਰਿਸਕਾਰੇਗਾ ਨਹੀਂ!

ਇਹੋ ਕਾਰਨ ਹੈ ਕਿ ਬਾਦਲ ਸਾਹਿਬ ਨੇ ਇਕ ਨਗ ਕ੍ਰਿਕਟਰ ਨੂੰ ਮੰਗੇ ਬਿਨਾਂ ਵੀਹ ਕਿੱਲੇ ਜ਼ਮੀਨ ਬਖ਼ਸ਼ ਦਿੱਤੀ। ਦੂਜੇ ਪਾਸੇ ਡੇਢ ਦਹਾਕਾ ਪਹਿਲਾਂ ਸੈਂਕੜੇ ਲੇਖਕਾਂ ਦੀ ਜਥੇਬੰਦੀ, ਕੇਂਦਰੀ ਪੰਜਾਬੀ ਲੇਖਕ ਸਭਾ ਨੂੰ ਉਹਦੀ ਸਾਲਾਨਾ ਕਾਨਫਰੰਸ ਸਮੇਂ ਮੁਹਾਲੀ ਵਿਚ ਛੋਟਾ ਜਿਹਾ ਪਲਾਟ ਦੇਣ ਦਾ ਜਿਹੜਾ ਵਾਅਦਾ ਖੁਦ ਬਾਦਲ ਸਾਹਿਬ ਨੇ ਦਿਨ-ਦੀਵੀਂ, ਚੰਡੀਗੜ੍ਹ ਦੇ ਖਚਾਖਚ ਭਰੇ ਹੋਏ ਹਾਲ ਵਿਚ ਕੀਤਾ ਸੀ, ਉਹ ਅਜੇ ਵੀ ਵਫ਼ਾ ਨਹੀਂ ਹੋਇਆ। ਸਗੋਂ ਗੱਲ ਇਸਤੋਂ ਵੀ ਅੱਗੇ ਹੈ। ਮੰਚ ਤੋਂ ਸਭਾ ਦੇ ਪ੍ਰਧਾਨ ਵਜੋਂ ਸੰਤੋਖ ਸਿੰਘ ਧੀਰ ਜੀ ਨੇ ਪੰਜਾਬੀ ਲੇਖਕਾਂ ਨੂੰ ਆਪਣਾ ਪੱਕਾ ਸਿਰਨਾਵਾਂ ਦੇਣ ਵਾਸਤੇ ਸਿਰਫ਼ ਇਕ ਪਲਾਟ ਮੰਗਿਆ ਸੀ। ਬਾਦਲ ਸਾਹਿਬ ਨੇ ਭਰੀ ਸਭਾ ਵਿਚ ਹੰਢੇ-ਵਰਤੇ ਨੇਤਾ ਵਾਲੀ ਹੁਸ਼ਿਆਰੀ ਨਾਲ ਹੱਸ ਕੇ ਇਹ ਮਿਹਣਾ ਤਾਂ ਮਾਰ ਦਿੱਤਾ ਸੀ ਕਿ ਕਿੰਨੇ ਪਲਾਟ ਦੇ ਦੇਈਏ, ਤੁਸੀਂ ਸਿਆਸਤਦਾਨਾਂ ਦੇ ਪੱਖ ਵਿਚ ਤਾਂ ਲਿਖਣਾ ਨਹੀਂ, ਪਰ ਨਾਲ ਹੀ ਮੰਗੇ ਤੋਂ ਵੱਧ ਦੇਣ ਦਾ ਐਲਾਨ ਕਰ ਦਿੱਤਾ ਸੀ। ਉਹਨਾਂ ਨੇ ਕਿਹਾ ਸੀ, ਜੇ ਪਲਾਟ ਦੇ ਵੀ ਦੇਈਏ, ਤੁਸੀਂ (ਉਹਨਾਂ ਦਾ ਅਣਬੋਲਤ

ਭਾਵ ਸੀ, ਤੁਸੀ ਨੰਗ ਲੇਖਕ) ਇਮਾਰਤ ਕਾਹਦੇ ਨਾਲ ਖੜ੍ਹੀ ਕਰੋਗੇ? ਇਸ ਕਰਕੇ ਮੈਂ ਇੱਟਾਂ ਤੇ ਸੀਮਿੰਟ-ਸਰੀਏ ਲਈ ਮਾਇਆ ਵੀ ਦੇਵਾਂਗਾ। ਲੇਖਕ ਭੋਲੇ ਪੰਛੀ ਹੁੰਦੇ ਹਨ ਤੇ ਉਹਨਾਂ ਦੀ ਕਲਪਨਾ ਸ਼ਕਤੀ ਵੀ ਬੜੀ ਤਕੜੀ ਹੁੰਦੀ ਹੈ। ਝੱਟ ਉਹਨਾਂ ਦੀਆਂ ਅੱਖਾਂ ਸਾਹਮਣੇ ਬਾਦਲ ਜੀ ਦੀ ਕਿਰਪਾ ਨਾਲ ਉਸਰਿਆ ਸ਼ਾਨਦਾਰ ਬਹੁ-ਮੰਜ਼ਲਾ ਲੇਖਕ ਭਵਨ ਸਾਕਾਰ ਹੋ ਗਿਆ ਅਤੇ ਉਹਨਾਂ ਨੇ ਉਹ ਤਾੜੀਆਂ ਮਾਰੀਆਂ, ਉਹ ਤਾੜੀਆਂ ਮਾਰੀਆਂ ਕਿ ਮਗਰੋਂ ਅਨੇਕ ਲੇਖਕ ਮੈਂ ਦੁਖਦੀਆਂ ਹਥੇਲੀਆਂ ਮਲ-ਮਲ ਕੇ ਉਹਨਾਂ ਉੱਤੇ ਫੂਕਾਂ ਮਾਰਦੇ ਦੇਖੇ!

ਮੈਨੂੰ ਲਗਦਾ ਹੈ, ਉਸ ਮੌਕੇ ਬਾਦਲ ਸਾਹਿਬ ਦੇ ਮਨ ਵਿਚ ਜ਼ਰੂਰ ਰਾਜੇ ਤੇ ਮਰਾਸੀ ਵਾਲੀ ਕਥਾ ਹੋਵੇਗੀ। ਹੋਇਆ ਇਹ ਕਿ ਰਾਜਾ ਉਦਾਸ ਹੋ ਗਿਆ। (ਹੈਰਾਨ ਨਾ ਹੋਵੋ, ਕਦੇ ਕਦੇ ਰਾਜਿਆਂ ਨੂੰ ਵੀ ਉਦਾਸ ਹੋਣਾ ਪੈ ਜਾਂਦਾ ਹੈ।) ਉਦਾਸੀ ਵੀ ਅਜਿਹੀ ਕਿ ਕਿਸੇ ਵੈਦ-ਹਕੀਮ ਤੋਂ ਦੂਰ ਨਾ ਹੋਈ। ਇਕ ਮਰਾਸੀ ਆਇਆ ਤੇ ਬੋਲਿਆ, ਪੱਸੇ ਹਟੋ ਸਾਰੇ, ਮੈਂ ਕਰੂੰ ਮੋਤੀਆਂ ਵਾਲੀ ਸਰਕਾਰ ਦਾ ਇਲਾਜ। ਮਰਾਸੀ ਜਿਉਂ ਲੱਗਿਆ ਇਧਰਲੀਆਂ-ਉਧਰਲੀਆਂ, ਉਰਲੀਆਂ-ਪਰਲੀਆਂ, ਝੱਲ-ਬਲੱਲੀਆਂ, ਯਭਲੀਆਂ ਸੁਣਾਉਣ ਕਿ ਆਖ਼ਰ ਰਾਜੇ ਦਾ ਹੱਸਾ ਨਿਕਲ ਗਿਆ। ਨਿਕਲਿਆ ਕੀ, ਅਜਿਹਾ ਨਿਕਲਿਆ, ਬੰਦ ਹੋਣ ਵਿਚ ਹੀ ਨਾ ਆਵੇ। ਜਦੋਂ ਵੱਖੀਆਂ ਦੁਖਣ ਲੱਗੀਆਂ ਤਾਂ ਹੱਸਾ ਰੁਕਿਆ, ਰਾਜਾ ਕਹਿੰਦਾ, ਲੈ ਬਈ ਮੀਰ, ਤੂੰ ਮੈਨੂੰ ਖੁਸ਼ ਕੀਤਾ, ਭਲਕੇ ਤੋਂ ਅੱਧਾ ਮਹਿਲ ਤੇ ਅੱਧਾ ਰਾਜ ਤੇਰਾ! ਬਿਚਾਰੇ ਮਰਾਸੀ ਦੀ ਰਾਤ ਮਸਾਂ ਗੁਜ਼ਰੀ। ਨੀਂਦ ਨੇ ਤਾਂ ਕਿਥੋਂ ਆਉਣਾ ਸੀ! ਕਦੇ ਸੱਜੇ ਪੱਸੇ ਪਵੇ, ਕਦੇ ਖੱਬਾ ਪੱਸਾ ਬਦਲ ਲਵੇ। ਕਦੇ ਬੈਠਾ ਹੋ ਜਾਵੇ, ਕਦੇ ਲੰਮਾ ਪੈ ਜਾਵੇ। ਕਦੇ ਪਾਣੀ ਪੀ ਲਵੇ, ਕਦੇ ਅੱਲਾਂ ਮੀਆਂ ਨੂੰ ਧਿਆਵੇ। ਕਈ ਮਹੀਨਿਆਂ-ਸਾਲਾਂ ਜਿੰਨਾ ਸਮਾਂ ਲੰਘਾ ਕੇ ਦਿਨ ਮਸਾਂ ਚੜ੍ਹਿਆ।

ਮਰਾਸੀ ਸੁਵਖਤੇ ਹੀ, ਮੋਢੇ ਉੱਤੇ ਜਰੀਬ, ਭਰੇ ਦਰਬਾਰ ਵਿਚ ਜਾ ਹਾਜ਼ਰ ਹੋਇਆ। "ਬਾਦਸ਼ਾਹੀਆਂ ਬਣੀਆਂ ਰਹਿਣ, ਖ਼ਜ਼ਾਨੇ ਹੀਰੇ-ਮੋਤੀਆਂ ਨਾਲ ਭਰੇ ਰਹਿਣ, ਰਾਜ ਚੰਦ-ਤਾਰਿਆਂ ਤਾਈਂ ਫੈਲੇ..." ਸੁਣ ਕੇ ਰਾਜਾ ਬੋਲਿਆ, ਤੂੰ ਕੌਣ ਹੈਂ ਬਈ? ਮਰਾਸੀ ਨੇ ਯਾਦ ਕਰਵਾਇਆ, ਉਹੀ ਕੱਲ੍ਹ ਵਾਲਾ ਮਹਾਰਾਜ। ਰਾਜੇ ਨੇ ਪੁੱਛਿਆ, ਇਧਰ ਕਿਧਰ ਮੀਰ ਤੇ ਨਾਲੇ ਔਹ ਮੋਢੇ ਉੱਤੇ ਕੀ ਰੱਖੀ ਫਿਰਦੈਂ? ਮਰਾਸੀ ਕਹਿੰਦਾ, ਇਹ ਜਰੀਬ ਐ ਮੋਤੀਆਂ ਵਾਲਿਆ, ਮਹਿਲ ਅੱਜ ਵੰਡ ਲਈਏ, ਰਾਜ ਦਾ ਵੰਡਾਰਾ ਤਾਂ ਲੰਮਾ-ਚੌੜਾ ਕੰਮ ਐ, ਫੇਰ ਸਹੀ! ਰਾਜਾ ਖਿੜਖਿੜ ਹੱਸਿਆ, ਓਇ ਭੋਲਿਆ ਮੀਰਾ, ਤੂੰ ਮੈਨੂੰ ਗੱਲਾਂ ਸੁਣਾ ਕੇ ਖੁਸ਼ ਕਰ ਦਿੱਤਾ, ਮੈਂ ਤੈਨੂੰ ਅੱਧੇ ਮਹਿਲ ਤੇ ਅੱਧੇ ਰਾਜ ਦਾ ਸੁਫ਼ਨਾ ਦਿਖਾ ਕੇ ਖੁਸ਼ ਕਰ ਦਿੱਤਾ, ਹਿਸਾਬ ਬਰਾਬਰ; ਇਹਦੇ ਵਿਚ ਮਿਣਤੀ ਤੇ ਵੰਡ-ਵੰਡਾਰਾ ਕਿਥੋਂ ਆ ਗਿਆ! ਇਉਂ ਬਾਦਲ ਜੀ ਦਾ ਲੇਖਕਾਂ ਨੂੰ ਅਸਲ ਵਿਚ ਇਹੋ ਸੁਨੇਹਾ ਸੀ ਕਿ ਤੁਸੀਂ ਮੈਨੂੰ ਆਪਣੇ ਐਡੇ ਵੱਡੇ ਇਕੱਠ ਵਿਚ ਬੁਲਾ ਕੇ ਆਦਰ-ਮਾਣ ਬਖ਼ਸ਼ਿਆ, ਮੈਂ ਤੁਹਾਨੂੰ ਲੇਖਕ ਭਵਨ ਦਾ ਸੁਫ਼ਨਾ ਦਿਖਾ ਕੇ ਤੁਹਾਡੀ ਲਾਜ ਰੱਖ ਲਈ, ਹਿਸਾਬ ਬਰਾਬਰ!

ਚੰਗਾ ਸਾਹਿਤ ਪੜ੍ਹਨ ਦੀ ਥਾਂ ਲਚਰ-ਲੁੱਚੇ ਘਟੀਆ ਗੀਤ ਸੁਣ ਕੇ ਝੂਮਦੇ ਪੰਜਾਬੀ ਲੋਕਾਂ ਨੂੰ ਅਤੇ ਨਰੋਏ ਸਾਹਿਤਕ-ਸਭਿਆਚਾਰਕ ਮਾਹੌਲ ਦੀ ਉਸਾਰੀ ਵੱਲੋਂ ਉੱਕਾ ਹੀ ਅਵੇਸਲੀ ਸਰਕਾਰ ਨੂੰ ਦੇਖ ਕੇ ਕਈ ਵਾਰ ਲਗਦਾ ਹੈ ਕਿ ਲੇਖਕਾਂ ਦਾ ਹਾਲ-ਹਵਾਲ ਵੀ ਮੁਰਲੀਵਾਦਕ ਵਾਲਾ ਹੀ ਹੈ। ਇਕ ਰਾਜੇ ਨੇ ਆਪਣੀ ਆਪਣੀ ਕਲਾ ਦੇ ਜੌਹਰ ਦਿਖਾਉਣ ਲਈ ਸਭ ਭਾਂਤਾਂ ਦੇ ਸਾਜ਼ਿੰਦੇ ਮਹਿਲ ਵਿਚ ਬੁਲਾਏ ਅਤੇ ਸਭਨਾਂ ਦੀ ਕਾਰਗੁਜ਼ਾਰੀ ਤੋਂ ਖੁਸ਼ ਹੋ ਕੇ ਉਹਨਾਂ ਨੂੰ ਮੋਹਰਾਂ ਦੇ ਢੇਰ ਵਿਚੋਂ ਆਪਣੇ ਆਪਣੇ ਸਾਜ਼ ਭਰ ਲੈਣ ਦੀ ਖੁੱਲ੍ਹ ਦੇ ਦਿੱਤੀ। ਢੋਲ, ਸਾਰੰਗੀ ਤੇ ਬਾਜੇ ਵਾਲਿਆਂ ਨੇ ਤਾਂ ਬਾਗੋਬਾਗ ਹੋਣਾ ਹੀ ਸੀ, ਡੌਰੂ ਤੇ ਢੱਡ ਵਾਲੇ ਵੀ ਖੁਸ਼ ਹੋ ਗਏ। ਬਿਚਾਰੀ ਮੁਰਲੀ ਵਿਚ ਇਕ ਵੀ ਮੋਹਰ ਨਾ ਪਈ। ਸਭ ਨੂੰ ਮੋਹਰਾਂ ਹੂੰਝਣ ਤੋਂ ਵਿਹਲੇ ਹੋਏ ਦੇਖ ਰਾਜਾ ਬੋਲਿਆ, ਹੁਣ ਚਾਹ-ਪਾਣੀ ਦੀ ਸੇਵਾ ਲਈ ਸਭ ਆਪਣੇ ਆਪਣੇ ਸਾਜ਼ ਸਿੱਧੇ ਰੱਖ ਕੇ ਉਹਨਾਂ ਉੱਤੇ ਬੈਠ ਜਾਉ। ਮੁਰਲੀ ਵਾਲੇ ਨਾਲ ਕੀ ਬੀਤੀ, ਇਹ ਮਾਜਰਾ ਪਾਠਕਾਂ ਦੀ ਕਲਪਨਾ ਉੱਤੇ ਛੱਡ ਕੇ ਕਥਾ-ਵਾਰਤਾ ਨੂੰ ਲੇਖਕਾਂ ਵੱਲ ਤੋਰਦੇ ਹਾਂ! ਬਿਚਾਰੇ ਲੇਖਕਾਂ ਦੀ ਹੋਣੀ ਬਿਚਾਰੇ ਮੁਰਲੀਵਾਲੇ ਤੋਂ ਕੋਈ ਵੱਖਰੀ ਨਹੀਂ। ਸਮਾਜ ਵਿਚ ਵਸਦੇ ਬਹੁਤੇ ਲੋਕ ਤਾਂ ਜਾਣਦੇ ਹੀ ਨਹੀਂ ਕਿ ਸਾਹਿਤ ਕਿੰਨੀਆਂ ਟੰਗਾਂ ਵਾਲਾ ਜਨੌਰ ਹੈ, ਬਹੁਤੇ ਪਾਠਕ ਬਿਨਾਂ ਪੜ੍ਹਿਆਂ ਹੀ ਪਾਠਕ ਕਹਾਉਂਦੇ ਹਨ ਤੇ ਜੇ ਪੜ੍ਹਨ ਨੂੰ ਦਿਲ ਕਰੇ ਵੀ, ਲੇਖਕ ਤੋਂ ਮੁਫ਼ਤ ਮਿਲਣ ਦੀ ਝਾਕ ਵਿਚ ਪੁਸਤਕ ਖਰੀਦਦੇ ਨਹੀਂ ਅਤੇ ਸਰਕਾਰ ਤਾਂ ਆਖ਼ਰ ਮੋਤੀਆਂ ਵਾਲੀ ਸਰਕਾਰ ਹੈ, ਇਹਨੇ ਲੇਖਕਾਂ ਨੂੰ ਕਿਥੋਂ ਪੱਲਾ ਫੜਾਉਣਾ ਹੋਇਆ!

ਬਾਜ਼ੀਗਰ ਬਾਜ਼ੀ ਪਾਉਣ ਵੇਲੇ ਇਕ ਪਟੜੀ ਦੀ ਛਾਲ ਲਾਉਂਦੇ ਹੁੰਦੇ ਸਨ। ਉੱਚੇ ਵੰਝ ਦੇ ਸਿਖ਼ਰ ਬਣੀ ਫੁੱਟ, ਡੇਢ ਫੁੱਟ ਲੰਮੀ-ਚੌੜੀ ਪਟੜੀ ਤੋਂ ਪੈਰ ਚੁਕਦਿਆਂ ਲੋਟਣੀ ਖਾ ਕੇ ਉਹਨਾਂ ਨੇ ਪੈਰ ਫੇਰ ਉਸੇ ਪਟੜੀ ਉੱਤੇ ਰੱਖਣੇ ਹੁੰਦੇ ਸਨ। ਜੇ ਪੈਰ ਖਿਸਕ ਗਿਆ, ਡਿੱਗ ਕੇ ਧੌਣ ਟੁੱਟੀ ਅਤੇ "ਰਾਮ ਨਾਮ ਸੱਤ ਹੈ" ਹੋਈ ਸਮਝੋ। ਮਸ਼ੀਨਰੀ ਤੋਂ ਪਹਿਲਾਂ ਕਿਸਾਨ ਦਾ ਕੰਮ ਕਿੰਨਾ ਮੁਸੀਬਤੀ ਸੀ, ਅੰਦਾਜ਼ਾ ਲਾਉਣਾ ਔਖਾ ਨਹੀਂ। ਇਕ ਬਾਜ਼ੀਗਰ ਦੀ ਮੌਤ ਸਮੇਂ, ਕਿਸਾਨ ਦੇ ਕੰਮ ਨੂੰ ਬਾਜ਼ੀ ਪਾਉਣ ਤੇ ਪਟੜੀ ਦੀ ਛਾਲ ਲਾਉਣ ਨਾਲੋਂ ਵੀ ਔਖਾ ਸਮਝਦਿਆਂ, ਉਹਦੀ ਮਾਂ ਅਗਲੀਆਂ ਸੰਭਵ ਜੂਨਾਂ ਬਾਰੇ ਜਾਣਕਾਰੀ ਦੇਣ ਲਈ ਇਉਂ ਵੈਣ ਪਾ ਰਹੀ ਸੀ : ਰੋਹੀ ਕਾ ਗਿਦੜਾ ਬਣ ਜਾਈਂ, ਜੱਟ ਕੀ ਜੂਨ ਨਾ ਪਈਂ ਰੇ ਪੂਤਾ! ਲੇਖਕ ਦਿਲ ਦੇ ਲਹੂ ਵਿਚ ਕਾਨੀ ਡੋਬਦਾ ਹੈ, ਭਾਸ਼ਾ ਦੇ ਡੂੰਘੇ ਸਾਗਰ ਵਿਚੋਂ ਮੋਤੀ ਲੱਭ ਲੱਭ ਲਿਆਉਂਦਾ ਹੈ, ਜਜ਼ਬਿਆਂ ਦੀਆਂ ਜੰਮਣ-ਪੀੜਾਂ ਸਹਿੰਦਾ ਹੈ, ਤਾਂ ਜਾ ਕੇ ਕਿਤੇ ਕੋਈ ਰਚਨਾ ਰੂਪ ਫੜਦੀ ਹੈ। ਫੇਰ ਵੀ ਉਸ ਵਿਚਾਰੇ ਨੂੰ, ਸਮਾਜ ਨਾ ਸਰਕਾਰ, ਕੋਈ ਬੇਰਾਂ ਵੱਟੇ ਨਹੀਂ ਪੁਛਦਾ। ਆਪਣੇ ਜਾਣੇ ਕਿੰਨਾ ਵੱਡਾ ਤੀਰ ਮਾਰ ਲਵੇ, ਸਿੱਟਾ ਖਰੜਾ ਝੋਲੇ ਵਿਚ ਪਾ ਕੇ ਛਪਵਾਉਣ ਲਈ ਦਰ ਦਰ ਭਟਕਣਾ ਹੀ ਹੁੰਦਾ ਹੈ। ਪੁਸਤਕ ਛਪ ਜਾਵੇ, ਤਾਂ ਵੀ ਕੋਈ ਵੱਡਾ ਬੰਦਾ ਪੜ੍ਹਦਾ ਤੱਕ ਨਹੀਂ,

ਵਧਾਈ ਦੇਣੀਆਂ ਦੂਰ ਰਹੀ। ਕੋਈ ਕ੍ਰਿਕਟਰ ਆਪਣਾ ਬੱਲਾ ਮਾੜਾ ਜਿਹਾ ਚੰਗਾ ਚਲਾ ਦੇਵੇ, ਰਾਸ਼ਟਰਪਤੀ, ਪ੍ਰਧਾਨ ਮੰਤਰੀ, ਸੋਨੀਆ ਤੇ ਅਡਵਾਨੀ ਤੱਕ ਵਧਾਈਆਂ ਭੇਜਦੇ ਹਨ। ਪਾਰਲੀਮੈਂਟ ਦੇ ਮੈਂਬਰ ਖੜ੍ਹੇ ਹੋ ਹੋ ਮੇਜ਼ ਥਪਥਪਾਉਂਦੇ ਹਨ। ਕਹਿੰਦੇ ਹਨ, ਭਾਰਤ ਦਾ ਨਾਂ ਉੱਚਾ ਕਰ ਦਿੱਤਾ! ਅਮਕੇ ਕ੍ਰਿਕਟਰ ਨੂੰ ਖੇਡ-ਰਤਨ ਬਣਾਉ ਤੇ ਧਮਕੇ ਕ੍ਰਿਕਟਰ ਨੂੰ ਭਾਰਤ-ਰਤਨ ਬਖ਼ਸ਼ੋ! ਭਾਰਤ ਦੀ ਕਿਸੇ ਵੀ ਭਾਸ਼ਾ ਵਿਚ ਕੋਈ ਲੇਖਕ ਭਾਵੇਂ ਕਿੰਨੀ ਹੀ ਉੱਤਮ ਪੁਸਤਕ ਰਚ ਲਵੇ, ਕਦੀ ਉਹਨੂੰ ਕਿਸੇ ਨੇਤਾ ਜਾਂ ਪਦਵੀਧਾਰੀ ਦੀ ਵਧਾਈ ਮਿਲਦੀ ਦੇਖੀ ਹੈ? ਹੋ ਸਕਦਾ ਹੈ, ਸਮਾਜ ਤੇ ਸਰਕਾਰ ਹੱਥੋਂ ਕ੍ਰਿਕਟਰਾਂ ਦੀ ਪੁੱਛ-ਦੱਸ ਦੇ ਮੁਕਾਬਲੇ ਹੁੰਦੀ ਲੇਖਕਾਂ ਦੀ ਤੂੰ-ਕੌਣ ਨੂੰ ਦੇਖ ਕੇ ਉਹਨਾਂ ਦੇ ਮਰਿਆਂ ਤੋਂ ਔਲਾਦਾਂ ਇਉਂ ਵੈਣ ਪਾਇਆ ਕਰਨ : ਸਾਹਿਤ-ਸੂਹਤ ਨੂੰ ਗੋਲੀ ਮਾਰੀਂ, ਅਗਲੀ ਜੂਨ ਕ੍ਰਿਕਟਰ ਹੋਈਂ ਉਇ ਬਾਪੂ ਮੇਰਿਆ!

ਯੁਵਰਾਜ ਸਿੰਘ ਨੂੰ ਵੀਹ ਕਿੱਲੇ ਜ਼ਮੀਨ ਦੇਣ ਦਾ ਐਲਾਨ 'ਵਿਸ਼ਵ ਪੱਧਰੀ ਖੇਡ ਅਕੈਡਮੀ' ਬਣਾਉਣ ਲਈ ਕੀਤਾ ਗਿਆ ਹੈ। ਬਾਦਲ ਸਾਹਿਬ, ਸਾਡਾ ਬਿਚਾਰੇ ਲੇਖਕਾਂ ਦਾ ਇਕ ਕਿੱਲਾ, ਜਿਹੜਾ ਤੁਸੀਂ ਇੱਟਾਂ ਤੇ ਸੀਮਿੰਟ-ਸਰੀਏ ਸਮੇਤ ਪੰਦਰਾਂ ਸਾਲਾਂ ਤੋਂ ਦੱਬੀ ਬੈਠੇ ਹੋ, ਹੁਣ ਤਾਂ ਮਿਣ ਕੇ ਸਾਡੇ ਹਵਾਲੇ ਕਰੋ। ਅਸੀਂ ਇਕ ਕਿੱਲੇ ਵਿਚ ਹੀ ਤੁਹਾਨੂੰ 'ਵਿਸ਼ਵ ਪੱਧਰੀ ਸਾਹਿਤ ਭਵਨ' ਬਣਾ ਕੇ ਦਿਖਾ ਦੇਵਾਂਗੇ ਜਿਥੋਂ ਕ੍ਰਿਕਟ ਅਕੈਡਮੀ ਵਿਚੋਂ ਸੁਣਦੀ ਬੈਟ-ਗੇਂਦ ਦੀ ਕੰਨ-ਚੁਭਵੀਂ ਠੱਕ ਠੱਕ ਦੇ ਮੁਕਾਬਲੇ ਮਾਂ-ਬੋਲੀ ਦੀਆਂ ਸ਼ਬਦ-ਸੁਰਾਂ ਦਾ ਮਧੁਰ ਸੰਗੀਤ ਚੁਫੇਰੇ ਫੈਲਿਆ ਕਰੇਗਾ!

(011-65736868)

ਸ਼ਹੀਦ ਢੀਂਗਰਾ ਦੇ ਜੱਦੀ ਘਰ ਵਾਲੀ ਥਾਂ 'ਤੇ ਕੌਮੀ ਯਾਦਗਾਰ ਉਸਾਰਨ ਦੀਆਂ ਤਿਆਰੀਆਂ

ਸ਼ਹੀਦ ਮਦਨ ਲਾਲ ਢੀਂਗਰਾ ਨੇ ਆਪਣੇ ਵਤਨ ਦੀ ਆਜ਼ਾਦੀ ਦੀ ਲੜਾਈ 'ਚ ਹਿੱਸਾ ਲੈਂਦਿਆਂ ਲੰਦਨ ਵਿਖੇ ਪੜ੍ਹਾਈ ਦੌਰਾਨ ਅੰਗਰੇਜ਼ੀ ਅਧਿਕਾਰੀ ਸਰ ਕਰਜ਼ਨ ਵਾਇਲੀ ਨੂੰ ਗੋਲੀ ਮਾਰ ਕੇ ਕਤਲ ਕਰ ਦਿੱਤਾ ਸੀ, ਜਿਸ ਦੇ ਸਿੱਟੇ ਵਜੋਂ ੨੬ ਵਰ੍ਹਿਆਂ ਦੀ ਉਮਰ ਵਿਚ ਹੀ ਸ੍ਰੀ ਢੀਂਗਰਾ ਨੂੰ ਲੰਡਨ ਦੀ ਅਦਾਲਤ ਨੇ ੧੯੦੯ ਵਿਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਸੀ।

ਉਸ ਦਾ ਜੱਦੀ ਘਰ ਅੰਮ੍ਰਿਤਸਰ ਦੇ ਕਟੜਾ ਸ਼ੇਰ ਸਿੰਘ ਨੇੜੇ ਹੈ। ਇਸ ਘਰ ਨੂੰ ਯਾਦਗਾਰ ਵਜੋਂ ਸੰਭਾਲਣ ਲਈ ਭਾਵੇਂ ਪਿਛਲੇ ਕੁਝ ਵਰ੍ਹਿਆਂ ਤੋਂ ਦੁਹਾਈ ਦਿੱਤੀ ਜਾ ਰਹੀ ਸੀ ਪਰ ਸਰਕਾਰਾਂ ਨੇ ਇਸ ਵੱਲ ਕੋਈ ਧਿਆਨ ਨਹੀਂ ਦਿੱਤਾ, ਜਿਸ ਦਾ ਸਿੱਟਾ ਇਹ ਹੋਇਆ ਕਿ ਜਨਵਰੀ ਮਹੀਨੇ ਵਿਚ ਇਸ ਘਰ ਦੀ ਜ਼ਮੀਨ ਕਿਸੇ ਹੋਰ ਨੂੰ ਵੇਚ ਦਿੱਤੀ ਗਈ ਅਤੇ ਖਰੀਦਣ ਵਾਲੀ ਧਿਰ ਨੇ ਜ਼ਮੀਨ ਦੀ ਰਜਿਸਟਰੀ ਹੋਣ ਤੋਂ ਪਹਿਲਾਂ ਹੀ ਚੁੱਪ-ਚਪੀਤੇ ਹੀ ਇਸ ਯਾਦਗਾਰੀ ਘਰ ਦੀ ਇਮਾਰਤ ਨੂੰ ਢਹਿ-ਢੇਰੀ ਕਰਨਾ ਸ਼ੁਰੂ ਕਰ ਦਿੱਤਾ। ਪੰਜਾਬੀ ਟ੍ਰਿਬਿਊਨ ਵਲੋਂ ਜਦੋਂ ਇਸ ਮਾਮਲੇ ਨੂੰ ਉਭਾਰਿਆ ਗਿਆ ਤਾਂ ਨੌਜਵਾਨ ਤੇ ਵਿਦਿਆਰਥੀ ਜਥੇਬੰਦੀਆਂ ਨੇ ਇਸ ਸਬੰਧੀ ਆਵਾਜ਼ ਬੁਲੰਦ ਕੀਤੀ, ਜਿਸ ਦਾ ਨੋਟਿਸ ਲੈਂਦਿਆਂ ਜ਼ਿਲ੍ਹਾ ਪ੍ਰਸ਼ਾਸਨ ਦੇ ਇਸ ਘਰ ਦੇ ਬਚੇ ਹੋਏ ਖੰਡਰਾਂ ਅਤੇ ਜ਼ਮੀਨ ਨੂੰ ਸੰਭਾਲਣ ਲਈ ਯਤਨ ਅਰੰਭੇ। ਜ਼ਿਲ੍ਹਾ ਪ੍ਰਸ਼ਾਸਨ ਵਲੋਂ ਉਸ ਵੇਲੇ ਪੰਜਾਬ ਦੇ ਮੁੱਖ ਸਕੱਤਰ ਨੂੰ ਪੱਤਰ ਭੇਜ ਕੇ ਸਿਫਾਰਸ਼ ਕੀਤੀ ਗਈ ਕਿ ਇਸ ਘਰ ਦੀ ਜ਼ਮੀਨ ਸਰਕਾਰ ਵਲੋਂ ਖਰੀਦ ਲਿਆ ਜਾਵੇ ਤੇ ਇੱਥੇ ਯਾਦਗਾਰ ਉਸਾਰੀ ਜਾਵੇ। ਜ਼ਿਲ੍ਹਾ ਪ੍ਰਸ਼ਾਸਨ ਵਲੋਂ ਇਸ ਜ਼ਮੀਨ ਦੀ ਰਜਿਸਟਰੀ 'ਤੇ ਵੀ ਰੋਕ ਲਾ ਦਿੱਤੀ ਗਈ ਸੀ।

ਇਸ ਦੌਰਾਨ ਐਚ. ਸੀ. ਅਰੋੜਾ ਵਲੋਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਜਨਹਿੱਤ ਪਟੀਸ਼ਨ ਦਾਇਰ ਕਰਕੇ ਸ੍ਰੀ ਢੀਂਗਰਾ ਦੇ ਜੱਦੀ ਘਰ ਨੂੰ ਵੇਚਣ 'ਤੇ ਰੋਕ ਲਾਉਣ ਦੀ ਮੰਗ ਕੀਤੀ ਸੀ, ਜਿਸ ਦੀ ਸੁਣਵਾਈ ਕਰਦਿਆਂ ਹੁਣ ਅਦਾਲਤ ਨੇ ਇਸ ਘਰ ਦੀ ਜ਼ਮੀਨ ਵੇਚਣ 'ਤੇ ਰੋਕ ਲਾ ਦਿੱਤੀ ਹੈ ਅਤੇ ਸਰਕਾਰ ਨੂੰ ਜੱਦੀ ਮਕਾਨ ਦੀ ਜ਼ਮੀਨ ਪ੍ਰਾਪਤ ਕਰਕੇ ਇੱਥੇ ਸ਼ਹੀਦ ਢੀਂਗਰਾ ਦੀ ਯਾਦਗਾਰ ਬਣਾਉਣ ਲਈ ਆਖਿਆ ਹੈ।

ਅਦਾਲਤ ਨੇ ਇਸ ਫੈਸਲੇ ਤੋਂ ਬਾਅਦ ਇਸ ਮੰਤਵ ਲਈ ਲੜ ਰਹੀਆਂ ਵੱਖ ਵੱਖ ਜਥੇਬੰਦੀਆਂ ਮੁੜ ਸਰਗਰਮ ਹੋ ਗਈਆਂ ਹਨ ਅਤੇ ਉਨ੍ਹਾਂ ਮੰਗ ਕੀਤੀ ਹੈ ਕਿ ਇਸ ਜ਼ਮੀਨ 'ਤੇ ਸ਼ਹੀਦ ਢੀਂਗਰਾ ਨਾਲ ਸਬੰਧਤ ਕੌਮੀ ਯਾਦਗਾਰਾ ਉਸਾਰੀ ਜਾਵੇ। ਸਾਬਕਾ ਮੰਤਰੀ ਤੇ ਸ਼ਹੀਦ ਮਦਨ ਲਾਲ ਢੀਂਗਰਾ ਸਮਾਰਕ ਸਮਿਤੀ ਦੀ ਆਗੂ ਪ੍ਰੋ. ਲਕਸ਼ਮੀ ਕਾਂਤਾ ਚਾਵਲਾ ਨੇ ਅਦਾਲਤ ਦੇ ਫੈਸਲੇ 'ਤੇ ਯਾਦਗਾਰੀ ਭਵਨ ਉਸਾਰਨਾ ਚਾਹੀਦਾ ਹੈ, ਜਿਸ ਵਾਸਤੇ ਸਮੁੱਚੀ ਰਕਮ ਸਰਕਾਰ ਵਲੋਂ ਖਰਚ ਕੀਤੀ ਜਾਵੇ। ਇਸ ਕੌਮੀ ਯਾਦਗਾਰ ਰੂਪੀ ਭਵਨ ਵਿਚ ਸ਼ਹੀਦ ਮਦਨ ਲਾਲ ਢੀਂਗਰਾ ਦੇ ਜੀਵਨ ਅਤੇ ਕੁਰਬਾਨੀ ਨੂੰ ਚਿੱਤਰਾਂ ਦੀ ਜ਼ੁਬਾਨੀ ਦਰਸਾਇਆ ਜਾਵੇ। ਉਸ ਦੀਆਂ ਤਸਵੀਰਾਂ ਤੇ ਸਬੰਧਤ ਸਾਮਾਨ ਨੂੰ ਇੱਥੇ ਰੱਖਿਆ ਜਾਵੇ। ਉਨ੍ਹਾਂ ਦੱਸਿਆ ਕਿ ਉਸ ਦੇ ਆਖਰੀ ਸਮੇਂ ਦੀਆਂ ਕੁਝ ਤਸਵੀਰਾਂ ਇਸ ਵੇਲੇ ਲੰਡਨ ਵਿਚ ਹਨ, ਜਿਨ੍ਹਾਂ ਨੂੰ ਸਰਕਾਰ ਵਲੋਂ ਵਤਨ ਮੰਗਵਾਇਆ ਜਾਵੇ। ਉਨ੍ਹਾਂ ਆਖਿਆ ਕਿ ਸ਼ਹੀਦ ਢੀਂਗਰਾ ਦੇ ਜੀਵਨ ਨਾਲ ਸਬੰਧਤ ਦਸਤਾਵੇਜ਼ੀ ਫਿਲਮ ਬਣੀ ਹੋਈ ਹੈ ਅਤੇ ਇਕ ਹੋਰ ਬਣ ਰਹੀ ਹੈ, ਜਿਸ ਨੂੰ ਇੱਥੇ ਦਿਖਾਉਣ ਦਾ ਪ੍ਰਬੰਧ ਕੀਤਾ ਜਾਵੇ।

(ਪੰਜਾਬੀ ਟ੍ਰਿਬਿਊਨ)

ਸੋਚ ਅਤੇ ਅਮਲ ਦੇ ਰਾਹ 'ਤੇ ਪਹਿਲੇ ਕਦਮ (੨)

—ਵਰਿਆਮ ਸਿੰਘ ਸੰਧੂ



...ਇਸ ਤੋਂ ਇਲਾਵਾ ਅਸੀਂ ਕੁੱਝ ਸਾਲ ਪਹਿਲਾਂ ਆਪਣੇ ਪਿੰਡ ਵਿੱਚ 'ਦੇਸ਼-ਭਗਤ ਯਾਦਗਾਰ ਲਾਇਬ੍ਰੇਰੀ' ਵੀ ਬਣਾਈ ਸੀ। ਬਾਜ਼ਾਰ ਵਿੱਚ ਇੱਕ ਕਮਰਾ ਕਿਰਾਏ ਤੇ ਲੈ ਕੇ ਉਸ ਵਿੱਚ ਦਰੀਆਂ ਵਿਛਾ ਦਿੱਤੀਆਂ। ਕੰਧਾਂ ਨਾਲ ਤਿੰਨ-ਚਾਰ ਬੈਂਚ ਵੀ ਖ਼ਰੀਦ ਕੇ ਰਖਵਾ ਦਿੱਤੇ।ਜਿਸਦਾ ਜੀ ਕਰੇ ਜਿੱਥੇ ਮਰਜ਼ੀ ਬੈਠ ਕੇ ਪੜ੍ਹੇ। ਇਥੇ ਅਸੀਂ ਰੋਜ਼ ਪੜ੍ਹਨ ਲਈ ਅਖ਼ਬਾਰਾਂ ਅਤੇ ਮੈਗਜ਼ੀਨ ਮੰਗਵਾਉਂਦੇ। ਪ੍ਰਗਤੀਵਾਦੀ ਸਾਹਿਤਕ-ਧਾਰਾ ਨਾਲ ਸੰਬੰਧਤ ਨਾਵਲ, ਕਹਾਣੀਆਂ ਅਤੇ ਹੋਰ ਪੁਸਤਕਾਂ ਵੀ ਓਥੇ ਰੱਖੀਆਂ। ਇੱਥੇ ਪਿੰਡ ਦੇ ਲੋਕ ਆ ਕੇ ਬੈਠਦੇ। ਸਾਰੀ ਦਿਹਾੜੀ ਪੰਜ-ਸੱਤ ਪੜ੍ਹਨ ਵਾਲੇ ਬੰਦੇ ਬੈਠੇ ਰਹਿੰਦੇ ਆਮ ਤੌਰ ਤੇ ਉਹ ਅਖ਼ਬਾਰਾਂ ਅਤੇ ਮੈਗਜ਼ੀਨ ਹੀ ਪੜ੍ਹਦੇ ਪਰ ਕੋਈ-ਕੋਈ, ਕਦੀ-ਕਦੀ ਕੋਈ ਕਿਤਾਬ ਵੀ ਮੰਗ ਕੇ ਲੈ ਜਾਂਦਾ। ਅਸੀਂ ਪਿੰਡ ਦੇ ਨੌਜਵਾਨ ਭਾਵੇਂ ਇਸ ਲਾਇਬ੍ਰੇਰੀ ਦਾ ਕੰਮ-ਕਾਜ ਰਲ-ਮਿਲ ਕੇ ਹੀ ਚਲਾਉਂਦੇ ਸਾਂ ਪਰ ਇਸਨੂੰ ਕਾਮਯਾਬ ਕਰਨਾ ਮੇਰੀ ਵਿਸ਼ੇਸ਼ ਜ਼ਿੰਮੇਵਾਰੀ ਸੀ ਕਿਉਂਕਿ ਇਹ ਲਾਇਬ੍ਰੇਰੀ ਮੇਰੀ ਸਲਾਹ ਅਤੇ ਉੱਦਮ ਨਾਲ ਹੀ ਬਣੀ ਸੀ। ਉਂਜ ਵੀ ਇਹ ਲਾਇਬ੍ਰੇਰੀ ਕਿਉਂਕਿ ਮੇਰੇ ਘਰ ਦੇ ਬਿਲਕੁਲ ਹੀ ਨਜ਼ਦੀਕ ਸੀ ਇਸ ਕਰਕੇ ਇਸਨੂੰ ਖੋਲ੍ਹਣ ਤੋਂ ਲੈ ਕੇ ਸ਼ਾਮ ਨੂੰ ਬੰਦ ਕਰਨ ਤੋਂ ਇਲਾਵਾ ਇਸਦੀ ਸਾਂਭ-ਸੰਭਾਲ ਦਾ ਬਹੁਤਾ ਕੰਮ ਮੈਨੂੰ ਹੀ ਕਰਨਾ ਪੈਂਦਾ ਸੀ। ਦੂਜੇ ਨੌਜਵਾਨਾਂ ਦੀ ਇਹ ਕੋਈ ਘੱਟ ਹਿੰਮਤ ਤਾਂ ਨਹੀਂ ਸੀ ਕਿ ਉਹ ਇਸਦੀ ਸਫ਼ਲਤਾ ਲਈ ਮੇਰਾ ਸਾਥ ਦੇ ਰਹੇ ਸਨ।

ਸੁਰ ਸਿੰਘ ਵਿੱਚ 'ਦੇਸ਼-ਭਗਤ ਯਾਦਗਾਰ ਲਾਇਬ੍ਰੇਰੀ' ਸਥਾਪਤ ਕਰਨ ਦਾ ਵੀ ਇੱਕ ਵਿਸ਼ੇਸ਼ ਪਿਛੋਕੜ ਸੀ। ਜਿਸ ਸਾਲ ਮੈਂ ਦਸਵੀਂ ਦਾ ਇਮਤਿਹਾਨ ਦੇ ਕੇ ਹਟਿਆ ਸਾਂ ਓਸੇ ਸਾਲ ੧੯੬੧ ਵਿੱਚ ਨਾਨਕ ਸਿੰਘ ਦਾ ਨਾਵਲ 'ਇਕ ਮਿਆਨ-ਦੋ ਤਲਵਾਰਾਂ' ਛਪਿਆ। ਨਾਵਲ ਗ਼ਦਰ-ਲਹਿਰ ਨਾਲ ਸੰਬੰਧਤ ਸੀ। ਮੈਂ ਇਸਤੋਂ ਪਹਿਲਾਂ ਇਸ ਲਹਿਰ ਬਾਰੇ ਬਿਲਕੁਲ ਨਹੀਂ ਸੀ ਪੜ੍ਹਿਆ-ਸੁਣਿਆ। ਮੇਰੇ ਲਈ ਇਹ ਵੀ ਇੱਕ ਅਨੋਖੀ ਲੱਭਤ ਸੀ ਕਿ ਇਸ ਲਹਿਰ ਵਿੱਚ ਮੇਰੇ ਹੀ ਪਿੰਡ ਦੇ ਦੋ ਇਨਕਲਾਬੀ ਗ਼ਦਰੀਆਂ, ਪ੍ਰੇਮ ਸਿੰਘ ਅਤੇ ਜਗਤ ਸਿੰਘ, ਦਾ ਵਿਸ਼ੇਸ਼ ਜ਼ਿਕਰ ਸੀ। ਜਗਤ ਸਿੰਘ ਦਾ ਰੋਲ ਇਸ ਨਾਵਲ ਵਿੱਚ ਕੁੱਝ ਇਸ ਕਰਕੇ ਵੀ ਵਧੇਰੇ ਸੀ ਕਿਉਂਕਿ ਉਹ ਕਰਤਾਰ ਸਿੰਘ ਸਰਾਭਾ ਨਾਲ ਫਾਂਸੀ ਲੱਗਣ ਵਾਲੇ ਸ਼ਹੀਦਾਂ ਵਿਚੋਂ ਇੱਕ ਸੀ। ਨਾਵਲ ਪੜ੍ਹ ਕੇ ਜਿੱਥੇ ਮੈਂ ਗ਼ਦਰ-ਲਹਿਰ ਦੀ ਮਹਾਨ ਦੇਣ ਤੋਂ ਜਾਣੂ ਹੋਇਆ ਓਥੇ ਮੇਰੀ ਹਿੱਕ ਇਸ ਕਰਕੇ ਵੀ ਮਾਣ ਵਿੱਚ ਫੁੱਲੀ ਨਹੀਂ ਸੀ ਸਮਾਉਂਦੀ ਕਿ ਇਸ ਲਹਿਰ ਵਿੱਚ ਮੇਰੇ ਪਿੰਡ ਦੇ ਸ਼ਹੀਦ-ਸੂਰਮਿਆਂ ਦਾ ਬੜਾ ਉੱਘਾ ਯੋਗਦਾਨ ਸੀ। ਜਗਤ ਸਿੰਘ ਸਾਡੇ ਪਿੰਡ ਦੀ 'ਲਹੀਆਂ ਦੀ ਪੱਤੀ' ਵਿੱਚ ਜੰਮਿਆਂ ਪਲਿਆ ਸੀ ਜਦ ਕਿ ਪ੍ਰੇਮ ਸਿੰਘ ਤਾਂ ਸਾਡੀ ਆਪਣੀ ਹੀ ਪੱਤੀ 'ਚੰਦੂ ਕੀ' ਦਾ ਜੰਮ-ਪਲ ਸੀ ਅਤੇ ਹੈ ਵੀ ਸੀ ਸਾਡੇ ਬੜੇ ਨਜ਼ਦੀਕੀ ਪਰਿਵਾਰ ਵਿਚੋਂ।

ਮੈਂ ਬਾਪੂ ਹਕੀਕਤ ਸਿੰਘ ਨੂੰ ਜਗਤ ਸਿੰਘ ਤੇ ਪ੍ਰੇਮ ਸਿੰਘ ਅਤੇ ਉਹਨਾਂ ਦੀ ਦੇਸ਼ ਲਈ ਕੀਤੀ ਕੁਰਬਾਨੀ ਬਾਰੇ ਪੁੱਛਿਆ ਤਾਂ ਉਹਨਾਂ ਦੇ ਫ਼ਾਂਸੀ ਲੱਗਣ ਤੋਂ ਬਿਨਾਂ ਉਸਨੂੰ ਕੋਈ ਬਹੁਤਾ ਪਤਾ-ਸੁਰ ਨਹੀਂ ਸੀ। ਜਿਹੜੀ ਗੱਲ ਨੇ ਮੈਨੂੰ ਬਹੁਤਾ ਹੀ ਉਦਾਸ ਤੇ ਨਿਰਾਸ਼ ਕੀਤਾ ਉਹ ਸੀ ਉਸਦਾ ਇਹ ਆਖਣਾ, "ਜਗਤ ਸੂੰਹ ਹੁਰੀਂ ਕਨੇਡਾ ਚੋਂ ਆਏ ਸਨ। ਐਧਰ ਆ ਕੇ ਡਾਕੇ ਡੂਕੇ ਮਾਰਨ ਕਰਕੇ ਫੜੇ ਗਏ ਤੇ ਫਾਹੇ ਲੱਗੇ ਸਨ"। ਮੈਨੂੰ ਦੁੱਖ ਹੋਇਆ ਕਿ ਸਾਡੇ ਇਹਨਾਂ ਮਹਾਨ ਦੇਸ਼-ਭਗਤਾਂ ਦੀ ਕੁਰਬਾਨੀ ਦੇ ਰਾਂਗਲੇ ਇਤਿਹਾਸ ਨੂੰ ਕਿਵੇਂ ਲੋਕਾਂ ਸਾਹਮਣੇ ਆਉਣ ਹੀ ਨਹੀਂ ਸੀ ਦਿੱਤਾ ਗਿਆ! ਉਹਨਾਂ ਦੀ ਦੇਣ ਨੂੰ ਅਸਲੋਂ ਭੁਲਾ ਦਿੱਤਾ ਗਿਆ ਸੀ ਦੇਸ਼-ਭਗਤਾਂ ਦੀ ਥਾਂ ਉਹਨਾਂ ਦਾ ਬਿੰਬ ਇੱਕ ਡਾਕੂ ਵਜੋਂ ਲੋਕ-ਮਨਾਂ ਵਿੱਚ ਸਥਾਪਤ ਕਰ ਦਿੱਤਾ ਗਿਆ ਸੀ।

ਸਾਡੇ ਸਕੂਲ ਵਿੱਚ ਦਸਵੀਂ ਜਮਾਤ ਦੇ ਕਮਰੇ ਦੇ ਸਾਹਮਣੇ ਇੱਕ ਵੱਡੀ ਸਾਰੀ ਸੰਗਮਰਮਰ ਦੀ ਸਿਲ ਲੱਗੀ ਹੋਈ ਸੀ, ਜਿਸ ਉੱਤੇ ਪਹਿਲੀ ਵੱਡੀ ਜੰਗ ਵਿੱਚ ਸੌ ਤੋਂ ਉੱਪਰ ਸੁਰ ਸਿੰਘ ਵਾਸੀਆਂ ਵੱਲੋਂ ਫੌਜ ਵਿੱਚ ਭਰਤੀ ਹੋ ਕੇ ਅੰਗਰੇਜ਼ੀ ਸਰਕਾਰ ਲਈ ਲੜਨ ਦਾ ਹਵਾਲਾ ਦਿੱਤਾ ਹੋਇਆ ਸੀ ਅਤੇ ਇੱਕ ਫੌਜੀ ਦੇ ਜਾਨ ਕੁਰਬਾਨ ਕਰ ਦੇਣ ਦਾ ਜ਼ਿਕਰ ਵੀ ਸੀ। ਅੰਗਰੇਜ਼ਾਂ ਨੇ ਆਪਣੇ ਲਈ ਲੜਨ ਵਾਲਿਆਂ ਦੀ ਯਾਦ ਤਾਂ ਤਾਜ਼ਾ ਰੱਖੀ ਸੀ ਪਰ ਆਜ਼ਾਦੀ ਲਈ ਲੜਨ ਵਾਲੇ ਸੂਰਮਿਆਂ ਨੂੰ ਡਾਕੂ ਤੇ ਚੋਰ ਬਣਾ ਧਰਿਆ ਸੀ। ਮੈਂ

ਚਾਹੁੰਦਾ ਸਾਂ ਕਿ ਇਹਨਾਂ ਸੂਰਬੀਰਾਂ ਦੀ ਕੁਰਬਾਨੀ ਸਹੀ ਰੂਪ ਵਿੱਚ ਲੋਕਾਂ ਸਾਹਮਣੇ ਆਉਣੀ ਚਾਹੀਦੀ ਹੈ। ਪਿੰਡ ਵਿੱਚ ਉਹਨਾਂ ਦੀ ਯਾਦਗਾਰ ਵੀ ਸਥਾਪਤ ਹੋਣੀ ਚਾਹੀਦੀ ਹੈ। 'ਦੇਸ਼ ਭਗਤ ਯਾਦਗਾਰ ਲਾਇਬ੍ਰੇਰੀ' ਦੀ ਸਥਾਪਨਾ ਇਸੇ ਤਾਂਘ ਦਾ ਨਿਮਾਣਾ ਜਿਹਾ ਯਤਨ ਸੀ। ਕੁੱਝ ਸਾਲ ਪਹਿਲਾਂ ਕਨੇਡਾ ਰਹਿੰਦੇ ਸੁਰਜਜੀਤ ਸਿੰਘ ਸੰਧੂ ਅਤੇ ਪਿੰਡ ਵਾਸੀਆਂ ਦੇ ਉੱਦਮ ਨਾਲ ਪਿੰਡ ਵਿੱਚ 'ਦੇਸ਼ ਭਗਤ ਯਾਦਗਾਰ ਹਾਲ' ਦੀ ਸਥਾਪਨਾ ਵੀ ਹੋ ਚੁੱਕੀ ਹੈ। ਹਾਲ ਨਾਲ ਸੰਬੰਧਤ ਟਰੱਸਟ ਲਈ ਸੇਵਾ ਨਿਭਾਉਣ ਵਾਲੇ ਮੈਂਬਰਾਂ ਵਿੱਚ ਮੇਰਾ ਨਾਂ ਵੀ ਸ਼ਾਮਲ ਹੈ।

੧੯੬੧ ਵਿੱਚ ਹੀ ਪਿੰਡ ਦੇ ਕਿਸੇ ਮੇਲੇ ਸਮੇਂ ਨਿਕਲੇ ਧਾਰਮਿਕ ਜਲੂਸ ਵਿਚ, ਜਦੋਂ ਉਸ ਜਲੂਸ ਦਾ ਪੜਾਅ ਜਗਤ ਸਿੰਘ ਵਾਲੀ 'ਲਹੀਆਂ ਦੀ ਪੱਤੀ' ਵਿੱਚ ਹੋਇਆ ਤਾਂ ਮੈਂ ਉਚੇਚਾ ਟਾਈਮ ਲੈ ਕੇ ਲੋਕਾਂ ਨੂੰ ਆਪਣੇ ਪਿੰਡ ਦੇ ਇਹਨਾਂ ਮਹਾਨ ਦੇਸ਼-ਭਗਤਾਂ ਦੀ ਕੁਰਬਾਨੀ ਬਾਰੇ ਦੱਸਿਆ ਅਤੇ ਉਹਨਾਂ ਦੀ ਸ਼ਾਨਾਂ-ਮੱਤੀ ਵਿਰਾਸਤ ਦਾ ਗੌਰਵ ਚੇਤੇ ਕਰਵਾਇਆ। ਇਸ ਸਮੇਂ ਤੱਕ ਮੈਂ ਨਾਵਲ ਵਿੱਚ ਵਿਸ਼ੇਸ਼ ਤੌਰ ਤੇ ਵਰਤੀ ਗਈ ਹਵਾਲਾ-ਪੁਸਤਕ ਜਗਜੀਤ ਸਿੰਘ ਦੀ ਲਿਖੀ ਪੁਸਤਕ 'ਗ਼ਦਰ ਪਾਰਟੀ ਲਹਿਰ' ਵੀ ਮੰਗਵਾ ਕੇ ਪੜ੍ਹ ਚੁੱਕਾ ਸਾਂ। ਬੋਲਦਿਆਂ ਹੋਇਆਂ ਉਸ ਪੁਸਤਕ ਦੇ ਹਵਾਲੇ ਨਾਲ ਆਪਣੇ ਪਿੰਡ ਦੇ ਹੋਰ ਗ਼ਦਰੀ ਯੋਧਿਆਂ ਦਾ ਜ਼ਿਕਰ ਵੀ ਕੀਤਾ; ਜਿਨ੍ਹਾਂ ਨੂੰ ਉਮਰ-ਕੈਦ, ਕਾਲੇ-ਪਾਣੀ ਅਤੇ ਜਾਇਦਾਦ-ਜ਼ਬਤੀ ਦੀਆਂ ਸਜ਼ਾਵਾਂ ਹੋਈਆਂ ਸਨ। ਕਾਮਾਗਾਟਾ ਮਾਰੂ ਜਹਾਜ਼ ਵਿੱਚ ਗ੍ਰੰਥੀ ਵਜੋਂ ਸੇਵਾ ਨਿਭਾਉਣ ਵਾਲਾ ਸਾਡੀ ਹੀ ਪੱਤੀ ਦਾ ਬਾਬਾ ਸੁੱਚਾ ਸਿੰਘ ਤਾਂ ਅਜੇ ਵੀ ਜਿਊਂਦਾ ਸੀ, ਜਿਸਦੀ ਲੱਤ ਉੱਤੇ ਬਜਬਜ ਘਾਟ ਤੇ ਲੱਗੀ ਗੋਲੀ ਦਾ ਨਿਸ਼ਾਨ ਵੀ ਅਜੇ 'ਜਿਊਂਦਾ-ਜਾਗਦਾ' ਸੀ।

੨੦ ਦਸੰਬਰ ੧੯੬੮ ਨੂੰ ਬਾਬਾ ਸੋਹਣ ਸਿੰਘ ਭਕਨਾ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ ਉਹਨਾਂ ਦੀ ਮੌਤ ਤੋਂ ਪਿੱਛੋਂ ਮੈਂ ਇੱਕ ਲੇਖ ਲਿਖਿਆ ਜਿਸ ਵਿੱਚ ਉਹਨਾਂ ਦੀ ਬੇਮਿਸਾਲ ਕੁਰਬਾਨੀ ਦਾ ਜ਼ਿਕਰ ਕਰਦਿਆਂ, ਅੱਜ ਉਹਨਾਂ ਦੀਆਂ ਕੁਰਬਾਨੀਆਂ ਨੂੰ ਭੁਲਾਉਂਦੇ ਜਾ ਰਹੇ ਨੌਜਵਾਨ ਵਰਗ ਨੂੰ ਕਾਟਵਾਂ ਤਾਅਨਾ ਮਾਰਿਆ ਅਤੇ ਉਹਨਾਂ ਦੀ ਆਪਣੇ ਇਤਿਹਾਸਿਕ ਨਾਇਕਾਂ ਦੀਆਂ ਕੁਰਬਾਨੀਆਂ ਤੋਂ ਅਣਜਾਣਤਾ 'ਤੇ ਵਿਅੰਗ ਕੀਤਾ ਸੀ।

ਇਹ ਲੇਖ 'ਅਜੀਤ' ਦੇ ਮੁੱਖ-ਪੰਨੇ 'ਤੇ ਛਪਿਆ ਇਸਨੂੰ ਪੜ੍ਹ ਕੇ ਇੱਕ ਨੌਜਵਾਨ ਪਾਲ ਸਿੰਘ ਮੇਰੇ ਕੋਲ ਆਇਆ। ਮੇਰੇ ਲੇਖ ਦੀ ਪ੍ਰਸੰਸਾ ਕੀਤੀ ਅਤੇ ਦੱਸਿਆ ਕਿ ਉਹ ਜਲੰਧਰ ਤੋਂ ਚੱਲ ਰਹੇ ਇੱਕ ਅਦਾਰੇ 'ਯੁਵਕ ਕੇਂਦਰ' ਨਾਲ ਸੰਬੰਧਤ ਹੈ। 'ਯੁਵਕ ਕੇਂਦਰ' ਦਾ ਨਿਸ਼ਾਨਾ ਆਪਣੇ ਆਜ਼ਾਦੀ-ਸੰਗਰਾਮ ਦੇ ਭੁੱਲੇ-ਵਿੱਸਰੇ ਸ਼ਹੀਦਾਂ ਅਤੇ ਯੋਧਿਆਂ ਦੀ ਯਾਦ ਨੂੰ ਲੋਕਾਂ ਦੇ ਮਨਾਂ ਵਿੱਚ ਤਾਜ਼ਾ ਕਰਨਾ ਹੈ। ਇਸ ਮਕਸਦ ਲਈ ਉਹ ਛੋਟੇ ਛੋਟੇ ਪੈਂਫ਼ਲੈਟ ਛਾਪਦੇ ਸਨ ਜਿਨ੍ਹਾਂ ਵਿੱਚ ਸ਼ਹੀਦਾਂ ਦੇ ਜੀਵਨ-ਸਮਾਚਾਰ ਅਤੇ ਇਨਕਲਾਬੀ ਇਤਿਹਾਸ ਦੇ ਵੇਰਵੇ ਹੁੰਦੇ। ਕੁੱਝ ਪੈਂਫਲੈਟਾਂ ਵਿੱਚ ਬਾਬਾ ਭਕਨਾ ਦੀਆਂ ਲਿਖ਼ਤਾਂ ਸਨ। ਲੋਕਾਂ ਨੂੰ ਆਜ਼ਾਦੀ ਘੁਲਾਟੀਆ ਦੀ ਦੇਣ ਤੋਂ ਜਾਣੂ ਕਰਵਾਉਣ ਅਤੇ ਸੌਂ ਚੁੱਕੀ ਜਾਂ ਸਵਾ ਦਿੱਤੀ ਗਈ ਇਤਿਹਾਸਕ ਸੂਝ ਨੂੰ ਜਾਗਰਤ ਕਰਨ ਲਈ ਉਹ ਵੱਖ-ਵੱਖ ਥਾਈਂ ਆਪਣੇ ਛਾਪੇ ਸਾਹਿਤ ਅਤੇ ਸ਼ਹੀਦਾਂ ਦੀਆਂ ਦੁਰਲਭ ਤਸਵੀਰਾਂ ਦੀਆਂ ਨੁਮਾਇਸ਼ਾਂ ਲਾਉਂਦੇ।

ਜ਼ਾਹਿਰਾ ਤੌਰ 'ਤੇ ਕਿਸੇ ਕਿਸਮ ਦੀ ਸਿਆਸੀ ਪ੍ਰਤੀਬੱਧਤਾ ਤੋਂ ਨਿਰਲੇਪ ਰਹਿ ਕੇ ਉਹ ਆਪਣੇ ਇਨਕਲਾਬੀ ਇਤਿਹਾਸ ਨੂੰ ਚੇਤੇ ਕਰਵਾਉਣ ਤੇ ਲੋਕ-ਮਨਾਂ ਵਿੱਚ ਵਸਾਉਣ ਦਾ ਇਤਿਹਾਸਿਕ ਕਾਰਜ ਕਰ ਰਹੇ ਸਨ ਇੰਜੀਨੀਅਰਿੰਗ ਕਾਲਜ ਲੁਧਿਆਣੇ ਦਾ ਪ੍ਰੋਫ਼ੈਸਰ ਮਲਵਿੰਦਰਜੀਤ ਸਿੰਘ ਵੜੈਚ ਅਤੇ ਸ਼ਹੀਦ ਭਗਤ ਸਿੰਘ ਦਾ ਭਣੇਵਾਂ ਜਗਮੋਹਨ ਸਿੰਘ ਉਹਨਾਂ ਦੇ ਆਗੂ ਸਨ। ਪਾਲ ਸਿੰਘ ਨੇ ਮੈਨੂੰ ਆਖਿਆ ਕਿ ਮੈਂ ਵੀ ਇਸ ਪਵਿੱਤਰ ਫ਼ਰਜ਼ ਨੂੰ ਅਦਾ ਕਰਨ ਵਿੱਚ ਉਹਨਾਂ ਦਾ ਸਾਥ ਦਿਆਂ। ਮੈਨੂੰ ਕੋਈ ਉਜਰ ਨਹੀਂ ਸੀ। ਉਹ ਤਾਂ ਮੇਰੇ ਹੀ ਮਨ ਦੀ ਗੱਲ ਕਰ ਰਹੇ ਸਨ। ਸਾਹਿਤ ਰਚਨਾ ਤੋਂ ਇਲਾਵਾ ਕੁੱਝ ਹੋਰ ਸਾਰਥਕ ਕੰਮ ਕਰਨ ਲਈ ਵੀ ਮੈਨੂੰ ਮੰਚ ਮਿਲ ਰਿਹਾ ਸੀ। ਅਸੀਂ ਆਪਣੇ ਆਸੇ ਪਾਸੇ ਦੇ ਪਿੰਡਾਂ ਵਿੱਚ ਹੋਣ ਵਾਲੇ ਮੇਲਿਆਂ ਅਤੇ ਹੋਰ ਸਮਾਗਮਾਂ ਸਮੇਂ ਇਹ ਨੁਮਾਇਸ਼ਾਂ ਜਾ ਲਾਉਂਦੇ ਅਤੇ ਲੋਕਾਂ ਨੂੰ ਭੁੱਲੇ-ਵਿਸਰੇ ਸ਼ਹੀਦਾਂ ਦੀਆਂ ਕੁਰਬਾਨੀਆਂ ਤੋਂ ਜਾਣੂ ਕਰਵਾਉਂਦੇ ਦੱਸਦੇ; ਕਿ ਦੇਸ਼ ਦੀ ਆਜ਼ਾਦੀ ਦਾ ਇਤਿਹਾਸ ਕੇਵਲ ਓਹੋ ਹੀ ਨਹੀਂ ਜੋ ਕਿਤਾਬਾਂ ਵਿੱਚ ਪੜ੍ਹਾਇਆ ਜਾਂਦਾ ਹੈ ਸਗੋਂ ਇਸ ਇਤਿਹਾਸ ਨੂੰ ਸਿਰਜਣ ਵਾਲੇ ਅਸਲ ਨਾਇਕ ਤਾਂ ਇਹ ਲੋਕ ਹੀ ਹਨ, ਜਿਨ੍ਹਾਂ ਦਾ ਜ਼ਿਕਰ ਪਾਠ-ਪੁਸਤਕਾਂ ਵਿੱਚ ਜਾਣ-ਬੁੱਝ ਕੇ ਨਹੀਂ ਆਉਣ ਦਿੱਤਾ ਗਿਆ। ਲੋਕ ਇਹ ਨੁਮਾਇਸ਼ਾਂ ਦੇਖ ਕੇ ਖ਼ੁਸ਼ ਹੁੰਦੇ ਅਤੇ ਇਹ ਵੀ ਪੁੱਛਦੇ, "ਤੁਹਾਡਾ ਅਗਲਾ ਪ੍ਰੋਗਰਾਮ ਕੀ ਹੈ?"

ਪਰ 'ਅਗਲਾ ਪ੍ਰੋਗਰਾਮ' ਤਾਂ ਸਾਡੇ ਕੋਲ ਕੋਈ ਨਹੀਂ ਸੀ ਮੈਂ ਵੀ ਇਹ ਅਗਲਾ ਪ੍ਰੋਗਰਾਮ ਲੋੜਦਾ ਸਾਂ। ਇਹ ਅਗਲਾ ਪ੍ਰੋਗਰਾਮ ਤਾਂ ਕੋਈ ਰਾਜਨੀਤਕ ਪਾਰਟੀ ਹੀ ਦੇ ਸਕਦੀ ਸੀ।

ਪਰ ਉਹ ਕਿਹੜੀ ਪਾਰਟੀ ਸੀ? ਸਿੱਖ ਇਤਿਹਾਸ ਦਾ ਸਰੋਤਾ ਅਤੇ ਪਾਠਕ ਰਿਹਾ ਹੋਣ ਕਰਕੇ ਮੈਨੂੰ ਅਕਾਲੀ ਪਾਰਟੀ ਵੀ ਚੰਗੀ ਲੱਗਦੀ ਰਹੀ ਸੀ। ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਅਕਾਲੀਆਂ ਵੱਲੋਂ ਗੁਰਦੁਆਰਿਆਂ ਦੀ ਆਜ਼ਾਦੀ ਲਈ ਲਾਏ ਮੋਰਚਿਆਂ ਅਤੇ ਦਿੱਤੀਆਂ ਬੇਮਿਸਾਲ ਕੁਰਬਾਨੀਆਂ ਦਾ ਮੈਂ ਦਿਲੀ ਕਦਰਦਾਨ ਸਾਂ। ਪੰਜਾਬੀ ਸੂਬੇ ਦੀ ਪ੍ਰਾਪਤੀ ਲਈ ਲੜੇ ਅਕਾਲੀਆਂ ਦੇ ਸੰਘਰਸ਼ ਨੇ ਵੀ ਮੇਰਾ ਮਨ ਮੋਹਿਆ ਹੋਇਆ ਸੀ। ਪਰ ਪਿਛਲੇ ਕੁੱਝ ਸਾਲਾਂ ਵਿੱਚ ਮਾਸਟਰ ਤਾਰਾ ਸਿੰਘ ਅਤੇ ਸੰਤ ਫ਼ਤਹਿ ਸਿੰਘ ਦੇ 'ਮਰਨ-ਵਰਤ' ਰੱਖਣ, ਬਿਨਾਂ ਕਿਸੇ ਪ੍ਰਾਪਤੀ ਤੋਂ ਵਰਤ ਤੋੜ ਲੈਣ ਅਤੇ ਅਕਾਲ ਤਖ਼ਤ ਉੱਤੇ ਅਗਨ-ਕੁੰਡ ਬਣਾ ਕੇ ਸੰਤ ਫ਼ਤਹਿ ਸਿੰਘ ਦੇ ਸੜ-ਮਰਨ ਦੇ ਐਲਾਨਾਂ ਅਤੇ ਡਰਾਮਿਆਂ ਨੇ ਅਕਾਲੀਆਂ ਦੀ ਮੌਕਾ-ਪ੍ਰਸਤ ਰਾਜਨੀਤੀ ਤੋਂ ਮੇਰਾ ਮਨ ਖੱਟਾ ਕਰ ਦਿੱਤਾ ਸੀ। ਉੱਤੋਂ ਦਰਸ਼ਨ ਸਿੰਘ ਫੇਰੂਮਾਨ ਦੀ ਕੁਰਬਾਨੀ ਨੇ ਅਕਾਲੀ ਲੀਡਰਾਂ ਦੀ ਮੌਕਾ-ਪ੍ਰਸਤੀ ਦਾ ਪੋਲ ਅਸਲੋਂ ਹੀ ਖੋਲ੍ਹ ਕੇ ਰੱਖ ਦਿੱਤਾ ਸੀ।

ਮੇਰੇ ਅੰਦਰ ਵਧ ਰਹੀ ਵਿਗਿਆਨਕ ਚੇਤਨਾ ਨੇ ਅਕਾਲੀਆਂ ਅੰਦਰਲੇ ਧਾਰਮਿਕ ਕੱਟੜਵਾਦ ਤੋਂ ਵੀ ਮੇਰਾ ਮੂੰਹ ਮੋੜਨਾ ਸ਼ੁਰੂ ਕਰ ਦਿੱਤਾ ਸੀ। ਕਾਂਗਰਸ ਤਾਂ ਭਲਾ ਕਮਿਊਨਿਸਟਾਂ ਦੇ ਕਥਨ 'ਗੋਰੇ ਦੀ ਥਾਂ ਕਾਲਾ ਆਇਆ, ਉਹ ਵੀ ਛੜੀਆਂ ਮਾਰੇ' ਮੁਤਾਬਕ 'ਛੜੀਆਂ ਮਾਰਨ ਵਾਲੀ' ਸਥਾਪਤ ਤਾਕਤ ਸੀ ਅਤੇ 'ਬਿਰਲਿਆਂ ਤੇ ਟਾਟਿਆਂ-ਬਾਟਿਆਂ' ਦੀ ਧਿਰ ਸੀ। ਪੰਜਾਬੀ ਜ਼ਬਾਨ ਦੇ ਆਧਾਰ 'ਤੇ ਸੂਬਾ ਬਨਾਉਣ ਤੋਂ ਨਾਂਹ ਕਰਨ ਕਰਕੇ ਕਾਂਗਰਸ ਕਦੀ ਵੀ ਮੇਰੇ ਮਨ ਦੇ ਨੇੜੇ ਨਹੀਂ ਸੀ ਆ ਸਕੀ ਮੇਰਾ ਮਨ ਤਾਂ ਦੋਵਾਂ ਕਮਿਊਨਿਸਟ ਪਾਰਟੀਆਂ ਨੂੰ ਹੀ ਆਪਣਾ ਅਤੇ ਚੰਗਾ ਸਮਝਦਾ ਸੀ, ਬਗ਼ੈਰ ਇਹ ਜਾਣਿਆਂ ਕਿ ਉਹ ਕਿਹੜੀ ਵਿਧੀ ਨਾਲ ਇਨਕਲਾਬ ਲਿਆਉਣ ਦੀਆਂ ਇੱਛੁਕ ਹਨ। ਅਸਲ ਵਿੱਚ ਮੈਂ ਕਿਸੇ ਸਿਆਣੇ ਕਮਿਊਨਿਸਟ ਦੇ ਸੰਪਰਕ ਵਿੱਚ ਹੀ ਨਹੀਂ ਸਾਂ ਆਇਆ ਜੋ ਮੈਨੂੰ ਦੋਵਾਂ ਪਾਰਟੀਆਂ ਦੇ ਸਿਧਾਂਤਕ ਵਖਰੇਵੇਂ ਨੂੰ ਸਮਝਾਉਂਦਾ ਅਤੇ ਉਹਨਾਂ ਵਿਚੋਂ ਕਿਸੇ ਇੱਕ ਦੇ ਲੜ ਲਾ ਸਕਦਾ।

ਦੋਵਾਂ ਪਾਰਟੀਆਂ ਦੇ ਆਗੂ ਸਾਡੇ ਪਿੰਡ ਜਲਸੇ-ਡਰਾਮੇ ਕਰਨ ਆਉਂਦੇ, ਆਪਣੇ ਭਾਸ਼ਨ ਦਿੰਦੇ ਅਤੇ ਚਲੇ ਜਾਂਦੇ। ਸਾਡੇ ਆਪਣੇ ਪਿੰਡ ਵਿੱਚ ਕਮਿਊਨਿਸਟਾਂ ਦੀ ਕੋਈ ਬਹੁਤੀ ਸਾਖ ਨਹੀਂ ਸੀ। ਸਾਡੇ ਪਿੰਡ ਉਸ ਵੇਲੇ ਤੱਕ ਦੋ ਹੀ ਪ੍ਰਤੀਬੱਧ ਕਾਮਰੇਡ ਸਨ। ਹਰਬੰਸ ਸਿੰਘ ਸੀ ਪੀ ਆਈ ਦਾ ਅਤੇ ਸ਼ੇਰ ਸਿੰਘ ਸੀ ਪੀ ਐੱਮ ਦਾ। ਦੋਵੇਂ ਹੀ ਅਨਪੜ੍ਹ ਸਨ ਲੋਕ ਉਹਨਾਂ ਦੀਆਂ ਗੱਲਾਂ ਨੂੰ ਹਾਸੇ ਨਾਲ ਟਾਲ ਛੱਡਦੇ ਸਨ। ਜਿਸਦੀ ਪਾਰਟੀ ਦਾ ਜਲਸਾ ਹੋਣਾ ਹੁੰਦਾ ਉਸਦੇ ਆਗੂ ਇਹਨਾਂ ਦੋਵਾਂ ਵਿਚੋਂ ਕਿਸੇ ਇੱਕ ਨੂੰ ਨਾਲ ਲੈ ਕੇ ਬਾਜ਼ਾਰ ਵਿਚੋਂ ਉਗਰਾਹੀ ਕਰਦੇ। ਆਦਰ ਵਜੋਂ ਅਕਸਰ ਰਾਤ ਨੂੰ ਹੋਣ ਵਾਲੇ ਜਲਸੇ ਮੌਕੇ ਇਹਨਾਂ ਵਿਚੋਂ ਇੱਕ ਨੂੰ ਜਾਂ ਉਹਨਾਂ ਦੀ ਸਲਾਹ ਨਾਲ ਕਿਸੇ ਹੋਰ ਆਮ ਕਿਰਸਾਣ ਨੂੰ ਪ੍ਰਧਾਨਗੀ ਦੀ ਕੁਰਸੀ 'ਤੇ ਬਿਠਾ ਲੈਂਦੇ। 'ਦੇਸ਼ ਭਗਤ ਯਾਦਗਾਰ ਲਾਇਬ੍ਰੇਰੀ' ਬਨਾਉਣ ਕਰਕੇ ਮੈਂ ਇਹਨਾਂ ਦੋਵਾਂ ਕਾਮਰੇਡਾਂ ਨੂੰ ਹੀ ਆਪਣਾ ਬੰਦਾ ਲੱਗਦਾ ਸਾਂ। ਦੋਵੇਂ ਮੇਰੇ ਕੰਮ, ਵਿਚਾਰਾਂ ਅਤੇ ਲਗਨ ਦੀ ਪਰਸੰਸਾ ਕਰਦੇ। ਪਰ ਉਹਨਾਂ ਵਿੱਚ ਏਨੀ ਬੌਧਿਕ ਸਮਰੱਥਾ ਹੈ ਹੀ ਨਹੀਂ ਸੀ ਕਿ ਮੈਨੂੰ ਵਿਚਾਰਧਾਰਕ ਤੌਰ 'ਤੇ ਬਾਕਾਇਦਾ ਆਪਣੀ ਪਾਰਟੀ ਨਾਲ ਜੋੜ ਸਕਣ ਦੇ ਕਾਬਲ ਹੁੰਦੇ। ਉਂਜ ਮੈਂ ਉਹਨਾਂ ਦੋਵਾਂ ਦੀ ਸਾਫ-ਦਿਲੀ, ਸਾਫ਼-ਗੋਈ ਅਤੇ ਉਮਰ ਭਰ ਕਮਿਊਨਿਸਟ ਪਾਰਟੀਆਂ ਨਾਲ ਜੁੜੇ ਰਹਿਣ ਦੀ ਪ੍ਰਤੀਬੱਧਤਾ ਦਾ ਕਾਇਲ ਸਾਂ। ਉਹ ਦੋਵੇਂ ਹੀ ਚੰਗੇ ਇਨਸਾਨ ਸਨ ਪਰ ਉਹਨਾਂ ਜਾਂ ਪਾਰਟੀ ਦੀ ਸੀਮਾ ਸੀ ਕਿ ਉਹ ਆਪਣੇ ਨਾਲ ਹੋਰ ਲੋਕਾਂ ਨੂੰ ਵੱਡੀ ਗਿਣਤੀ ਵਿੱਚ ਜੋੜਨ ਦੇ ਸਮਰੱਥ ਨਾ ਹੋ ਸਕ। ਮੇਰੀ ਕਹਾਣੀ 'ਭੱਜੀਆਂ ਬਾਹੀਂ' ਦੇ ਅੰਤ ਉੱਤੇ ਜਿਹੜਾ ਬੁੱਢਾ ਤੇ ਇਕੱਲਾ ਕਾਮਰੇਡ ਡੰਗੋਰੀ ਫੜ੍ਹ ਕੇ ਤੁਰ ਰਿਹਾ ਹੈ, ਉਸਨੂੰ ਚਿਤਰਦਿਆਂ ਇਹ ਦੋਵੇਂ ਬਜ਼ੁਰਗ ਕਾਮਰੇਡ ਮੇਰੇ ਜ਼ਿਹਨ ਵਿੱਚ ਸਨ ਜੋ ਚੰਗੀ ਸੋਚ ਦੇ ਹੁੰਦਿਆਂ ਵੀ ਇਕੱਲੇ ਅਤੇ ਪ੍ਰਸੰਗ-ਹੀਣ ਹੋ ਕੇ ਰਹਿ ਗਏ ਸਨ।

ਕਿਸੇ ਵੀ ਰਾਜਨੀਤਕ ਪਾਰਟੀ ਨਾਲ ਨਾ ਜੁੜਨ ਕਰਕੇ ਮੈਂ 'ਜ਼ਿੰਦਗੀ ਵਿੱਚ ਕੁੱਝ ਕਰਨ' ਦੇ ਆਪਣੇ ਮਕਸਦ ਨੂੰ ਸਾਹਿਤਕ, ਸਮਾਜਕ-ਸਭਿਆਚਾਰਕ ਗਤੀਵਿਧੀਆਂ ਰਾਹੀਂ ਪੂਰਾ ਕਰਨ ਦੀ ਕੋਸ਼ਿਸ਼ ਕਰਦਾ। ਅਗਲੇ ਸਾਲ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਸਾਲਾ ਜਨਮ ਸ਼ਤਾਬਦੀ ਦੇ ਸਾਲ ਉੱਤੇ ਮੈਂ ਆਪਣੇ ਪਿੰਡ ਦੇ ਨੌਜਵਾਨਾਂ ਨੂੰ ਇਕੱਠਾ ਕਰ ਕੇ ਗੁਰਬਖ਼ਸ਼ ਸਿੰਘ ਪ੍ਰੀਤ-ਲੜੀ ਦੇ ਬਣਾਏ 'ਮਿੱਤਰ-ਮੰਡਲ' ਤੋਂ ਪ੍ਰਭਾਵਿਤ ਹੋ ਕੇ 'ਗੁਰੂ ਨਾਨਕ ਮਿੱਤਰ-ਮੰਡਲ' ਨਾਂ ਦੀ ਸੰਸਥਾ ਕਾਇਮ ਕਰ ਲਈ 'ਸ਼ਹੀਦ ਯਾਦਗਾਰ ਲਾਇਬ੍ਰੇਰੀ' ਤਾਂ ਚੱਲ ਹੀ ਰਹੀ ਸੀ ਪਰ ਮੈਂ ਹੁਣ ਆਪਣੇ ਸਾਥੀਆਂ ਦਾ ਘੇਰਾ ਚੌੜਾ ਅਤੇ ਵੱਡਾ ਕਰਨਾ ਚਾਹੁੰਦਾ ਸਾਂ। ਚਾਹੁੰਦਾ ਸਾਂ ਕਿ ਪਿੰਡ ਦੇ ਪੜ੍ਹੇ-ਲਿਖੇ ਨੌਜਵਾਨਾਂ ਦਾ ਵੱਡਾ ਵਰਗ ਸਾਡੇ ਨਾਲ ਜੁੜੇ ਇਸ ਮਕਸਦ ਲਈ ਗੁਰੂ ਨਾਨਕ ਦਾ ਨਾਂ ਨਾਲ ਜੋੜਨਾ ਆਮ ਲੋਕਾਂ ਨੂੰ ਆਪਣੇ ਵੱਲ ਖਿੱਚ ਅਤੇ ਜੋੜ ਸਕਦਾ ਸੀ।

ਹੁਣ ਤਾਂ ਭਾਵੇਂ ਮੈਂ ਸੁਚੇਤ ਤੌਰ ਤੇ ਇਸ ਵਿਚਾਰ ਦਾ ਧਾਰਨੀ ਹਾਂ ਕਿ ਕਮਿਊਨਿਸਟਾਂ ਨੇ ਜੇ ਪੰਜਾਬ ਵਿੱਚ ਪੈਰ ਲਾਉਣੇ ਸਨ ਤਾਂ ਉਹਨਾਂ ਨੂੰ ਪੰਜਾਬ ਦੇ ਇਨਕਲਾਬੀ ਇਤਿਹਾਸ ਨਾਲ ਆਪਣਾ ਸਜਿੰਦ ਨਾਤਾ ਜੋੜਨਾ ਚਾਹੀਦਾ ਸੀ ਪਰ ਉਦੋਂ ਵੀ ਮੇਰੇ ਅਚੇਤ ਮਨ ਨੂੰ ਇਹ ਲੱਗਦਾ ਸੀ ਕਿ ਗੁਰੂ-ਸਾਹਿਬਾਨ ਦੀ ਪੰਜਾਬ ਦੇ ਇਤਿਹਾਸ ਨੂੰ ਦਿੱਤੀ ਲਾਸਾਨੀ ਦੇਣ ਨੂੰ ਸਵੀਕਾਰਨ ਤੋਂ ਬਿਨਾਂ ਆਮ ਲੋਕਾਂ ਨੂੰ ਆਪਣੇ ਨਾਲ ਨਹੀਂ ਜੋੜਿਆ ਜਾ ਸਕਦਾ।

ਇਸਦਾ ਚੰਗਾ ਅਸਰ ਹੋਇਆ। ਹੋਰ ਨੌਜਵਾਨ ਤੇ ਆਮ ਲੋਕ ਵੀ ਸਾਡੇ ਨਾਲ ਜੁੜਨੇ ਸ਼ੁਰੂ ਹੋ ਗਏ। ਕਰਤਾਰ ਸਿੰਘ ਜੋਸ਼ ਨਾਂ ਦਾ ਬਜ਼ੁਰਗ ਹਾਸੇ ਅਤੇ ਵਿਅੰਗ ਨਾਲ ਮੈਨੂੰ ਆਖਦਾ, "ਵਾਹ ਭਈ! ਗੁਰੂ ਨਾਨਕ ਦੇ ਸਿੱਖ, ਸ਼ਰਧਾਲੂ ਅਤੇ ਚੇਲੇ ਤਾਂ ਸੁਣੇ ਸਨ; ਹੁਣ ਇਹ ਗੁਰੂ ਨਾਨਕ ਦੇ 'ਮਿੱਤਰ' ਵੀ ਆ ਗਏ ਜੇ!" ਮੈਂ ਉਸਨੂੰ ਉੱਤੋਂ ਹਾਸੇ ਨਾਲ ਪਰ ਅੰਦਰੋਂ ਗੰਭੀਰ ਹੋ ਕੇ ਆਖਦਾ ਕਿ 'ਉਹਨਾਂ ਸ਼ਰਧਾਲੂਆਂ ਨੇ ਗੁਰੂ ਨੂੰ ਬਹੁਤ ਉੱਚਾ ਅਤੇ ਦੂਰ ਕਰਕੇ ਆਮ ਲੋਕਾਂ ਲਈ 'ਅਪਹੁੰਚ' ਬਣਾ ਛੱਡਿਆ ਹੈ; ਉਹ ਸੋਚਦੇ ਹਨ ਕਿ ਗੁਰੂ ਵਰਗਾ ਕੇਵਲ ਗੁਰੂ ਹੀ ਹੋ ਸਕਦਾ ਹੈ; ਹੋਰ ਕੋਈ ਨਹੀਂ ਇਸ ਲਈ ਉਹ ਗੁਰੂ ਵਰਗਾ ਬਣਨ ਦੇ ਯਤਨ ਹੀ ਛੱਡ ਦਿੰਦੇ ਹਨ ਅਤੇ ਆਮ ਦੁਨਿਆਵੀ ਮੰਡਲਾਂ ਵਿੱਚ ਮੁੜ-ਘਿੜ ਘੁੰਮਣਾ ਸ਼ੁਰੂ ਕਰ ਦਿੰਦੇ ਹਨ। ਉਹਨਾਂ ਵਿੱਚ ਇਹ ਵਿਸ਼ਵਾਸ ਜਾਂ ਸਵੈ-ਭਰੋਸਾ ਹੀ ਨਹੀਂ ਰਹਿੰਦਾ ਕਿ ਉਹ ਗੁਰੂ ਦੀ ਸ਼ਖ਼ਸੀਅਤ ਦਾ ਕੋਈ ਗੁਣ ਗ੍ਰਹਿਣ ਵੀ ਕਰ ਸਕਦੇ ਹਨ ਅਤੇ ਆਮ ਸਤਹ ਤੋਂ ਉਪਰ ਵੀ ਉੱਠ ਸਕਦੇ ਹਨ; ਜਦ ਕਿ ਅਸੀਂ ਸਮਝਦੇ ਹਾਂ ਕਿ ਗੁਰੂ ਸਾਡਾ ਆਪਣਾ ਹੈ, ਸਾਡਾ ਪਿਆਰਾ ਸਾਥੀ ਤੇ ਆਗੂ ਹੈ। ਉਸਨੇ ਸਾਨੂੰ ਸੱਚ ਦਾ ਰਾਹ ਦੱਸਿਆ ਸੀ ਅਤੇ ਇਸ ਰਾਹ ਤੇ ਖੁੱਲ੍ਹੀਆਂ ਅੱਖਾਂ ਨਾਲ ਤੁਰਨ ਲਈ ਕਿਹਾ ਸੀ। ਨਿਰੋਲ ਸ਼ਰਧਾ ਨਾਲ ਮੁੰਦੀਆਂ ਅੱਖਾਂ ਨੂੰ ਇਹ ਰਾਹ ਦਿਖਾਈ ਨਹੀਂ ਦੇ ਸਕਦਾ। ਅਸੀਂ ਆਪਣੇ ਗੁਰੂ ਦੇ ਧੰਨਵਾਦੀ ਹਾਂ ਕਿ ਉਸਨੇ ਸਾਨੂੰ ਤੁਰਨ ਲਈ ਰਾਹ ਵੀ ਦੱਸਿਆ ਹੈ ਅਤੇ ਸੱਚ ਵੇਖਣ ਵਾਲੀ ਅੱਖ ਵੀ ਦਿੱਤੀ ਹੈ'।

ਸੱਚੀ ਗੱਲ ਤਾਂ ਇਹ ਸੀ ਕਿ ਅਸੀਂ ਆਪਣੇ ਸੰਪਰਕ ਵਿੱਚ ਆਉਣ ਵਾਲੇ ਲੋਕਾਂ ਨੂੰ ਚੰਗੀ ਜੀਵਨ-ਜਾਚ ਦੇ ਲੜ ਲਾਉਣਾ ਚਾਹੁੰਦੇ ਸਾਂ ਆਪਣੇ ਜਾਨਦਾਰ ਇਤਿਹਾਸ ਤੋਂ ਜਾਣੂ ਕਰਵਾ ਕੇ ਕੁੱਝ ਚੰਗਾ ਕਰਨ ਲਈ ਪ੍ਰੇਰਿਤ ਕਰਨ ਦੀ ਇੱਛਾ ਰੱਖਦੇ ਸਾਂ ਅਤੇ ਅੰਨ੍ਹੀ ਧਾਰਮਿਕ ਸ਼ਰਧਾ ਤੋਂ ਉੱਪਰ ਉੱਠ ਕੇ ਵਿਗਿਆਨਕ ਚੇਤਨਾ ਨੂੰ ਅਪਨਾਉਣ ਦੀ ਸੋਝੀ ਦੇਣਾ ਚਾਹੁੰਦੇ ਸਾਂ। ਇਸ ਮਕਸਦ ਲਈ ਅਸੀਂ ਨਾਟਕ ਵੀ ਖੇਡਦੇ-ਖਿਡਵਾਉਂਦੇ ਰਹੇ। ਆਮ ਲੋਕਾਂ ਵਿੱਚ ਚੌਗਿਰਦੇ ਨੂੰ ਸਾਫ਼ ਰੱਖਣ ਦੀ ਭਾਵਨਾ ਪੈਦਾ ਕਰਨ ਲਈ ਅਸੀਂ ਹਫ਼ਤੇ ਪਿਛੋਂ ਪਿੰਡ ਦੀਆਂ ਗਲੀਆਂ ਅਤੇ ਨਾਲੀਆਂ ਸਾਫ਼ ਕਰਨ ਦਾ ਉੱਦਮ ਵੀ ਕਰਦੇ ਪਹਿਲਾਂ ਤਾਂ ਲੋਕਾਂ ਨੇ ਸਾਡੇ ਇਸ 'ਖ਼ਬਤ' ਦਾ ਮਜ਼ਾਕ ਵੀ ਉਡਾਇਆ ਬਾਪੂ ਹਕੀਕਤ ਸਿੰਘ ਹੀ ਸਾਡਾ ਮਖੌਲ ਉਡਾਉਂਦਾ, "ਸ਼ਾਬਸ਼ੇ ਭਾਈ ਜਵਾਨੋ! ਹੱਟੀਆਂ ਵਾਲੇ ਆਪਣਾ ਕੂੜਾ ਕੱਠਾ ਕਰ ਛੱਡਦੇ ਨੇ। ਉਹਨਾਂ ਦੇ ਮਨ ਵਿੱਚ ਹੁੰਦਾ ਹੈ ਕਿ ਚਲੋ ਐਤਵਾਰ ਦੇ ਐਤਵਾਰ 'ਮਿੱਹਤਰਾਂ' ਨੇ ਆ ਕੇ ਸਫ਼ਾਈ ਕਰ ਹੀ ਜਾਣੀ ਹੈ!" ਉਹ 'ਮਿੱਤਰਾਂ' ਨੂੰ 'ਮਿਹਤਰਾਂ' ਹੀ ਆਖਦਾ। ਪਰ ਕੁੱਝ ਲੋਕਾਂ ਉੱਤੇ ਇਸ ਦਾ ਚੰਗਾ ਅਸਰ ਹੋਇਆ। ਸਾਡੇ ਵਿਚੋਂ ਬਹੁਤ ਸਾਰੇ ਅਧਿਆਪਕ ਸਨ ਅਤੇ ਹੋਰ ਨੌਕਰੀ-ਪੇਸ਼ਾ ਲੋਕ ਵੀ ਇਸ ਲਈ ਲੋਕ ਹੌਲੀ ਹੌਲੀ ਸਾਡੇ ਕੰਮ ਦੇ ਪਰਸੰਸਕ ਬਣਦੇ ਗਏ। ਲੋੜ ਵੇਲੇ ਉਗਰਾਹੀ ਬੜੀ ਖ਼ੁਸ਼ੀ ਨਾਲ ਦਿੰਦੇ ਪਿੰਡ ਵਿੱਚ ਸਾਡੀ ਇੱਜ਼ਤ ਵਧ ਗਈ ਸੀ।

ਵਿਦਿਆ

ਵਿਦਿਆ ਖੁਸ਼ਹਾਲੀ ਸਮੇਂ ਇਕ ਗਹਿਣਾ ਹੈ ਅਤੇ ਮੰਦਹਾਲੀ ਸਮੇਂ ਇਕ ਸ਼ਰਨਗਾਹ ਹੈ।

—ਅਰਸਤੂ

ਜਿਹੜੇ ਮਾਂ ਬਾਪ ਆਪਣੇ ਬੱਚਿਆਂ ਨੂੰ ਸਿੱਖਿਆ ਦਵਾਉਣ ਦੀ ਬਜਾਏ ਧਨ ਜਾਂ ਜਾਇਦਾਦ ਦੇਣ ਦੀ ਕੋਸ਼ਿਸ਼ ਵਿਚ ਲੱਗੇ ਰਹਿੰਦੇ ਹਨ ਉਹ ਅਸਲ ਵਿਚ ਆਪਣੇ ਬੱਚਿਆਂ ਦੇ ਵੈਰੀ ਹਨ ਕਿਉਂਕਿ ਬਿਨਾਂ ਵਿਦਿਆ ਉਨ੍ਹਾਂ ਦੀ ਔਲਾਦ ਦਾ ਸਨਮਾਨ ਸਮਾਜ ਵਿਚ ਨਹੀਂ ਹੁੰਦਾ ਅਤੇ ਔਲਾਦ ਦੀ ਦਸ਼ਾ ਹੰਸਾਂ ਵਿਚ ਬੈਠਣ ਵਾਲੇ ਬਗਲੇ ਦੀ ਤਰ੍ਹਾਂ ਹੁੰਦੀ ਹੈ।

• • •

ਵੱਡੇ ਖਾਨਦਾਨ ਵਿਚ ਪੈਦਾ ਹੋ ਕੇ ਕੋਈ ਚਾਹੇ ਕਿੰਨਾ ਸੋਹਣਾ ਜਾਂ ਜਵਾਨ ਹੋਵੇ, ਪਰ ਵਿੱਦਿਆ ਤੋਂ ਹੀਣ ਉਹ ਉਸੀ ਤਰ੍ਹਾਂ ਸੋਭਾ ਨਹੀਂ ਪਾਉਂਦਾ ਜਿਸ ਤਰ੍ਹਾਂ ਬਿਨਾਂ ਖੁਸ਼ਬੂ ਤੋਂ ਫੁੱਲ ਸ਼ੋਭਾ ਨਹੀਂ ਦਿੰਦੇ।

• • •

ਵਿਦਿਆ ਤੋਂ ਬਿਨਾਂ ਵੱਡੇ ਵੱਡੇ ਖਾਨਦਾਨ ਵੀ ਛੇਤੀ ਬਰਬਾਦ ਹੋ ਜਾਂਦੇ ਹਨ ਅਤੇ ਵਿਦਿਆ ਪਾ ਕੇ ਛੋਟੇ ਕੁਲ ਵੀ ਦੇਵਤੇ ਬਣ ਜਾਂਦੇ ਹਨ।

• • •

ਜੋ ਸੁੱਖ ਚਾਹੁੰਦਾ ਹੈ ਉਹ ਵਿਦਿਆ ਪੜ੍ਹਨ ਦੀ ਆਸ਼ਾ ਛੱਡ ਦੇਵੇ। ਜੋ ਵਿਦਿਆ ਚਾਹੁੰਦਾ ਹੈ ਉਹ ਸੁੱਖ ਦੀ ਆਸ਼ਾ ਛੱਡ ਦੇਵੇ ਕਿਉਂਕਿ ਆਲਸੀ ਨੂੰ ਵਿਦਿਆ ਨਹੀਂ ਮਿਲ ਸਕਦੀ। ਵਿਦਿਆ ਦੇ ਚਾਹਵਾਨ ਆਲਸੀ ਨਹੀਂ ਬਣ ਸਕਦੇ। *—ਚਾਣਕਯ (ਚਾਣਕਯ ਨੀਤੀ)*

ਕੀ ਇਸਨੂੰ ਵੀ ਜ਼ਿੰਦਗੀ ਕਿਹਾ ਜਾ ਸਕਦਾ ਹੈ?

ਡਾ: ਹਰਬਿੰਦਰ ਕੌਰ, ਐਮ ਡੀ,

ਬੱਚਿਆਂ ਦੀ ਮਾਹਿਰ,



ਇਕ ਮਾਨਸਿਕ ਰੋਗਾਂ ਦੀ ਡਾਕਟਰੀ ਕਾਨਫਰੰਸ ਵਿਚ ਮੈਂ ਵੀ ਸ਼ਾਮਲ ਹੋਈ ਸੀ। ਉੱਥੇ ਲੈਕਚਰ ਦੇਣ ਆਇਆ ਇਕ ਡਾਕਟਰ ਆਪਣੇ ਮਰੀਜ਼ਾਂ ਦੀਆਂ ਤਸਵੀਰਾਂ ਅਤੇ ਬੀਮਾਰੀ ਬਾਰੇ ਸਲਾਈਡਾਂ ਬਣਾ ਕੇ ਲਿਆਇਆ ਸੀ। ਉਹ ਵੱਖੋ ਵਖਰੇ ਮਰੀਜ਼ਾਂ ਦੀ ਹਿਸਟਰੀ ਸੁਣਾ ਕੇ ਸਭ ਨੂੰ ਸਮਝਾ ਰਿਹਾ ਸੀ ਕਿ ਕਿਵੇਂ ਚੰਗੇ ਭਲੇ ਮਨੁੱਖਾਂ ਨੂੰ ਹਾਲਾਤ ਹੀ ਪੱਕੇ ਮਾਨਸਿਕ ਰੋਗੀ ਬਣਾ ਦਿੰਦੇ ਹਨ।

ਕਈ ਬਜ਼ੁਰਗਾਂ ਨੂੰ ਉਨ੍ਹਾਂ ਦੇ ਬੱਚਿਆਂ ਵੱਲੋਂ ਸੁਟ ਦਿੱਤੇ ਜਾਣ ਬਾਅਦ ਉਨ੍ਹਾਂ ਦੇ ਮਾਨਸਿਕ ਸੰਤੁਲਨ ਵਿਗੜ ਜਾਣ ਦੇ ਕੇਸ ਅਤੇ ਕਈਆਂ ਦੇ ਉਮਰ ਨਾਲ ਹੋ ਰਹੇ ਮਾਨਸਿਕ ਅਤੇ ਸਰੀਰਕ ਬਦਲਾਓ, ਆਦਿ ਬਾਰੇ ਉਸਨੇ ਕਾਫੀ ਕੁੱਝ ਦੱਸਿਆ। ਲੈਕਚਰ ਖ਼ਤਮ ਹੋਣ ਉੱਤੇ ਉਸਨੇ ਇਕ ਅਖ਼ੀਰੀ ਸਲਾਈਡ ਸਾਹਮਣੇ ਸਕਰੀਨ ਉੱਤੇ ਵਿਖਾਈ ਤਾਂ ਉਹ ਬਹੁਤ ਹੀ ਖ਼ੂਬਸੂਰਤ ਬੱਚੀ ਦੀ ਸੀ। ਉਸ ਡਾਕਟਰ ਨੇ ਹਾਲ ਵਿਚ ਬੈਠੇ ਸਾਨੂੰ ਸਾਰਿਆਂ ਨੂੰ ਪੁੱਛਿਆ, " ਇਹ ਖ਼ੂਬਸੂਰਤ ਨਹੀਂ ਹੈ ਕੀ? " (ਇਜ਼ੰਟ ਸ਼ੀ ਕਿਊਟ?)

ਉਸ ਦੀਆਂ ਲਾਲ ਲਾਲ ਗੱਲਾਂ ਤੇ ਗੋਲ ਚਿਹਰੇ ਉੱਤੇ ਭੋਲੀਆਂ ਅੱਖਾਂ ਨੂੰ ਵੇਖ ਕੇ ਹਰ ਕਿਸੇ ਨੇ ਹਾਂ ਵਿਚ ਸਿਰ ਹਿਲਾ ਦਿੱਤਾ।

ਉਸ ਕਿਹਾ, " ਇਸ ਬੱਚੀ ਦੇ ਬਾਰੇ ਹੁਣ ਆਪੋ ਆਪਣੇ ਘਰਾਂ ਵਿਚ ਜਾ ਕੇ ਕੁੱਝ ਪਲ ਸੋਚਿਓ ਕਿ ਕੀ ਇਸਦਾ ਜੀਵਨ ਜੋ ਇਸ ਨੂੰ ਮਿਲਿਆ, ਉਹ ਜੀਊਣ ਜੋਗਾ ਹੈ ਜਾਂ ਨਹੀਂ? ਇਹ ਬੱਚੀ ਜੰਮਣ ਤੋਂ ਬਾਅਦ ਆਪਣੇ ਮਾਪਿਆਂ ਵੱਲੋਂ ਅਨਾਥ ਆਸ਼ਰਮ ਵਿਚ ਸੁਟ ਦਿੱਤੀ ਗਈ। ਇਹ ਤਸਵੀਰ ਅਨਾਥ ਆਸ਼ਰਮ ਵਿਚ ਹੀ ਖਿੱਚੀ ਗਈ ਸੀ ਜਦੋਂ ਇਹ ਅਠ ਸਾਲਾਂ ਦੀ ਹੋਈ ਸੀ। ਉਦੋਂ ਅਨਾਥ ਆਸ਼ਰਮ ਵਿਚ ਇਕ ਨਵਾਂ ਚੌਕੀਦਾਰ ਆਇਆ। ਇਕ ਸਾਲ ਉਹ ਅਨਾਥ ਆਸ਼ਰਮ ਦਾ ਚੌਕੀਦਾਰ ਇਸ ਨਾਲ ਜ਼ਬਰਦਸਤੀ ਕਰਦਾ ਰਿਹਾ ਤੇ ਉਸਦੀਆਂ ਜਿਸਮਾਨੀ ਵਧੀਕੀਆਂ ਸਹਿੰਦੀ ਇਹ ਬੱਚੀ ਮਾਨਸਿਕ ਰੋਗ ਪਾਲ ਬੈਠੀ। ਸਹਿਮ ਅਤੇ ਡਰ ਕਾਰਨ ਇਸਨੇ ਰੋਟੀ ਵੀ ਖਾਣੀ ਛੱਡ ਦਿੱਤੀ। ਬੱਚੇਦਾਨੀ ਵਿੱਚੋਂ ਲਹੂ ਪੈਣ ਅਤੇ ਕੀਟਾਣੂਆਂ ਦੇ ਹਮਲੇ ਕਾਰਣ ਇਸਨੂੰ ਹਸਪਤਾਲ ਦਾਖਲ ਕਰਵਾਉਣਾ, ਪਿਆ ਜਿੱਥੋਂ ਇਸ ਬੱਚੀ ਨਾਲ ਵਾਪਰੇ ਘਿਨਾਉਣੇ ਕਾਰਨਾਮੇ ਦਾ ਪਤਾ ਲੱਗਿਆ। "

ਉਸ ਡਾਕਟਰ ਨੇ ਗਲਾ ਸਾਫ਼ ਕਰਦਿਆਂ ਅੱਗੇ ਦੱਸਿਆ ਕਿ ਕਿਵੇਂ ਅਨਾਥ ਆਸ਼ਰਮ ਵਾਲਿਆਂ ਨੇ ਇਸ ਗੱਲ ਨੂੰ ਲੁਕਾਉਣ ਲਈ ਅਤੇ ਬਦਨਾਮੀ ਤੋਂ ਬਚਣ ਲਈ ਇਸ ਨਾਬਾਲਗ ਬੱਚੀ ਨੂੰ ਕਿਸੇ ਨਸ਼ਈ ਨਾਲ ਵਿਆਹ ਕੇ ਤੋਰ ਦਿੱਤਾ। ਉਸਨੇ ਅੱਗੋਂ ਫੇਰ ਇਸਨੂੰ ਰਜ ਕੇ ਵਰਤਿਆ ਤੇ ਫੇਰ ਆਪਣੇ ਨਸ਼ੇ ਦੇ ਕਾਰਣ ਚੁੱਕੇ ਕਰਜ਼ੇ ਖਾਤਰ ਇਸਨੂੰ ਜ਼ਬਰਦਸਤੀ ਦੇਹ ਵਪਾਰ ਵਿਚ ਧੱਕ ਦਿੱਤਾ।

ਹਾਲ ਵਿਚ ਚੁਫੇਰੇ ਚੁੱਪੀ ਸੀ। ਅਜਿਹੀ ਖ਼ਬਰ ਕੋਈ ਪਹਿਲੀ ਵਾਰ ਨਹੀਂ ਸੀ ਸੁਣੀ ਗਈ। ਕਿੰਨੇ ਹੀ ਕੇਸ ਅਖ਼ਬਾਰਾਂ ਵਿਚ ਨਸ਼ਰ ਹੋ ਚੁੱਕੇ ਹੋਏ ਹਨ ਪਰ ਉਸ ਬੱਚੀ ਦੀ ਫੁੱਲ ਵਰਗੀ ਖ਼ੂਬਸੂਰਤ ਤਸਵੀਰ ਨੇ ਹੀ ਸਭ ਨੂੰ ਅਫਸੋਸ ਕਰਨ ਉੱਤੇ ਮਜਬੂਰ ਕਰ ਦਿੱਤਾ ਸੀ।

ਏਨਾ ਕੁ ਕਹਿੰਦਿਆਂ ਉਸਨੇ ਹਾਲ ਵਿਚ ਬੈਠੇ ਸਾਰਿਆਂ ਡਾਕਟਰਾਂ ਵੱਲ ਮੂੰਹ ਕਰ ਕੇ ਪੁੱਛਿਆ, " ਹੁਣ ਦੀ ਉਸਦੀ ਤਾਜ਼ਾ ਤਸਵੀਰ ਵੇਖੋਗੇ? ਹੁਣ ਉਹ ਸੋਲਾਂ ਵਰ੍ਹਿਆਂ ਦੀ ਹੋ ਚੁੱਕੀ ਹੈ? "

ਸਭ ਕੌਤਹੂਲਵਸ ਅਗਲੀ ਸਲਾਈਡ ਨੂੰ ਵੇਖਣ ਲਈ ਤਿਆਰ ਹੋ ਗਏ। ਸਕਰੀਨ ਉੱਤੇ ਅਗਲੀ ਸਲਾਈਡ ਵੇਖਣ ਤੋਂ ਬਾਅਦ ਸਭ ਦੀ ਹਾਲਤ ਅਜਿਹੀ ਸੀ ਜਿਵੇਂ ੪੪੦ ਵੋਲਟ ਦਾ ਕਰੰਟ ਲੱਗਿਆ ਹੋਵੇ।

ਉਹ ਕਿਸੇ ੪੦ ਕੁ ਵਰ੍ਹਿਆਂ ਦੀ ਉਮਰ ਦੀ ਜਾਪਦੀ ਹੱਡੀਆਂ ਦੀ ਮੁੱਠ ਯਾਨੀ ਪਿੰਜਰ ਦੀ ਤਸਵੀਰ ਸੀ।

ਉਹ ਡਾਕਟਰ ਬੋਲਿਆ, " ਲੱਤ ਦਾ ਡੂੰਘਾ ਜ਼ਖ਼ਮ ਠੀਕ ਨਾ ਹੋਣ ਕਾਰਣ ਅਤੇ ਵੇਲੇ ਸਿਰ ਇਲਾਜ ਨਾ ਹੋਣ ਕਾਰਣ ਇਸਦੀ ਸੱਜੀ ਲੱਤ ਗਲ ਗਈ ਤੇ ਕੱਟਣੀ ਪਈ। ਏਡਜ਼ ਦੀ ਬੀਮਾਰੀ ਵੀ ਇਸਨੂੰ ਹੋ ਗਈ ਸੀ ਜਿਸਦਾ ਪਤਾ ਬਹੁਤ ਲੇਟ ਲੱਗਿਆ ਤੇ ਹੁਣ ਕੈਪੋਸੀ ਸਾਰਕੋਮਾ (ਕੈਂਸਰ) ਵੀ

ਇਸਨੂੰ ਹੋ ਚੁੱਕਿਆ ਹੈ। ਇਹ ਕੁੱਝ ਮਹੀਨਿਆਂ ਦੀ ਮਹਿਮਾਨ ਹੈ ਤੇ ਜ਼ਿੰਦਗੀ ਦੀਆਂ ਆਖ਼ਰੀ ਘੜੀਆਂ ਗਿਣਦੀ ਦਾ ਮਾਨਸਿਕ ਸੰਤੁਲਨ ਉੱਕਾ ਹੀ ਵਿਗੜ ਚੁੱਕਿਆ ਹੈ। ਇਸ ਨਾਲ ਅੱਗੇ ਵਾਂਗ ਅੱਜ ਵੀ ਕੋਈ ਨਹੀਂ ਤੇ ਇਸ ਭਰੀ ਪੂਰੀ ਦੁਨੀਆ ਵਿਚ ਇਹ ਇੱਕਲੀ ਹੀ ਹੈ। ਘਰ ਵਾਪਸ ਜਾ ਕੇ ਸਾਰੇ ਸੋਚਿਓ ਜ਼ਰੂਰ ਕਿ ਕੀ ਇਨ੍ਹਾਂ ਸੋਲਾਂ ਵਰ੍ਹਿਆਂ ਨੂੰ, ਜਿਹੜੇ ਇਸ ਬੱਚੀ ਨੇ ਇਸ ਧਰਤੀ ਉੱਤੇ ਬਿਤਾਏ, ਜ਼ਿੰਦਗੀ ਕਿਹਾ ਜਾ ਸਕਦਾ ਹੈ? "

ਏਨਾ ਕਹਿੰਦਿਆਂ ਉਸਨੇ ਉਹ ਸਲਾਈਡ ਸ਼ੋ ਬੰਦ ਕਰ ਦਿੱਤਾ। ਮੇਰੇ ਲਈ ਇਹ ਸਵਾਲ ਉੱਥੇ ਬੰਦ ਹਾਲ ਦੇ ਕਮਰੇ ਵਿਚ ਖ਼ਤਮ ਨਹੀਂ ਹੋਇਆ।

ਇਹ ਸਵਾਲ ਹਰ ਉਸ ਮਾਂ ਜਾਂ ਪਿਓ ਲਈ ਵੀ ਹੈ ਜਿਹੜੇ ਆਪਣੀਆਂ ਧੀਆਂ ਨੂੰ ਜੰਮ ਕੇ, ਰੂੜੀ ਉੱਤੇ ਸੁੱਟ ਕੇ ਪਿਠ ਮੋੜ ਲੈਂਦੇ ਹਨ, ਕਿ ਕਿਹੋ ਜਿਹੀ ਸਜ਼ਾ ਦੇਣ ਲਈ ਉਸਨੂੰ ਦਰਿੰਦਿਆਂ ਦੇ ਪਿੰਜਰੇ ਵਿਚ ਬੰਦ ਕਰ ਦਿੰਦੇ ਹੋ? ਇਹੋ ਜਿਹੀ ਨਰਕ ਦੀ ਅੱਗ ਵਿਚ ਝੋਕ ਦੇਣ ਤੋਂ ਪਹਿਲਾਂ ਤੁਹਾਡੀ ਰੂਹ ਕਿਉਂ ਨਹੀਂ ਕੰਬਦੀ? ਜਿਹੜੇ ਮਾਪੇ ਆਪਣੀ ਧੀ ਨੂੰ ਅਜਿਹੇ ਨਰਕ ਵੱਲ ਧੱਕਦੇ ਹਨ, ਉਨ੍ਹਾਂ ਦੇ ਘਰ ਵਿਚ ਜਦੋਂ ਕਿਸੇ ਹੋਰ ਦੀ ਧੀ ਨੂੰਹ ਬਣ ਕੇ ਜਾਏਗੀ ਤਾਂ ਉਸ ਨਾਲ ਕੀ ਹਸ਼ਰ ਕੀਤਾ ਜਾਵੇਗਾ? ਜੇ ਧੀ ਵਿਆਹੁਣ ਲੱਗਿਆਂ ਲੋਕ ਕੁੱਝ ਸੋਚ ਵਿਚਾਰ ਕਰ ਲੈਣ ਕਿ ਉਸੇ ਘਰ ਧੀ ਵਿਆਹਾਂਗੇ ਜਿੱਥੇ ਪਹਿਲਾਂ ਘਰ ਵਿਚ ਧੀ ਜੰਮੀ ਹੋਵੇ ਤਾਂ ਕੀ ਉਸੇ ਦਿਨ ਮਾਦਾ ਭਰੂਣ ਹੱਤਿਆ ਦਾ ਅੰਤ ਨਹੀਂ ਹੋ ਜਾਵੇਗਾ?

੨੮, ਪ੍ਰੀਤ ਨਗਰ, ਲੋਅਰ ਮਾਲ,
ਪਟਿਆਲਾ।
ਫ਼ੋਨ ਨੰ: ੦੧੭੫-੨੨੧੬੭੮੩



ਡਾ. ਹਰਸ਼ਿੰਦਰ ਕੌਰ ਦਾ ਲੋਕ ਸਮਾਜ ਸੇਵਾਵਾਂ ਲਈ ਸਤਿਕਾਰ ਕਰਦੇ ਹੋਏ ਹਿਮਾਚਲ ਦੇ ਮੁੱਖ ਮੰਤਰੀ ਪ੍ਰੋ. ਧੂਮਲ, ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਹੁੱਡਾ ਅਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਸਿੰਘ ਸਾਹਿਬ ਜੀ।

ਕੌਮੀ ਅਣਖ ਦਾ ਸ਼ਹੀਦ, ਭਾਈ ਬਿਸ਼ਨ ਸਿੰਘ ਸਰਾਫ਼, ਲਾਹੌਰ

—ਸੁਵਰਨ ਸਿੰਘ ਵਿਰਕ

"ਦਮ ਦਿਤਿਆਂ ਬਾਝ ਨਹੀਂ ਦਮ ਮਿਲਦਾ,
ਬਿਨਾ ਦਮ ਦੇ ਢੋਏ ਨਹੀਂ ਢੋਏ ਜਾਂਦੇ।
ਬਾਝ ਖ਼ੁਸ਼ੀ ਦੇ ਹੱਸਿਆ ਨਹੀਂ ਜਾਂਦਾ,
ਰੋਣੇ ਗ਼ਮਾਂ ਦੇ ਬਾਝ ਨਹੀਂ ਰੋਏ ਜਾਂਦੇ।
ਦਰਦ ਬਾਝ ਨਹੀਂ ਸੀਨੇ ਵਿਚ ਛੇਕ ਪੈਂਦਾ,
ਛੇਕ ਬਾਝ ਨਹੀਂ ਮੋਤੀ ਪਰੋਏ ਜਾਂਦੇ।
'ਸ਼ਰਫ਼' ਦਾਗ਼ ਗੁਲਾਮੀ ਦੇ ਦੇਸ਼ ਉਤੋਂ,
ਕੌਮੀ ਅਣਖ ਦੇ ਬਾਝ ਨਹੀਂ ਧੋਏ ਜਾਂਦੇ।"

—ਬਾਬੂ ਫ਼ੀਰੋਜ਼ਦੀਨ 'ਸ਼ਰਫ਼'

ਦੇਸ਼ ਦੇ ਮੁਕਤੀ ਸੰਗਰਾਮ ਵਿਚ, ਅਨੇਕਾਂ ਸੂਰਬੀਰਾਂ ਨੇ, ਆਪਣੇ ਖ਼ੂਨ ਦੀਆਂ ਜੋਤਾਂ ਜਗਾ ਕੇ, ਆਉਣ ਵਾਲੇ ਵਤਨ ਪਰਸਤਾਂ ਦੇ, ਕਾਫਲਿਆਂ ਦੇ ਹਨੇਰੇ ਰਾਹ ਰੋਸ਼ਨ ਕੀਤੇ ਹਨ। ਕੂਕਾ ਅੰਦੋਲਨ ਵਿਚ ਕੁਰਬਾਨੀਆਂ ਦੇਣ ਵਾਲੇ, ਗਿਆਤ ਅਗਿਆਤ ਸ਼ਹੀਦਾਂ ਦੀ ਸੂਚੀ ਤਾਂ ਕਾਫੀ ਲੰਮੀ ਹੈ। ਇਸ ਲੇਖ ਵਿਚ ਅਸੀਂ ਇਕ ਐਸੇ ਵੀਰ ਨਾਇਕ ਦੀ ਚਰਚਾ ਕਰਾਂਗੇ, ਜਿਸ ਦੀ ਕੁਰਬਾਨੀ ਵੱਡੀ ਹੈ। ਪਰੰਤੂ ਵੇਲੇ ਦੀਆਂ ਹਾਕਮ ਧਿਰਾਂ ਨੇ, ਉਸ ਕੁਰਬਾਨੀ ਨੂੰ ਇਸ ਪੈਸੇ ਦੇਣ ਲੈਣ ਦੇ ਮਾਮੂਲੀ ਝਗੜੇ ਪਿੱਛੇ ਹੋਈ ਕਾਰਵਾਈ ਵਿਚ ਉਲਝਾ ਕੇ, ਉਸ ਨੂੰ ਛੁਟਿਆਉਣ ਦੀ ਕੋਸ਼ਿਸ਼ ਵੀ ਕੀਤੀ ਅਤੇ ਇਸ ਮਹਾਨ ਬਲੀਦਾਨ ਤੇ ਆਪਣੇ ਢੰਗ ਨਾਲ ਪਰਦਾ ਪੋਸ਼ੀ ਕਰਨ ਦੇ ਕੁਚੱਜੇ ਯਤਨ ਵੀ ਕੀਤੇ। ਪ੍ਰੰਤੂ ਜਿਵੇਂ ਕਹਿੰਦੇ ਹਨ ਕਿ ਸੱਚ ਤਾਂ ਸੱਚ ਹੈ, ਇਸ ਨੂੰ ਕਿਵੇਂ ਤੇ ਕਿੰਨਾ ਕੁ ਚਿਰ ਦਬਾਓਗੇ। ਇਹ ਸੌ ਪਰਦੇ ਪਾੜ ਕੇ ਵੀ ਬਾਹਰ ਨਿਕਲ ਆਉਂਦਾ ਹੈ ਅਤੇ ਕਵੀ ਪਾਸ਼ ਦੇ ਸ਼ਬਦਾਂ ਵਿਚ, ਲੋਕ ਕਦੋਂ ਕਿਸੇ ਜਾਬਰ ਅੱਗੇ ਝੁਕੇ ਹਨ :-

"ਮੈਂ ਘਾਹ ਹਾਂ, ਮੈਂ ਤੁਹਾਡੇ ਹਰ ਕੀਤੇ ਕਰਾਏ 'ਤੇ ਉੱਗ ਆਵਾਂਗਾ"।

ਜਿਸ ਬਲੀਦਾਨ ਦੀ ਗਾਥਾ ਛੋਹ ਰਹੇ ਹਾਂ, ਉਹ ਵੀ ਸਤਿਗੁਰੂ ਰਾਮ ਸਿੰਘ ਜੀ ਤੋਂ ਇਕ ਵਰੋਸਾਏ ਸਿੰਘ ਦਾ ਸੀ ਜੋ ਦੇਸ਼ ਪੰਜਾਬ ਦੀ ਰਾਜਧਾਨੀ ਲਾਹੌਰ ਵਿਚ ਚਿਰਕਾਲ ਤੋਂ ਰਹਿ ਰਹੇ, ਪਰਿਵਾਰ ਦਾ ਸਿੰਘ ਸੀ। ਇਹ ਸੁਨਿਆਰਾ ਸਿੰਘ ਸੀ ਭਾਈ ਬਿਸ਼ਨ ਸਿੰਘ। ਇਹਨਾਂ ਦਾ ਕੋੜਮਾਂ, ਲਾਹੌਰ ਦਾ ਇਕ ਮੰਨਿਆ ਪਰਮੰਨਿਆ, ਸਵਰਨਕਾਰ ਪਰਿਵਾਰ ਸੀ। ਸੰਤ ਤਰਨ ਸਿੰਘ ਵਹਿਮੀ ਮੁਤਾਬਿਕ "ਇਸੇ ਤਰ੍ਹਾਂ ਦਾ ਬਲੀ ਸੂਰਮਾ ਸਰਾਫ ਸਿੰਘ, ਲਾਹੌਰ ਦਾ ਬਿਸ਼ਨ ਸਿੰਘ, ਸਤਿਗੁਰੂ ਰਾਮ ਸਿੰਘ ਜੀ ਪਾਸੋਂ ਭਜਨ ਲੈ, ਕੂਕਾ ਹੋ ਗਿਆ ਸੀ। ਇਹ ਖ਼ਾਨਦਾਨ ਮਹਾਰਾਜਾ ਰਣਜੀਤ ਸਿੰਘ ਦੇ ਗਹਿਣੇ ਤੇ ਤਾਜ ਬਨਾਉਣ ਪਹਿਨਾਉਣ ਵਾਲਾ ਸੀ।



ਅੰਗਰੇਜ਼ਾਂ ਦੇ ਸਮੇਂ ਇਸ ਨੂੰ ਕਿਹਾ ਗਿਆ ਤੂੰ ਅੰਗਰੇਜ਼ਾਂ ਦੇ ਤਾਜ ਦੀ ਜੜਤ ਕਰ।[1] ਮਤਲਬ ਕਿ ਉਹ ਮਲਕਾ ਵਿਕਟੋਰੀਆ ਜਾਂ ਉਸਦੇ ਸ਼ਹਿਜ਼ਾਦਿਆਂ ਲਈ ਉਤਮ ਕਲਾ ਕ੍ਰਿਤੀ ਵਾਲਾ, ਲਾਹੌਰ ਦੇ ਪਰਸਿੱਧ ਸਰਾਫ ਘਰਾਣੇ ਦਾ ਬਣਾਇਆ ਇਕ ਜਾਂ ਵੱਧ ਤਾਜ, ਵਲਾਇਤ ਭੇਜ ਕੇ, ਮਲਕਾ ਮੁਅੱਜ਼ਮ ਦੀ ਖੁਸ਼ਨੂਦੀ ਹਾਸਲ ਕਰਨਾ ਚਾਹੁੰਦੇ ਸਨ। ਹੁਣ ਜੇ ਤਾਂ ਭਾਈ ਬਿਸ਼ਨ ਸਿੰਘ ਸਾਧਾਰਨ ਦੁਨੀਆਦਾਰ ਹੁੰਦੇ ਤਾਂ ਉਹ ਇਹ ਪੇਸ਼ਕਸ਼ ਵੀ ਮੰਨ ਲੈਂਦੇ ਅਤੇ ਬਹੁਤ ਸਾਰੇ ਹੋਰ ਸਿੱਖ ਰਈਸ ਅਤੇ ਸਰਦਾਰ ਘਰਾਣਿਆਂ ਜਿਉਂ, ਇਹ ਤਾਜ ਬਣਾ ਕੇ, ਤਾਜ ਬਰਤਾਨੀਆ ਦੀ ਵਫਾਦਾਰੀ ਹਾਸਲ ਕਰ ਲੈਂਦੇ ਅਤੇ ਲੋਕ ਰਾਹ ਜਾਂਦੇ ਨੂੰ ਵੇਖ ਵੇਖ ਕੇ ਕਹਿੰਦੇ "ਆਹ ਹੈ ਬਈ ਸਰਦਾਰ ਬਿਸ਼ਨ ਸਿੰਘ ਜ਼ਰਗਰ, ਜਿਹਦੇ ਹੱਥਾਂ ਦੇ ਘੜੇ ਹੋਏ ਤਾਜ, ਸਾਡੇ ਤੇ ਰਾਜ ਕਰਨ ਵਾਲੀ ਮਹਾਰਾਣੀ ਅਤੇ ਉਹਦੇ ਉਤਰਾਅਧਿਕਾਰੀ ਪਹਿਨਦੇ ਹਨ। ਪਰ ਭਾਈ ਬਿਸ਼ਨ ਸਿੰਘ ਦੇ ਕੰਨਾਂ ਵਿਚ ਤਾਂ ਸਤਿਗੁਰੂ ਰਾਮ ਸਿੰਘ ਦੇ ਉਸ ਸੁਤੰਤਰਤਾ ਮੰਤਰ ਦੀ ਫੂਕ ਵੱਜ ਚੁੱਕੀ ਸੀ, ਜਿਸਦੀ ਮਹਿਮਾ ਬਾਰੇ ਪੰਜਾਬੀ ਦਾ ਉੱਘਾ ਵਾਰਕਾਰ, ਹਰਸਾ ਸਿੰਘ ਚਾਤਰ, ਆਪਣੀ ਬਹੁਤ ਮਕਬੂਲ ਰਚਨਾ, 'ਕੂਕਿਆਂ ਦੀ ਵਾਰ' ਵਿਚ ਇਉਂ ਲਿਖ ਗਿਆ ਹੈ :

"ਉਸ ਕਲਜੁਗ ਅੰਦਰ ਆ ਕੇ, ਸਤਿਜੁਗ ਵਰਤਾਇਆ।
ਉਸ ਸੁੱਤਾ ਮੁਲਕ ਪੰਜਾਬ ਦਾ, ਲਾ ਅਣਖ ਜਗਾਇਆ।
ਉਸ ਕੰਨਾਂ ਮੰਨਾਂ ਕੁਰਰ ਸੀ, ਜਿਸ ਕੰਨੀਂ ਪਾਇਆ।
ਉਹ ਬਣਿਆ ਸਾਧ ਸ਼ੈਤਾਨ ਤੋਂ, ਅਸਚਰਜ ਵਿਖਾਇਆ।
ਜਦ ਪੈਂਦਾ ਡਿਠਾ ਜੱਗ ਤੇ, ਜ਼ੁਲਮਾਂ ਦਾ ਸਾਇਆ।
ਤਦ "ਜੁਗ ਜੁਗ ਭਗਤ ਉਪਾਇਕੇ ਪੈਜੁ ਰਖਦਾ

ਆਇਆ।"

....

"ਜੋ ਹੈਸਨ ਚੇਲੇ ਉਸ ਦੇ ਉਸ ਤੋਂ ਵੀ ਪੱਕੇ।
ਨਾ ਕਾਣ ਕਿਸੇ ਦੀ ਝੱਲਦੇ ਨਾ ਸਹਿੰਦੇ ਧੱਕੇ।
ਉਨ੍ਹਾਂ ਥਾਂ ਥਾਂ ਵੈਰੀ ਧਰਮ ਦੇ ਧਰਤੀ ਤੋਂ ਚੱਕੇ।
ਜਦ ਰੋਹੜੇ ਰੱਤ ਵਿਚ ਕੂਕਿਆਂ ਜ਼ਾਲਮ ਦੇ ਸੱਕੇ।
ਤਦ ਹਲ ਚਲ ਪੈ ਗਈ 'ਚਾਤਰਾ' ਲੰਡਨ ਤੇ ਮੱਕੇ।"

ਸੋ ਸਤਿਗੁਰੂ ਜੀ ਦੀ ਸਿੱਖਿਆ ਦੀਖਿਆ, ਜਿਸ ਵਿਚ ਸ਼ਾਮਲ ਸੀ ਕਿ ਬਦੇਸ਼ੀ ਫਰੰਗੀ ਸਰਕਾਰ ਨੂੰ ਕਿਸੇ ਤਰ੍ਹਾਂ ਦਾ ਨਾ ਸਹਿਯੋਗ ਦੇਣਾ ਹੈ, ਨਾ ਇਹਨਾਂ ਤੋਂ ਕੋਈ ਰਿਆਇਤ ਲੈਣੀ ਹੈ, ਵਿਚ ਨਿਪੁੰਨ ਭਾਈ ਬਿਸ਼ਨ ਸਿੰਘ ਮਲਕਾ ਦੇ ਤਾਜ ਵਾਲੀ ਪੇਸ਼ਕਸ਼ ਨੂੰ ਕਿਵੇਂ ਵੀ ਮੰਨਣ ਲਈ ਤਿਆਰ ਨਹੀਂ ਸੀ। ਇਹ ਪੇਸ਼ਕਸ਼ ਲੈ ਕੇ, ਬਿਸ਼ਨ ਸਿੰਘ ਪਾਸ, ਜਦੋਂ ਲਾਹੌਰ ਦੇ ਨਵੇਂ ਬਣੇ ਸਰਕਾਰੀਏ ਆਏ ਅਤੇ ਇਹ ਹਰ ਵਾਰ ਨਾਂਹ ਨੁੱਕਰ ਕਰਦਾ ਰਿਹਾ ਤਾਂ ਫਿਰ ਇਕ ਦਿਨ ਸ਼ਹਿਰ ਦੇ ਕਥਿਤ ਵੱਡੇ ਲੋਕਾਂ ਦਾ ਇਕ ਸਮੂਹ, ਆਖਰੀ ਤਾੜਨਾ ਕਰਨ ਲਈ ਆਇਆ ਅਤੇ ਕਹਿਣ ਲੱਗੇ, "ਬਿਸ਼ਨ ਸਿੰਘ ਤੂੰ ਸਾਡੀ ਗੱਲ ਤੇ ਕੰਨ ਨਹੀਂ ਧਰ ਰਿਹਾ। ਅਸੀਂ ਕੋਈ ਸਾਧਾਰਨ ਲੋਕ ਨਹੀਂ ਸਗੋਂ ਲਾਹੌਰ ਦੇ ਕਹਿੰਦੇ ਕਹਾਉਂਦੇ ਪ੍ਰਭਾਵਸ਼ਾਲੀ ਲੋਕ ਹਾਂ। ਸਰਕਾਰ ਦਾ ਹੱਥ ਸਾਡੀ ਕੰਡ ਤੇ ਹੈ। ਜਿਸ ਸਰਕਾਰ ਦੇ ਰਾਜ ਵਿਚ ਸੂਰਜ ਨਹੀਂ ਡੁੱਬਦਾ। ਹੁਣ ਤੈਨੂੰ ਆਖਰੀ ਗੱਲ ਕਹਿਣ ਆਏ ਹਾਂ ਜਾਂ ਤਾਂ ਇਹ ਕੂਕਪੁਣੇ ਵਾਲਾ ਕਮਲ ਛੱਡ ਤੇ ਬਣਾ ਸੋਹਣਾ ਜਿਹਾ ਤਾਜ ਮਲਕਾ ਅਤੇ ਪਰਿਸ ਲਈ। ਨਹੀਂ ਤਾਂ ਫਿਰ ਤੂੰ ਸਾਡੇ ਲੰਮੇ ਹੱਥ ਅਤੇ ਆਪਣੀ ਔਕਾਤ ਨਹੀਂ ਜਾਣਦਾ? ਇਨਕਾਰ ਦਾ ਨਤੀਜਾ ਭੁਗਤਣ ਲਈ ਤਿਆਰ ਰਹੀਂ।"

ਹੁਣ ਤੱਕ ਭਾਈ ਬਿਸ਼ਨ ਸਿੰਘ ਵੀ ਪੂਰਾ ਤਾਅ ਖਾ ਚੁੱਕਾ ਸੀ। ਉਸ ਸੰਤ ਖਾਲਸੇ ਵਾਲਾ, ਰੌਦਰ ਰੂਪ ਧਾਰਦਿਆਂ ਬੁਲੰਦ ਆਵਾਜ਼ ਵਿਚ ਸਿੰਘ ਗਰਜਣਾ ਕੀਤੀ-

"ਸਰਕਾਰੀ ਜੂਠ ਤੇ ਪਲਣ ਵਾਲਿਓ? ਭਾੜੇ ਦੇ ਟੱਟੂਓ!! ਸਿੰਘ ਦਾ ਮਨੂਆ ਤੁਸੀਂ ਸਮਝ ਈ ਨਹੀਂ ਸੱਕੇ। ਜਿਹਨਾਂ ਹੱਥਾਂ ਨੇ ਸ਼ੇਰੇ ਪੰਜਾਬ ਅਤੇ ਉਸ ਦੇ ਸ਼ਹਿਜ਼ਾਦਿਆਂ ਦੇ ਤਾਜ ਘੜੇ ਹੋਣ, ਉਹ ਹੱਥ, ਸਾਡਾ ਪੰਜਾਬੀਆਂ ਦਾ ਸਾਂਝਾ ਰਾਜ ਧੋਖੇ ਨਾਲ ਖੋਹਣ ਵਾਲੀ ਮਲਕਾ ਅਤੇ ਉਹਦੇ ਬਿੱਜੂਆਂ ਦੇ ਤਾਜ ਘੜਨ ਨਾਲੋਂ, ਟੁੱਟ ਜਾਣਾ ਨਾ ਪਸੰਦ ਕਰਨਗੇ। ਜ਼ਮੀਰ ਫਰੋਸ਼ੋ! ਅਜੇ ਤਾਂ ਤੁਹਾਡੇ ਸਿਰ ਤੇ ਨਿਆਮਤਾਂ ਦੇ ਢੋਏ ਵਾਰਨ ਵਾਲੇ ਮਹਾਰਾਜਾ ਸਾਹਿਬ ਅਤੇ ਉਹਦੇ ਬੱਚੜਿਆਂ ਦੇ ਸਿਵੇ ਨਹੀਂ ਠੰਢੇ ਹੋਏ। ਅਜੇ ਤਾਂ ਪੁੱਤਰ ਤੋਂ ਵਿੱਛੜੀ ਅਤੇ ਦੇਸੋਂ ਬੇਦਖਲ ਕੀਤੀ ਸਾਡੀ ਰਾਜ ਮਾਤਾ ਦੇ ਕੀਰਨੇ, ਮੈਂ ਜਦੋਂ ਵੀ ਲਾਹੌਰ ਦੇ ਗਲੀਆਂ ਬਾਜ਼ਾਰਾਂ ਵਿਚ ਲੰਘਦਾ ਹਾਂ, ਸੁਣਦਾ ਹਾਂ। ਮੇਰੀ ਜ਼ਮੀਰ ਮੋਈ ਨਹੀਂ। ਮੈਨੂੰ ਸਤਿਗੁਰੂ ਰਾਮ ਸਿੰਘ ਨੇ ਸਿਰ ਉਚਾ ਚੁੱਕ ਕੇ ਟੁਰਨ ਦਾ ਵੱਲ ਸਿਖਾ ਦਿੱਤਾ ਹੈ। ਮੈਨੂੰ ਉਸ "ਨਿਰਭਉ ਨਿਰਵੈਰ" ਬਣਾ ਦਿੱਤਾ ਹੈ। ਜਾਉ ਸਾਡੀ ਧਰਤੀ ਤੇ ਭਾਰ ਬਣੇ ਅਕਿਰਤ ਘਣੋ! ਕਰ ਲਿਓ ਜੋ ਤੁਹਾਡੀ ਤੇ ਤੁਹਾਡੀ ਮਲਕਾ ਦੀ ਖੁਸ਼ੀ ਹੋਵੇ!! ਗੁਰੂ ਕਾ ਸਿੰਘ ਹਰ ਆਫਤ ਦਾ, ਖਿੜੇ ਮੱਥੇ ਟਾਕਰਾ ਕਰੇਗਾ।"

ਤੇ ਉਹ ਸਾਰਾ ਲਾਣਾ ਸੱਟ ਖਾਧੇ ਬਿਸੀਅਰ ਜਿਉਂ ਨੱਕਾਂ 'ਚੋਂ ਠੂੰਹੇ ਛੱਡਦਾ ਮੁੜ ਗਿਆ। ਬਿਸ਼ਨ ਸਿੰਘ ਆਪਣੀ ਮੌਜ ਵਿਚ ਵਿਚਰਦਾ ਰਿਹਾ। ਘਰ ਵਿਚ ਇਸ ਸਮੇਂ ਤੱਕ ਸਿਰਫ ਉਸ ਦੀ ਬਿਰਧ ਮਾਤਾ ਹੀ ਬਚੀ ਸੀ। ਸਿੰਘਣੀ ਚੱਲ ਵੱਸੀ ਸੀ ਜਾਂ ਇਹ ਬਾਲ ਬੱਚੇਦਾਰ ਨਹੀਂ ਸੀ ਇਸ ਬਾਰੇ ਇਤਿਹਾਸ ਖਾਮੋਸ਼ ਹੈ। ਵਹਿਮੀ ਜੀ ਤੋਂ ਪਹਿਲਾਂ ਭਾਈ ਸੰਤੋਖ ਸਿੰਘ ਬਾਹੋਵਾਲ ਇਸ ਸੂਰਮੇ ਦੀ ਗਾਥਾ, ਆਪਣੀ ਸ਼ੈਲੀ ਮੁਤਾਬਿਕ ਸੰਖੇਪ ਵਿਚ ਕਾਨੀ ਬੰਦ ਕਰ ਚੁੱਕੇ ਹਨ ਜਾਂ ੨੦੧੨ ਈਸਵੀ ਦੇ ਬਸੰਤ ਅੰਕ ਵਿਚ, ਪਰਬੰਧਕਾਂ ਨੇ, ਉਸ ਸਮੇਂ ਦੇ ਅੰਗਰੇਜ਼ੀ ਅਖ਼ਬਾਰਾਂ ਦੇ ਉਹ ਵੇਰਵੇ ਛਾਪ ਦਿੱਤੇ ਹਨ, ਜਿਸ ਤੋਂ ਇਸ ਅਲੌਕਿਕ ਗਾਥਾ ਦੇ ਕੁਝ ਹਾਲਾਤ ਸਪਸ਼ਟ ਹੁੰਦੇ ਹਨ। ਬਿਸ਼ਨ ਸਿੰਘ ਦੇ ਵਿਰੋਧੀਆਂ ਨੇ, ਉਸ ਦੇ ਖਿਲਾਫ ਕੋਈ ਕਾਰਵਾਈ ਕਰਨ ਦਾ ਮਨ ਬਣਾ ਲਿਆ ਸੀ। ਸੰਤ ਤਰਨ ਸਿੰਘ ਵਹਿਮੀ ਹੋਰਾਂ ਦਾ ਲਿਖਣਾ ਕਿ ਉਸ ਤੇ ਨਕਲੀ ਸਿੱਕੇ ਬਨਾਉਣ ਦਾ ਕੇਸ ਚਲਾਇਆ ਗਿਆ ਸੀ ਅਤੇ ਇਸ ਵਿਚ ਉਹਨੂੰ ਸਜ਼ਾ ਕੈਦ ਦੀ ਕਰ ਦਿੱਤੀ ਸੀ। ਪਰੰਤੂ ਜ਼ਿਆਦਾ ਭਰੋਸੇਮੰਦ ਗਵਾਹੀ ਬਾਹੋਵਾਲ ਜੀ ਦੀ ਹੈ ਜਿਹਨਾਂ ਦੀ ਲਿਖਤ ਸਰਕਾਰੀ ਰੀਕਾਰਡ ਨਾਲ ਮੇਲ ਖਾਂਦੀ ਹੈ। ਸਰਕਾਰੀ ਰੀਕਾਰਡ ਬਾਰੇ ਜੋ ਸਮਕਾਲੀ ਅਖਬਾਰ ਲਿਖਦਾ ਹੈ ਉਸ ਤੋਂ ਪਹਿਲਾਂ ਅਸੀਂ ਆਪਣੇ ਪਹਿਲੇ ਇਤਿਹਾਸਕਾਰ ਦੀ ਰਚਨਾ ਦਾ ਪਾਠ ਕਰ ਲਈਏ :-

"ਲਾਹੌਰ ਮੇਂ ਇਕ ਬਿਸ਼ਨ ਸਿੰਘ ਨਾਮੇ ਸੁਨਿਆਰਾ ਸਿੰਘ ਸੀ। ਸਤਿਗੁਰੂ ਜੀ ਕੇ ਜਾਣੇ ਸੇ ਛੇ ਮਹੀਨੇ ਪੈਹਲੇ ਕਿਸੀ ਨੇ ਸਿੰਘ ਪਰ ਝੂਠੀ ਅਰਜੀ ਪਾਈ ਕਿ ਮੈਂ ਏਸ ਤੋਂ ਲੈਣਾ ਹੈ ਏਤਨਾ ਰੁਪਈਆ। ਜੱਜ ਨੇ ਡਿਗਰੀ ਕਰ ਦਿਤੀ। ਸੱਚ ਝੂਠ ਨਾ ਨਤਾਰਿਆ। ਜੱਜ ਨੂੰ ਸਿੰਘ ਨੇ ਕਿਹਾ ਕਿ ਤੈਨੇ ਝੂਠੀ ਡਿਗਰੀ ਕੀਤੀ ਹੈ ਸਮਝਾਂਗੇ ਤੇਰੇ ਨਾਲ ਭੀ। ਸੱਚੇ ਪਾਤਸ਼ਾਹ ਕਾ ਹੁਕਮ ਹੈ ਝੂਠੇ ਰਾਜਾ ਪਰਜਾ ਕੀ ਸਫ਼ਾ ਉਠੌਣੀ ਹੈ। ਘਰ ਮੇਂ ਜਾਇਕੇ ਸਿੰਘ ਨੇ ਇਸ਼ਨਾਨ ਕੀਤਾ। ਜਪੁ ਜਾਪੁ ਪੜ੍ਹਿਆ

ਚੰਡੀ ਕੀ ਵਾਰ ਪੜ੍ਹੀ। ਚਿੱਟੀ ਪੁਸ਼ਾਕ ਪਾਇਕੇ ਸਲੋਤਰ ਫੜ ਕੇ ਅਰਦਾਸਾ ਕਰਕੇ ਤੁਰਿਆ। ਕਚਹਿਰੀ ਸੇ ਆਉਂਦਿਆਂ ਹੀ ਘਰ ਕੇ ਬਾਹਰ ਮਿਲ ਪਿਆ। ਸਿੰਘ ਨੇ ਕਿਹਾ ਕਿ ਮੈਂ ਉਹ ਹਾਂ ਜਿਸ ਕੀ ਤੈਨੇ ਝੂਠੀ ਡਿਗਰੀ ਕੀਤੀ ਹੈ। ਜੱਜ ਨੇ ਕਿਹਾ ਕਿਆ ਮਾਂਗਤਾ ਹੈ? ਜਿਉਂ ਮਾਰਿਆ ਹੈ ਸਲੋਤਰ ਸਿਰ ਫਾਟ ਗਿਆ। ਉਸੀ ਬਖਤ ਮਰ ਗਿਆ ਜੱਜ। ਸਿੰਘ ਮਾਰ ਕੇ ਮੈਦਾਨ ਮੇਂ ਖੜਾ ਹੋਇਆ ਕੇ ਮੈਂ ਸ਼ਹੀਦ ਸਿੰਘ ਹਾਂ ਆਓ ਜਿਸਨੇ ਔਨਾ ਹੈ ਮੇਰੇ ਸਾਹਮਣੇ, ਜਿਨ ਫੜਨਾ ਹੈ ਸੋ ਫੜੇ। ਧਰਮ ਹੇਤ ਸੀਸ ਦੇਨਾ ਹੈ। ਪੁਲਿਸ ਆਇ ਗਈ। ਫਰੰਗੀ ਆਇਆ, ਕਠੇ ਹੋਏ ਹੋਰ ਲੋਕ ਭੀ।

"ਫਰੰਗੀ ਨੇ ਕਹਾ ਤੁਮ ਨੇ ਬਡਾ ਮਾੜਾ ਕੰਮ ਕੀਤਾ ਹੈ। ਸਿੰਘ ਨੇ ਕਿਹਾ ਬਡਾ ਚੰਗਾ ਕੰਮ ਕੀਆ ਹੈ। ਝੂਠੀਆਂ ਅਦਾਲਤਾਂ ਕਰਦਾ ਸੀ। ਝੂਠ ਕੋ ਮਾਰਿਆ ਹੈ।...ਫਾਂਸੀ ਕਾ ਹੁਕਮ ਦੇ ਦੀਆ ਸ਼ਿਸ਼ਨ ਨੇ। ਇਕ ਭੋਗ ਪਵਾਇਆ ਸਿੰਘ ਨੇ, ਸਵਾ ਦਾ ਕੜਾਹ ਪ੍ਰਸਾਦਿ ਕਰਵਾਇਆ। ਅਰਦਾਸਾ ਕੀਤਾ ਬਾਰ੍ਹਾਂ ਪਾਤਸ਼ਾਹੀਆਂ ਕਾ। ਬਡਾ ਪ੍ਰਸੰਨ ਹੋਇ ਕੇ ਤਖ਼ਤੇ ਫਾਂਸੀ ਬਾਲੇ ਪਰ ਜਾਇ ਚੜ੍ਹਿਆ। ਰੱਸਾ ਪੱਟ ਕਾ ਕਹਿ ਕੇ ਬਣਵਾਇਆ ਕਿ ਤੰਦੀ ਨਹੀਂ ਗਲ ਮੇਂ ਪਾਵਾਂਗਾ। ਰੱਸਾ ਜਲਾਦ ਪੌਂਦਾ ਹੈ ਸੀ, ਸਿੰਘ ਨੇ ਕਿਹਾ ਕਿ ਤੈਂ ਨਹੀਂ ਮੈਨੂੰ ਹੱਥ ਲੌਣਾ ਮੈਂ ਆਪੇ ਈ ਗਲ ਵਿਚ ਪਾਮਾਂਗਾ। ਰੱਸਾ ਗਲ ਮੇਂ ਪਾਇਕੇ ਪਟੜਾ ਹੇਠੋਂ ਖਿਚ ਲਿਆ। ਅੰਤ ਕਾ ਝੂਟਾ ਆਇਆ, ਗੁਰੂ ਜੀ ਕੀ ਪੁਰੀ ਕੋ ਗਿਆ। ਜੋ ਝੂਠੇ ਲੋਕ ਸੇ ਤਿਨ੍ਹਾਂ ਕੇ ਕੰਨ ਖੜੇ ਹੋਇ ਕਿ ਸਿੰਘਾਂ ਕਾ ਝਗੜਾ ਮੁਕੌਨਾ ਭੀ ਔਖਾ ਹੈ। ਸਿੰਘਾਂ ਕੇ ਝਗੜੇ ਸਤਿਗੁਰੂ ਹੀ ਨਿਬੇੜੇਗਾ।"[2]

ਇਹ ਗੱਲ ਤਾਂ ਰੀਕਾਰਡ ਨਾਲ ਮਿਲਦੀ ਹੈ ਕਿ ਘਟਨਾ ਪਰਦੇਸ ਗਵਨ ਤੋਂ ਪਹਿਲਾਂ ਦੀ ਹੈ। ਇਹ ਹੱਲਾ ਸਿੰਘ ਨੇ ੩੦ ਅਗਸਤ ੧੮੭੧ ਨੂੰ, ਸਮਾਲ ਕੋਰਟ ਦੇ ਜੱਜ ਜਾਇਸੀ ਰਾਮ ਤੇ ਉਸ ਸਮੇਂ ਹੀ ਬੋਲਿਆ ਸੀ, ਜਦੋਂ ਉਹ ਅਦਾਲਤ ਤੋਂ ਸ਼ਾਮ ਸੱਤ ਕੁ ਵਜੇ ਆਪਣੇ ਘਰ ਪੁੱਜਣ ਹੀ ਵਾਲਾ ਸੀ। ਪਰੰਤੂ ਵੇਰਵਿਆਂ ਵਿਚ ਸਾਨੂੰ ਅੰਗਰੇਜ਼ੀ ਅਖਬਾਰ "ਦਾ ਇੰਡੀਅਨ ਪਬਲਿਕ ਓਪੀਨੀਅਨ ਐਂਡ ਪੰਜਾਬ ਟਾਇਮਜ਼" ਸਤੰਬਰ ੧, ੧੮੭੧ ਵਿਚ ਹੋਰ ਵਧੇਰੇ ਸਪੱਸ਼ਟ ਤੇ ਸਟੀਕ ਜਾਣਕਾਰੀ ਇਸ ਅਦੁੱਤੀ ਘਟਨਾ ਬਾਰੇ ਮਿਲਦੀ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਸਲੋਤਰ ਵੱਜਣ ਬਾਅਦ ਜਾਇਸੀ ਰਾਮ ੩੦ ਅਗਸਤ ਨੂੰ ਹੀ ਦਮ ਨਹੀਂ ਤੋੜਦਾ, ਸਗੋਂ ਪੂਰੇ ਸੱਤ ਪਹਿਰ ਬੇਸੁਰਤ ਰਹਿਣ ਬਾਅਦ, ੩੧ ਅਗਸਤ ੧੮੭੧ ਨੂੰ ਬਾਦ ਦੋਪਹਿਰ ਮਰ ਗਿਆ। ਦੂਜੀ ਗੱਲ ਇਹ ਹੈ ਕਿ ਬਿਸ਼ਨ ਸਿੰਘ ਤੇ ਲਹਿਣੇ ਦੇਣੇ ਦਾ ਇਹ ਕੋਈ ਪਹਿਲਾ ਮੁਕਦਮਾ ਨਹੀਂ ਸੀ ਘੜਿਆ ਗਿਆ। ਸਗੋਂ ਲਾਹੌਰ ਦੇ ਉੱਚਵਰਗੀ ਲੋਕਾਂ ਦੀ ਉਹ ਟੀਮ ਜੋ ਉਹਨੂੰ ਤਾਜ ਬਨਾਉਣ ਬਾਰੇ ਕਹਿਣ ਜਾਂਦੀ ਰਹੀ ਸੀ, ਉਹਦਾ ਇਕ ਮੈਂਬਰ ਕੋਈ ਰਾਮ ਕਿਸ਼ਨ ਮਹਾਜਨ ਨਾਮ ਦਾ, ਲਾਹੌਰ ਦਾ ਕਾਰੋਬਾਰੀ ਆਦਮੀ ਸੀ। ਇਸ ਰਾਮ ਕਿਸ਼ਨ ਮਹਾਜਨ ਵਲੋਂ ਇਹ ਝੂਠਾ ਮੁਕਦਮਾ ਇਹੋ ਜਿਹਾ ਤੇਰਹਵਾਂ ਮੁਕਦਮਾ ਸੀ ਜੋ ਪਿਛਲੇ ਲਾਜ਼ਮੀ ਕਈ ਸਾਲਾਂ ਵਿਚ ਉਹ ਭੁਗਤ ਚੁੱਕਾ ਸੀ। ਉਹਨਾਂ ਵਿਚ ਦਾਅਵਾ ਉਹਦੇ ਖਿਲਾਫ ਨਾ ਹੋਇਆ ਜਾਂ ਉਸਨੂੰ ਡਿਗਰੀ ਮੁਤਾਬਿਕ ਰਕਮ ਤਾਰਨੀ ਪਈ ਹੋਵੇ, ਇਹ ਵੇਰਵੇ ਨਹੀਂ ਮਿਲਦੇ। ਇਹਨਾਂ ਵਿਚੋਂ ਹੀ ਕੋਈ ਇਕ ਮੁਕਦਮਾ ਨਕਲੀ ਸਿੱਕਿਆਂ ਵਾਲਾ ਵੀ ਹੋ ਸੱਕਦਾ ਹੈ ਜੋ ਵਹਿਮੀ ਜੀ ਵਾਂ, ਗਿਆਨੀ ਕਾਹਲਾ ਸਿੰਘ ਨੰਗਲ ਕਲਾਂ ਦੀ, ਅੱਜ ਕੱਲ ਦੁਰਲੱਭ ਪੁਸਤਕ, "ਪੰਥ ਪਰਕਾਸ਼ ਸਿੰਘਾਂ ਨਾਮਧਾਰੀਆਂ" ਦੇ ਆਧਾਰ ਤੇ "ਜੱਸ ਜੀਵਨ" ਵਿਚ ਦਰਜ ਕਰਨਾ, ਲਿਖਦੇ ਹਨ। ਸੋ ਇਸ ਲੰਮੇ ਸਮੇਂ ਦੀ ਮੁਕਦਮੇਬਾਜ਼ੀ ਦੀ ਖੱਜਲ ਖੁਆਰੀ ਲਈ, ਜੋ ਉਸਨੂੰ ਸਿਰਫ ਆਪਣੇ ਕੌਮੀ ਸਵੈਮਾਨ ਦੀ ਰਾਖੀ ਲਈ ਝੱਲਣੀ ਪੈ ਰਹੀ ਸੀ, ਸਿੰਘ ਸਾਹਿਬ ਦੇ ਸਬਰ ਦਾ ਪਿਆਲਾ, ਇਸ ਝੂਠੀ ਡਿਗਰੀ ਪਾਸ ਕਰਨ ਨੇ ਭਰ ਦਿੱਤਾ ਸੀ। ਉਹਨੇ ਮਿਥ ਲਿਆ ਕੇ ਜਿਹਨਾਂ ਲੋਕਾਂ ਨੇ ਉਸਦਾ ਕਾਰੋਬਾਰ, ਪਰਿਵਾਰਕ ਜੀਵਨ ਸਭ ਮੁਕਦਮੇਬਾਜ਼ੀ ਦੀ ਭੇਟ ਚੜ੍ਹਾ ਦਿੱਤਾ ਹੈ ਅਤੇ ਜੋ ਤੇਰਾਂ ਮੁਕਦਮੇ ਉਹ ਇਸ ਤੋਂ ਪਹਿਲਾਂ ਭੁਗਤ ਚੁੱਕਾ ਹੈ, ਤਾਂ ਕੋਈ ਪਤਾ ਨਹੀ ਕਿ ਹੋਰ ਕੁਝ ਸਮੇਂ ਤੱਕ ਫਿਰ ਝੂਠ ਸੱਚ ਗੰਢ ਕੇ ਉਸ ਤੇ ਦਾਅਵਾ ਨਾ ਠੋਕ ਦਿੱਤਾ ਜਾਏ। ਸੋ ਹੁਣ ਪਾਣੀ ਸਿਰ ਤੋਂ ਲੰਘਣ ਬਾਅਦ ਹੀ ਭਾਈ ਸਾਹਿਬ ਨੇ, ਦਸ਼ਮੇਸ਼ ਜੀ ਦੇ ਕਥਨ ਮੁਤਾਬਿਕ, ਜਦੋਂ ਬਾਕੀ ਸਾਰੇ ਰਾਹ ਬੰਦ ਹੋ ਜਾਣ ਤਾਂ ਸ਼ਸ਼ਤਰ ਉਠਾਉਣਾ ਸੂਰਮੇ ਦਾ ਫਰਜ਼ ਹੈ, ਅਨੁਸਾਰ ਕਾਰਵਾਈ ਕੀਤੀ।

ਅੰਗਰੇਜ਼ੀ ਰਾਜ ਆਉਂਦਿਆਂ ਹੀ ਰਾਵਲਪਿੰਡੀ ਦੇ ਇਕ ਵੱਡੇ ਸੈਨਿਕ ਦਰਬਾਰ ਵਿਚ, ਸਿੱਖ ਸੈਨਾਂ ਦੇ ਹਥਿਆਰ ਸੁਟਾ ਲਏ ਗਏ ਸਨ। ਗਾਤਰਿਉਂ ਲਾਹ ਕੇ, ਆਪਣੀਆਂ ਤਲਵਾਰਾਂ ਦੁਸ਼ਮਣ ਅੱਗੇ ਰੱਖਦੇ ਸਿੰਘ, ਬੇਹਥਿਆਰ ਹੋਣ ਤੇ ਧਾਹਾਂ ਮਾਰ ਮਾਰ ਕੇ ਰੋਂਦੇ ਸਨ। ਸ਼ਾਇਦ ਉਹਨਾਂ ਨੂੰ ਆਭਾਸ ਹੋ ਗਿਆ ਸੀ ਕਿ ਲੰਮਾ ਸਮਾਂ ਫਰੰਗੀ ਹਾਕਮ ਉਹਨਾਂ ਨੂੰ ਮੁੜ ਸ੍ਰੀ ਸਾਹਿਬ ਦੇ ਦਰਸ਼ਨ ਨਹੀਂ ਕਰਨ ਦੇਣਗੇ। ਤੇ ਹੋਇਆ ਵੀ ਇੰਜ ਹੀ। ਵੱਡੀ ਤਲਵਾਰ ਲੈ ਕੇ ਚੱਲਣ ਤੇ ਪਾਬੰਦੀ ਸੀ। ਇਸ ਲਈ ਭਾਈ ਬਿਸ਼ਨ ਸਿੰਘ ਨੇ ਉਹ ਹਥਿਆਰ ਹੀ

ਪਕੜਿਆ-ਸੋਟਾ, ਜਿਹਦੇ ਨਾਲ ਨੂਰਦੀਨ ਦੀ ਸਰਾਂ (ਤਰਨਤਾਰਨ) ਪਾਸ, ਨਾਕਾ ਲਾ ਕੇ, ਅਠਾਰਵੀਂ ਸਦੀ ਦੇ ਪਹਿਲੇ ਅੱਧ ਵਿਚ, ਦੋ ਗੁਰੂ ਕੇ ਸਿੰਘਾਂ ਭਾਈ ਬੋਤਾ ਸਿੰਘ ਅਤੇ ਗਰਜਾ ਸਿੰਘ ਨੇ ਹਰ ਯਾਤਰੀ ਤੋਂ ਮਸੂਲ ਵਸੂਲ ਕੇ, ਆਪਣੀ ਪ੍ਰਭੂ ਸੱਤਾ ਦਾ ਐਲਾਨ ਕਰ ਦਿੱਤਾ ਸੀ। ਸੋਟੇ ਦੀ ਮਹਿਮਾਂ ਬੜੀ ਅਪਰ ਅਪਾਰ ਹੈ। ਇਕ ਪੰਜਾਬੀ ਕਵੀ ਭਾਈ ਬਿਹਾਰੀ ਰਾਮ ਦਾ "ਸੋਟਾ ਸਤੋਤਰ" ਕੁਝ ਇਸ ਤਰ੍ਹਾਂ ਹੈ :-

"ਭੰਗ ਭੂੰਗ ਘੋਟਨੇ ਕੋ; ਵੈਰੀ ਦਲ ਰੋਕਨੇ ਕੋ,
ਮੂਰਖ ਕੇ ਠੋਕਨੇ ਕੋ; ਸੋਟਾ ਸਾਵਧਾਨ ਹੈ।
ਵੱਗ ਕੇ ਚਰਾਵਨੇ ਕੋ; ਬਾਲਕ ਡਰਾਵਨੇ ਕੋ,
ਕੁੱਤੇ ਕੇ ਹਟਾਵਨੇ ਕੋ; ਸੋਟਾ ਸਾਵਧਾਨ ਹੈ।
ਫਲ ਫੁੱਲ ਝਾੜਨੇ ਕੋ; ਸੱਪ ਮਾਰ ਡਾਰਨੇ ਕੋ,
ਤਸਕਰ ਕੇ ਤਾੜਨੇ ਕੋ; ਸੋਟਾ ਸਾਵਧਾਨ ਹੈ।
ਕਹਿਤ ਬਿਹਾਰੀ ਰਾਮ; ਸੋਟੇ ਕਾ ਹੀ ਸਭ ਜਹਾਨ,
ਜਿਸ ਹੱਥ ਸੋਟਾ, ਤਿਸ ਕਾ ਹੀ ਮਾਨ ਤਾਨ ਹੈ।"

ਉਸ ਸਮੇਂ ਦੇ ਨਾਮਧਾਰੀ ਸਿੰਘ, ਸਵਾ ਕੁ ਦੋ ਹੱਥ ਦਾ, ਮਜ਼ਬੂਤ ਲੱਕੜੀ ਦਾ ਇਕ ਸਿਰਾ ਪਤਲਾ ਦੂਜਾ ਸਿਰਾ ਮੋਟਾ, ਸਲੋਤਰ ਰੱਖਿਆ ਕਰਦੇ ਸਨ। ਭਾਈ ਬਿਸ਼ਨ ਸਿੰਘ ਨੇ ਵੀ ਇਸ ਸਲੋਤਰ ਦੀ ਵਰਤੋਂ, ਆਪਣੇ ਨਿਸ਼ਾਨੇ ਦੀ ਪੂਰਤੀ ਲਈ ਕੀਤੀ। ਸਰਕਾਰੀ ਵੇਰਵਿਆਂ ਵਿਚ ਸਿੰਘਾਂ ਦੀ ਸੂਰਮਗਤੀ ਨੂੰ, ਪੂਰੀ ਤਰਾਂ ਪਰਗਟ ਤਾਂ ਕੀ ਹੋਣ ਦੇਣਾ, ਸਗੋਂ ਕੁਝ ਕੱਜਣ ਦਾ ਹੀ ਚਾਰਾ ਕੀਤਾ ਜਾਂਦਾ ਹੈ। ਜੋ ਪ੍ਰਬੁੱਧ ਪਾਠਕ ਆਪਣੀ ਵਿਵੇਕਸ਼ੀਲ ਬਿਰਤੀ ਨਾਲ ਨਿਖਾਰ ਸੱਕਦੇ ਹਨ। ਫਿਰ ਵੀ ਉਪਰ ਵਰਣਿਤ ਅਖਬਾਰ ਦੇ ਕੁਝ ਵੇਰਵੇ, ਘਟਨਾ ਦੀ ਹੋਰ ਤਸਵੀਰਕਸ਼ੀ ਲਈ ਲਾਹੇਵੰਦ ਰਹਿਣਗੇ:

"ਲਾਹੌਰ ਵਿਚ ਇਸ ਹਫਤੇ ਵਾਪਰਨ ਵਾਲੀਆਂ, ਦੋ ਗ਼ੈਰ ਮਾਅਮੂਲੀ ਉਗਰ ਕਾਰਵਾਈਆਂ ਨੇ ਲੋਕਾਂ ਨੂੰ ਅਸਧਾਰਨ ਉਕਸਾਹਟ ਵਿਚ ਪਾ ਦਿੱਤਾ ਹੈ। ਸਮਾਲ ਕਾਜ਼ ਕੋਰਟ ਦੇ ਜੱਜ ਤੇ ਆਪਣੀ ਡਿਊਟੀ ਨਿਬਾਹੁਣ ਕਾਰਨ ਕਾਤਲਾਨਾ ਹਮਲਾ ਕੀਤਾ ਗਿਆ। ਨਗਰਪਾਲਿਕਾ (ਲਾਹੌਰ) ਦੇ ਸਹਾਇਕ ਸਕੱਤਰ ਤੇ ਵੀ ਬਿਨਾਂ ਕਿਸੇ ਵਜਹਾ ਹਮਲਾ ਕੀਤਾ ਗਿਆ। ਜੱਜ ਮੁੰਨਸ਼ੀ ਜਾਇਸੀ ਰਾਮ ਹਮਲੇ ਤੋਂ ਕਰੀਬ ਤੀਹ ਕੁ ਘੰਟਿਆ ਤੱਕ ਜੀਵਿਆ, ਪਰ ਇਹ ਸਾਰਾ ਸਮਾਂ ਉਹ ਬੇਹੋਸ਼ੀ ਵਿਚ ਹੀ ਰਿਹਾ। (ਸਹਾਇਕ ਸਕੱਤਰ) ਮਿ੦ ਬੱਲ ਆਪਣੀ ਸੋਲਹਾ ਟੋਪੀ ਕਰਕੇ ਕਿਸੇ ਹੱਦ ਤਕ ਬਚ ਗਿਆ ਅਤੇ ਹੁਣ ਠੀਕ ਹੋ ਰਿਹਾ ਹੈ। ਬੀਤੇ ਕੱਲ੍ਹ ਡਿਪਟੀ ਅਤੇ ਅਸਿਸਟੈਂਟ ਕਮਿਸ਼ਨਰ ਦੀਆਂ ਅਦਾਲਤਾਂ ਵਿਚ ਮੁੱਢਲੀ ਜਾਂਚ ਪੜਤਾਲ ਹੋਈ। ਦੋਹਾਂ ਮਾਮਲਿਆਂ ਵਿਚ ਕੁਝ ਐਸੇ ਪੱਖ ਸਨ ਜਿਹਨਾਂ ਦਾ ਮਨੋਰਥ ਵਿਸ਼ੇਸ਼ ਧਿਆਨ ਖਿਚਣ ਦਾ ਉਪਰਾਲਾ ਸੀ। ਜੱਜ ਦਾ ਹਮਲਾਵਰ ਨਵੇਂ ਫਿਰਕੇ, ਕੂਕਾ ਮੱਤ ਦਾ ਇਕ ਸਿੱਖ ਸੀ, ਜਿਹੜੇ ਫਿਰਕੇ ਦਾ ਨਾਮ ਹੁਣੇ ਹੁਣੇ ਅੰਮ੍ਰਿਤਸਰ ਅਤੇ ਰਾਇਕੋਟ ਵਿਚ ਹੋਏ ਕਤਲਾਂ ਨਾਲ ਜੁੜਿਆ ਹੈ। ਦੂਜੇ ਮੁਕਦਮੇ ਦਾ ਹਮਲਾਵਰ ਇਕ (ਮੁਸਲਮਾਨ) ਫਕੀਰ ਸੀ, ਜਿਹਨੇ ਹਮਲਾ ਕਰਨ ਸਮੇਂ ਲਲਕਾਰਿਆ-"ਪਹਿਰਾ ਬਦਲ ਗਿਆ! ਪਹਿਰਾ ਬਦਲ ਗਿਆ!!" ਮਤਲਬ ਕਿ 'ਤੁਹਾਡਾ ਸਮਾਂ ਪੂਰਾ ਹੋ ਗਿਆ ਹੈ। ਤੁਹਾਡਾ ਰਾਜ ਜਾ ਚੁੱਕਾ ਹੈ।"

"ਇਹ ਤੱਥ ਲੋਕਾਂ ਦੇ ਮਨਾਂ ਵਿਚ ਦੋਹਾਂ ਘਟਨਾਵਾਂ ਨੂੰ ਜੋੜ ਸੱਕਦੇ ਹਨ, ਜਿਹਾ ਕਿ ਕੂਕਿਆਂ ਅਤੇ ਮੁਸਲਮਾਨਾਂ ਦੇ ਕਿਸੇ ਗਠਬੰਧਨ ਦੀਆਂ ਅਫਵਾਹਾਂ ਵੀ ਹਨ, ਜਿਹਨਾਂ ਮੁਤਾਬਿਕ ਰੋਟੀਆਂ ਵਿਚ ਜ਼ਾਹਿਰ ਮਿਲਾਈ ਜਾ ਰਹੀ ਹੈ। ਲਾਹੌਰ, ਅੰਮ੍ਰਿਤਸਰ, ਜਲੰਧਰ, ਪੇਸ਼ਾਵਰ ਆਦਿ ਵਿਚ ਲੁੱਟ ਖੋਹ ਤੇ ਅੱਗਜ਼ਨੀ ਦੀਆਂ ਵਾਰਦਾਤਾਂ ਹੋ ਰਹੀਆਂ ਹਨ। ਛੋਟੇ ਛੋਟੇ ਪਿੰਡਾਂ ਵਿਚ ਕੂਕਿਆਂ ਦੀਆਂ ਗੁਪਤ ਮੀਟਿੰਗਾਂ ਬਾਰੇ, ਉਹਨਾਂ ਦੀਆਂ ਯੋਜਨਾਵਾਂ ਬਾਰੇ ਅਤੇ ਇਸ ਬਾਰੇ ਹਜ਼ਾਰਾਂ ਕਹਾਣੀਆਂ ਘੁੰਮ ਰਹੀਆਂ ਹਨ। ਇਸ ਤੋਂ ਵੀ ਵਧ ਲੋਕਾਂ ਵਿਚ ਇਹ ਭਾਵਨਾ ਹੈ ਕਿ (ਜ਼ਿੰਮੇਵਾਰੀ ਲੋਕ) ਉਹਨਾਂ ਨੂੰ ਛੱਡ ਚੁੱਕੇ ਹਨ। ਸਰਕਾਰ ਅਤੇ ਮਹਿਕਮਿਆਂ ਦੇ ਸਾਰੇ ਮੁਖੀ ਪਹਾੜਾਂ ਤੇ ਹਨ। ਰੇਲਵੇ ਦਰਹਮ ਬਰਹਮ ਹੋ ਗਈ ਹੈ। ਮੀਆਂ ਮੀਰ ਵਿਚ (ਸੈਨਿਕ) ਰੈਜੀਮੈਂਟਾਂ ਅਧਿਕਾਰੀਆਂ ਤੋਂ ਬਿਨਾਂ ਹਨ ਤੇ ਸਾਰੇ ਵਾਲੰਟੀਅਰਾਂ ਨੇ ਆਪਣੇ ਹਥਿਆਰ ਅਸਲਾਖਾਨਿਆਂ ਵਿਚ ਪੁਚਾ ਦਿੱਤੇ ਹਨ। ਇਸ ਤਰ੍ਹਾਂ ਦੇ ਮਿਥੇ ਨਿਸ਼ਾਨਿਆਂ ਵਾਲੇ ੧੨ ਘੰਟਿਆਂ ਵਿਚ ਹੋਏ ਦੋਹਾਂ ਕਾਤਲਾਨਾ ਹਮਲਿਆਂ ਕਾਰਨ ਉਤਸੁਕਤਾ ਸ਼ਾਂਤ ਨਹੀਂ ਹੋਏਗੀ।...

"ਮੁੰਸ਼ੀ ਜਾਇਸੀ ਰਾਮ, ਲਾਹੌਰ ਦੀ ਸਮਾਲ ਕਾਜ਼ ਕੋਰਟ ਦਾ ਕਾਰਜਕਾਰੀ ਜੱਜ, ਬੁੱਧਵਾਰ ਰਾਤ ਨੂੰ ਸੱਤ ਵਜੇ, ਆਪਣੇ ਦਿਨ ਦੇ ਕੰਮ ਤੋਂ ਵਾਪਸ ਮੁੜਿਆ। ਉਸ ਦਿਨ ਉਹਨੇ ਕੁਝ ਰਕਮ ਲਈ, ਇਕ ਬਿਸ਼ਨ ਸਿੰਘ ਸੁਨਿਆਰੇ ਦੇ ਖਿਲਾਫ਼ ਇਕ ਡਿਗਰੀ ਪਾਸ ਕੀਤੀ ਸੀ। ਘਰ ਕੋਲ ਪੁੱਜ ਕੁਨਕੁਰ (ਕੰਕਰ) ਰੋਡ ਉਹ ਬੱਘੀ ਵਿਚੋਂ ਨਿਕਲਿਆ ਅਤੇ ਘਰ ਤੋਂ ਵੀਹ ਕੁ ਗਜ਼ ਪਿਛੇ ਪੈਦਲ ਤੁਰ ਪਿਆ। ਬਿਸ਼ਨ ਸਿੰਘ ਉਹਨੂੰ ਮਿਲ ਪਿਆ ਅਤੇ ਇਕ ਛੋਟੇ ਮੋਟੇ ਲੱਕੜੀ ਦੇ ਡੰਡੇ ਨਾਲ ਉਸ ਤੇ ਵਾਰ ਕੀਤਾ। ਜੱਜ ਬੇਹੋਸ਼ ਹੋ ਗਿਆ, ਬਿਸ਼ਨ ਸਿੰਘ ਨੂੰ ਬੱਘੀ ਦੇ ਸਾਈਸ, ਇਕ ਸਿੱਖ ਜ਼ਿਮੀਦਾਰ ਨੇ, ਅਤੇ ਇਕ ਸਿਪਾਹੀ

ਨੇ ਫੜ ਲਿਆ ਅਤੇ ਹਵਾਲਾਤ ਵਿਚ ਦੇ ਦਿੱਤਾ। ਜੱਜ ਵੀਰਵਾਰ ਬਾਦ ਦੁਪਹਿਰ ਤੱਕ ਬੇਹੋਸ਼ ਰਿਹਾ ਜਦੋਂ ਉਹ ਪਾਰ ਬੋਲ ਗਿਆ। ਡਿਪਟੀ ਕਮਿਸ਼ਨਰ ਸਾਂਹਵੇਂ ਜਾਂਚ ਵਿਚ ਪੂਰੀਆਂ ਗਵਾਹੀਆਂ ਹੋਈਆਂ। ਸਾਈਸ ਨੇ ਕਿਹਾ ਕਿ ਬਿਸ਼ਨ ਸਿੰਘ ਨੇ ਚੁੱਪ ਚਾਪ ਜੱਜ ਤੇ ਵਾਰ ਕੀਤੇ ਅਤੇ ਫਿਰ ਡਿੱਗੇ ਪਏ ਤੇ ਦੋ ਵਾਰ ਹੋਰ ਕੀਤੇ। ਸਿੱਖ ਜਮਾਦਾਰ ਨੇ ਕਿਹਾ ਕਿ ਉਹ ਜੱਜ ਦੇ ਅੱਗੇ ਅੱਗੇ ਜਾ ਰਿਹਾ ਸੀ ਜਦੋਂ ਕਿ ਉਸਨੇ ਖੜਾਕ ਸੁਣਿਆ, ਪਿੱਛੇ ਮੁੜ ਕੇ ਵੇਖਿਆ ਤਾਂ ਦੋਸ਼ੀ ਜੱਜ ਤੇ ਵਾਰ ਕਰ ਰਿਹਾ ਸੀ, ਸਾਈਸ ਉਸ ਨੂੰ ਪਕੜਨ ਲਈ ਨੱਸਿਆ। ਉਹ ਵੀ ਨੱਸਿਆ ਅਤੇ ਉਹਨੇ, ਸਾਈਸ ਅਤੇ ਸਿਪਾਹੀ ਤਿੰਨਾਂ ਨੇ ਮੁਲਜ਼ਿਮ ਨੂੰ ਕਾਫੀ ਜਦੋ ਜਹਿਦ ਬਾਅਦ ਗਰਿਫਤਾਰ ਕੀਤਾ।

"ਸਿਪਾਹੀ ਨੇ ਹਮਲਾ ਹੁੰਦਾ ਨਹੀਂ ਵੇਖਿਆ ਪਰ ਸਾਈਸ ਦੇ ਸ਼ੋਰ ਮਚਾਉਣ ਤੇ ਉਹ ਵੀ ਮੁਲਜ਼ਮ ਨੂੰ ਫੜਨ ਲਈ ਦੌੜਿਆ। ਕੈਦੀ ਦਾ ਬਿਆਨ ਕਾਫੀ ਲੰਮਾ ਹੈ ਅਤੇ ਇਹ ਇਉਂ ਹੀ ਹੋਣਾ ਸੀ, ਘਟਨਾ ਦਾ ਪੂਰਾ ਵੇਰਵਾ ਦੱਸਣ ਲਈ ਕਿ ਉਹ ਜੱਜ ਨੂੰ ਕਿਵੇਂ ਮਿਲਿਆ। ਪਿਛਲੇ ਦੋ ਸਾਲਾਂ ਤੋਂ ਇਕ ਰਾਮ ਕਿਸ਼ਨ ਮਹਾਜਨ ਦੀ, ਉਸ ਨਾਲ ਦੁਸ਼ਮਣੀ ਪੈਣ ਕਾਰਨ ਉਸ ਤੇ ਲਗਾਤਾਰ ਕਾਨੂੰਨੀ ਮੁਕਦਮੇ ਬਣਾਏ ਜਾਂਦੇ ਰਹੇ ਹਨ। ਪਰੰਤੂ ਆਖਰੀ ਮੁਕਦਮਾ ਜੋ ਕਿ ਤੇਰਹਵਾਂ ਸੀ, ਇਸ ਦੀ ਸੁਣਵਾਈ ਬੁੱਧਵਾਰ ਨੂੰ ਮੁੰਸ਼ੀ ਜਾਇਸੀ ਰਾਮ ਦੇ ਸਾਹਮਣੇ ਹੋਈ। ਜੱਜ ਨੇ ਨਾ ਸਿਰਫ ਬਿਸ਼ਨ ਸਿੰਘ ਦੇ ਖਿਲਾਫ ਡਿਗਰੀ ਪਾਸ ਕੀਤੀ ਸਗੋਂ ਅਦਾਲਤ ਵਿਚ ਉਸਨੂੰ ਚੋਰ ਅਤੇ ਝੂਠਾ ਵੀ ਆਖਿਆ। ਬਿਸ਼ਨ ਸਿੰਘ ਨੇ ਜੁਆਬ ਦਿੱਤਾ ਕਿ ਉਹ ਤਾਂ ਕੱਟੜ ਕੂਕਾ ਹੈ ਜਿਹਦਾ ਧਰਮ ਉਹਨੂੰ ਝੂਠ ਬੋਲਣ ਦੀ ਆਗਿਆ ਨਹੀਂ ਦਿੰਦਾ। ਕਿ ਜਦੋਂ ਅਦਾਲਤ ਨੇ ਉਹਨੂੰ ਚੋਰ ਵੀ ਕਹਿ ਦਿੱਤਾ ਹੈ ਇਸ ਦਾ ਅਸਰ ਉਸਦੇ ਕਾਰੋਬਾਰ ਤੇ ਪਵੇਗਾ। ਆਪਣੇ ਵਿਹਾਰ ਕਾਰ ਵਿਚ ਉਹਨੇ ਹਜ਼ਾਰਾਂ ਰੁਪਈਏ ਲਾਏ ਹਨ ਅਤੇ ਜੇ ਇਸ ਤਰ੍ਹਾਂ ਉਹਦਾ ਚਰਿੱਤਰ ਦਾਗੀ ਕਰ ਦਿੱਤਾ ਗਿਆ ਹੈ ਤਾਂ ਉਸ ਤੇ ਕੌਣ ਭਰੋਸਾ ਕਰੇਗਾ? ਉਸਨੂੰ ਅਦਾਲਤ ਵਿਚੋਂ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ ਗਿਆ। ਘਰ ਆ ਕੇ ਦੋ ਸੋਨੇ ਦੀਆਂ ਚੂੜੀਆਂ ਲੈ ਕੇ ਉਹ ਇਕ ਗਾਹਕ ਕੋਲ ਜਾ ਰਿਹਾ ਸੀ। ਰਸਤੇ ਵਿਚ ਉਹਨੂੰ ਜੱਜ ਮਿਲ ਗਿਆ ਜਿਸਨੂੰ ਉਹਨੇ ਆਪਣੇ ਚਰਿੱਤਰ ਨਾਲ, ਨਿਆਂ ਕਰਨ ਲਈ ਕਿਹਾ। ਪਰ ਜੱਜ ਨੇ ਉਸਦੇ ਚਿਹਰੇ ਤੇ ਇਕ ਛੜੀ ਮਾਰੀ, ਜਿਸਨੇ ਉਹਦੀ ਗੱਲ੍ਹ ਨੂੰ ਜ਼ਖਮੀ ਕਰ ਦਿੱਤਾ (ਅਦਾਲਤ ਵਿਚ ਉਸ ਦਾ ਚਿਹਰਾ ਜ਼ਖਮੀ ਅਤੇ ਸੁੱਜਿਆ ਹੋਇਆ ਸੀ)। ਉਦੋਂ ਜੱਜ ਨੇ ਸਾਈਸ ਨੂੰ ਆਵਾਜ਼ ਦਿੱਤੀ। ਉਹ ਆਪਣਾ ਹੋਸ਼ ਹਵਾਸ਼, ਜੱਜ ਦੁਆਰਾ ਹਮਲੇ ਕਾਰਨ ਗੁਆ ਬੈਠਾ ਅਤੇ ਇਕ ਛੜੀ ਜੋ ਉਸਨੇ ਸਾਈਸ ਤੋਂ ਖੋਹੀ ਉਸ ਨਾਲ ਜੱਜ ਨੂੰ ਸੱਟਾਂ ਲਾਈਆਂ। ਫਿਰ ਉਹਨੂੰ ਸਾਈਸ ਨੇ ਪਕੜਿਆ ਅਤੇ ਲੈ ਗਏ। ਉਹ ਜੱਜ ਤੇ ਹਮਲੇ ਵਾਲੀ ਗੱਲ ਤੋਂ ਮੁੱਕਰਦਾ ਨਹੀਂ ਪਰ ਕਹਿੰਦਾ ਹੈ ਕਿ ਪਹਿਲਾਂ ਉਸਤੇ ਵਾਰ ਕੀਤਾ ਗਿਆ ਹੈ।...ਇਕ ਹੋਰ ਗਵਾਹ ਕਾਸ਼ੀ ਰਾਮ ਦਾ ਕਹਿਣਾ ਹੈ ਕਿ ਉਸ ਰਾਤ ਮੈਂ ਬਿਸ਼ਨ ਸਿੰਘ ਨੂੰ ਜੋ ਸਫੇਦ ਪਜਾਮੇ ਅਤੇ ਕੁੜਤੇ ਵਿਚ ਸੀ ਦੁਕਾਨ ਬੰਦ ਕਰ ਕੇ ਜਾਂਦਾ ਵੇਖਿਆ। ਉਸ ਦੇ ਹੱਥ ਵਿਚ ਇਕ ਛੋਟਾ ਮਜ਼ਬੂਤ ਡੰਡਾ ਜਾਂ ਖੂੰਡਾ ਸੀ। ਪਰ ਬਿਸ਼ਨ ਸਿੰਘ ਕਹਿੰਦਾ ਹੈ ਕਿ ਉਹ ਕੋਈ 'ਫਕੀਰ' ਤਾਂ ਹੈ ਨਹੀਂ ਜੋ ਸੋਟਾ ਹੱਥ ਵਿਚ ਲਈ ਫਿਰੇ। ਇਹ ਵੀ ਜਾਂਚ ਪੜਤਾਲ ਦੀ ਹਾਲੀਆ ਸਥਿਤੀ ਹੈ। ਅਸੀਂ ਕਹਿ ਸੱਕਦੇ ਹਾਂ ਕਿ ਇਸ ਜੁਰਮ ਵਿਚ ਮੁਜਰਿਮ ਦਾ ਕੋਈ ਸਹਿਯੋਗੀ ਨਹੀਂ ਸੀ ਅਤੇ ਨਾ ਹੀ ਉਹ ਕਿਸੇ ਨਸ਼ੇ ਜਾਂ ਦਵਾ ਦੇ ਅਸਰ ਹੇਠ ਸੀ। ਸਗੋਂ ਉਹ ਤਾਂ ਉਹਨਾਂ (ਵੱਡੀਆਂ) ਵਧੀਕੀਆਂ ਦੇ ਭਾਰ ਹੇਠ ਤਿਲਮਿਲਾ ਰਿਹਾ ਸੀ ਜੋ ਉਸ ਨਾਲ ਹੋਈਆਂ। ਇਹ ਵੀ ਸ਼ੱਕ ਕੀਤਾ ਜਾ ਸੱਕਦਾ ਹੈ ਕਿ ਉਸਨੇ ਆਪਣੇ ਆਪ ਨੂੰ ਸ਼ਹੀਦੀ ਦੇ ਸਿੱਖ ਨਮੂਨੇ ਮੁਤਾਬਿਕ ਤਿਆਰ ਕਰ ਲਿਆ ਸੀ। ਪਰੰਤੂ ਜਦੋਂ ਅਸੀਂ ਮੁਲਜ਼ਮ ਤੋਂ ਮਕਤੂਲ ਵੱਲ ਮੁੜਦੇ ਹਾਂ ਤਾਂ ਉਹ ਗਹਿਰਾ ਰੰਜ ਬਿਆਨ ਕਰਨਾ ਮੁਸ਼ਕਿਲ ਜਾਪਦਾ ਹੈ ਜੋ ਇਕ ਅਜਿਹੇ "ਸ਼ਾਨਦਾਰ ਮਨੁੱਖ" ਤੇ ਹਮਲੇ ਕਾਰਨ ਵਾਪਰਿਆ ਹੈ।... ਉਸਨੂੰ ਸਰਕਾਰ ਤੇ ਸਮਾਜ ਲਈ ਵੱਡਾ ਘਾਟਾ ਦੱਸਿਆ ਗਿਆ।

ਦੂਜੀ ਘਟਨਾ ਰੋੜੀ ਦੇ ਢੇਰ ਮਾਪਣ ਵੇਲੇ, ਮਿ: ਬ੍ਰੱਛ ਤੇ ਹੋਏ, ਫਕੀਰ ਵਲੋਂ ਲਾਠੀ ਦੇ ਤਿੰਨ ਵਾਰਾਂ ਦੀ ਹੈ, ਜਿਸ ਵਿਚ ਉਹ "ਪੈਹਰਾ ਬਦਲ ਗਿਆ" ਦੋ ਵਾਰ ਬੋਲਦਾ ਹੈ। ਅਖਬਾਰ ਵਾਲੇ ਦੇ ਮੁਤਾਬਿਕ ਉਹ ਫਕੀਰ ਘਰੋਂ ਇਹ ਸੋਚ ਕੇ ਨਿਕਲਿਆ ਸੀ ਕਿ ਜਿਹੜਾ ਵੀ ਯੂਰਪੀਨ ਪਹਿਲਾਂ ਮਿਲ ਜਾਏ, ਉਹੋ ਉਹਦਾ ਨਿਸ਼ਾਨਾ ਬਣੇਗਾ। ਹੁਣ ਜਦੋਂ ਕਿ ਦੋਹਾਂ ਕੇਸਾਂ ਵਿਚ ਡਾਕਟਰੀ ਮੁਆਇਨੇ, ਮੁਲਾਹਜ਼ੇ ਦੀਆਂ ਰੀਪੋਰਟਾਂ ਅਜੇ ਨਹੀਂ ਆਈਆਂ ਸੋ ਜਾਂਚ ਦਾ ਕੰਮ ਰੁਕ ਗਿਆ ਹੈ। ਅਖੀਰ ਵਿਚ ਇਹ ਸਿਫਾਰਸ਼ ਕੀਤੀ ਹੈ ਕਿ ਐਸੇ ਸਿਰ ਫਿਰੇ ਜਨੂੰਨੀਆਂ, ਕੱਟੜ ਪੰਥੀ, ਆਪੋ ਆਪਣੇ ਧਾਰਮਿਕ ਵਿਸ਼ਵਾਸ਼ਾਂ ਵਿਚ ਪਰਪੱਕ ਬੰਦਿਆਂ ਦੇ, ਹੱਥਾਂ ਵਿਚ ਲਾਠੀ ਰਹਿਣ ਦੇਣੀ, ਇਸ ਕਦਰ ਤਕ ਖਤਰਨਾਕ ਹੈ ਕਿ ਕੱਲ੍ਹ ਨੂੰ ਉਹਨਾਂ ਵਿਚੋਂ ਕਿਸੇ ਇਕ ਦੀ ਹੋਣੀ ਵੀ ਇਹੋ ਜਿਹੀ ਹੋ ਸਕਦੀ ਹੈ।"[੨]

ਮਾਲੂਮ ਹੋਵੇ ਕਿ ਇਸ ਘਟਨਾ ਤੋਂ ਛੇਤੀ ਬਾਅਦ ਪੰਜਾਬ

ਸਰਕਾਰ ਵਲੋਂ ਕਿਸੇ ਵੀ ਵਿਅਕਤੀ ਵਲੋਂ ਸਾਰਵਜਨਿਕ ਸਥਾਨਾਂ ਤੇ ਲਾਠੀ ਲੈ ਕੇ ਚੱਲਣ ਤੇ ਰੋਕ ਲਾ ਦਿੱਤੀ ਗਈ ਸੀ।

ਭਾਈ ਬਿਸ਼ਨ ਸਿੰਘ ਨੂੰ ਕੁਝ ਦਿਨਾਂ ਵਿਚ ਹੀ ਮੁਕਦਮੇ ਦਾ ਸੁਆਂਗ ਰਚ ਕੇ ਮ੍ਰਿਤੂ-ਦੰਡ ਦੇ ਦਿੱਤਾ ਗਿਆ ਜੋ ਬਾਹੋਵਾਲ ਜੀ ਦੀ ਲਿਖਤ ਮੁਤਾਬਿਕ ਉਹਨਾਂ ਨੇ ਸ਼ਹੀਦੀ ਦੀਆਂ ਉਚੀਆਂ ਤੇ ਸੁੱਚੀਆਂ ਸਿੱਖ ਰਵਾਇਤਾਂ ਮੁਤਾਬਿਕ ਕਬੂਲਿਆ। ਸਾਡੇ ਵਿਰੋਧੀ ਵੀ ਸਾਡੀਆਂ ਕੁਰਬਾਨੀਆਂ ਨੂੰ ਸਿਰਫ ਧਾਰਮਿਕ ਉਨਮਾਦ ਕਹਿ ਕੇ ਕੱਜ ਨਹੀਂ ਸੱਕੇ। ਭਾਈ ਬਿਸ਼ਨ ਸਿੰਘ ਸਤੰਬਰ ੧੮੭੧ ਵਿਚ ਹੀ ਲਾਹੌਰ ਵਿਖੇ ਸ਼ਹੀਦੀ ਬਾਟਾ ਛਕ ਗਿਆ। ਮਗਰੋਂ ਘਰ ਵਿਚ ਇਕੱਲੀ ਬਿਰਧ ਮਾਤਾ ਸੀ। ਉਸਨੇ ਲਾਹੌਰ ਦੀ ਨਾਮਧਾਰੀ ਸੰਗਤ ਨੂੰ ਪੁੱਤਰ ਦਾ ਘਰ, ਦੁਕਾਨ ਅਤੇ ਹੋਰ ਸਾਜ ਸਮਾਨ ਸਉਂਪ ਦਿੱਤਾ। ਉਸ ਜਗ੍ਹਾ ਤੇ ੧੯੪੭ ਈ. ਤੱਕ, ਮੋਤੀ ਬਾਜ਼ਾਰ ਦੀ ਨਾਮਧਾਰੀ ਧਰਮਸ਼ਾਲਾ, ਕਾਇਮ ਰਹੀ।[4] ਹੁਣ ਦਾ ਪਤਾ ਨਹੀਂ। ਇਉਂ ਅਗਸਤ, ਸਿਤੰਬਰ ੧੮੭੧ ਵਿਚ ਫਾਂਸੀ ਨਾਲ ਸ਼ਹੀਦ ਕੀਤੇ ਜਾਣ ਵਾਲੇ ਕੂਕੇ ਸ਼ਹੀਦਾਂ ਵਿਚ, ਭਾਈ ਬਿਸ਼ਨ ਸਿੰਘ, ਸਾਕਾ ਰਾਇਕੋਟ ਅਤੇ ਸਾਕਾ ਅੰਮ੍ਰਿਤਸਰ ਦੇ ਸ਼ਹੀਦਾਂ ਬਾਅਦ ਅਠਵਾਂ ਸ਼ਹੀਦ ਜਿਸ ਦੇ ਨਾਂ, ਲਾਹੌਰ ਦਾ ਇਕ ਅਦੁੱਤੀ ਸਾਕਾ, ਇਤਿਹਾਸ ਵਿਚ ਹਮੇਸ਼ਾਂ ਲਈ ਦਰਜ ਹੋ ਗਿਆ ਹੈ। ਭਾਈ ਬਿਸ਼ਨ ਸਿੰਘ ਸੁਨਿਆਰਾ, ਮਹਾਨ ਕੂਕਾ ਅੰਦੋਲਨ ਦਾ, ਮਹਾਨ ਸ਼ਹੀਦ ਹੋ ਨਿੱਬੜਿਆ ਹੈ ਜਿਸ ਦੀ ਯਾਦ ਕੌਮ ਦਾ ਖੂਨ ਠੰਢਾ ਨਹੀਂ ਹੋਣ ਦੇਵੇਗੀ।

ਫੁੱਟ ਨੋਟ-

1. ਜੱਸ ਜੀਵਨ-ਭਾਗ ਦੂਜਾ, ਸੰਤ ਤਰਨ ਸਿੰਘ ਵਹਿਮੀ, ੧੯੭੮, ਬੁੱਢੀਮਾੜੀ (ਸਿਰਸਾ)-ਸਫਾ ੨੯੮
2. ਸਤਿਗੁਰੂ ਬਿਲਾਸ-ਭਾਗ ਪਹਿਲਾ, ੨੦੦੨ ਸੰਤ ਸੰਤੋਖ ਸਿੰਘ ਬਾਹੋਵਾਲ (ਸੰ੦ ਜਸਵਿੰਦਰ ਸਿੰਘ) ਸਫਾ ੪੪੬-੪੭
3. ਸਤਿਜੁਗ ਦਾ ਬਸੰਤ ਅੰਕ (ਨਵੀਂ ਦਿੱਲੀ), ਸੰ੦ ਹਰਵਿੰਦਰ ਸਿੰਘ ਹੰਸਪਾਲ, ਨਵੀਂ ਦਿੱਲੀ, ਸਫਾ ੧੨੩-੨੫
4. ਜੱਸ ਜੀਵਨ, ਭਾਗ ਦੂਜਾ, ਸਫਾ ੨੯੮

੩੦-੪-੨੦੧੨
ਕਰੀਵਾਲਾ (ਸਿਰਸਾ), ੧੨੫੦੭੫
ਫੋਨ-੦੧੬੯੮-੨੭੪੫੬੨
ਮੋਬ-੦੯੯੯੬੩-੭੧੭੧੬

ਸੰਤ ਸਾਧੂ ਸਿੰਘ 'ਠੇਕੇਦਾਰ' ਜੀਵਨ ਨਗਰ ਨਮਿੱਤ ਪਾਠ ਦਾ ਭੋਗ

ਸ੍ਰੀ ਜੀਵਨ ਨਗਰ (ਸਿਰਸਾ) :- ਸਤਿਗੁਰੂ ਪਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਅਨਿੰਨ ਸੇਵਕ, ਸੰਤ ਸਾਧੂ ਸਿੰਘ ਜੀ ਠੇਕੇਦਾਰ ਦਾ, ਕੁਝ ਸਮਾਂ ਬੀਮਾਰ ਰਹਿਣ ਬਾਅਦ ਇੱਥੇ ਆਪਣੇ ਗ੍ਰਹਿ ਵਿਖੇ ਹੀ ਸਰੀਰ ਸ਼ਾਂਤ ਹੋ ਗਿਆ ਸੀ। ਆਪ ਦਾ ਜਨਮ ਪਿਤਾ ਸ. ਸੋਭਾ ਸਿੰਘ ਅਤੇ ਮਾਤਾ ਕਰਤਾਰ ਕੌਰ ਦੇ ਘਰ ਪਿੰਡ ਮਹੀਓ ਦਾਤਾ (ਸਿਆਲਕੋਟ) ਵਿਖੇ ਹੋਇਆ। ਇਸ ਪਿੰਡ ਦੇ ਸੰਤ ਲਾਭ ਸਿੰਘ ਬੜੇ ਅਚਰਜ ਸਾਧੂ ਸਨ। ਉਹਨਾਂ ਦੇ ਪ੍ਰਭਾਵ ਹੇਠ ਸਾਧੂ ਸਿੰਘ ਦੇ ਪਿਤਾ ਜੀ ਸਤਿਗੁਰੂ ਪਰਤਾਪ ਸਿੰਘ ਵੇਲੇ ਨਾਮਧਾਰੀ ਬਣੇ। ਆਪਣੇ ਜੀਵਨ ਵਿਚ ਠੇਕੇਦਾਰੀ, ਟਰਾਂਸਪੋਰਟ, ਸ਼ੂਗਰ ਮਿੱਲ ਦੀ ਨੌਕਰੀ, ਖੇਤੀ ਵੀ ਕੀਤੀ ਪਰੰਤੂ ਆਪਣੇ ਕਾਰ ਵਿਹਾਰ ਵਿਚੋਂ ਰੋਜ਼ਾਨਾ ਸਮਾਂ ਕੱਢ ਕੇ ਕੀਰਤਨ ਜ਼ਰੂਰ ਕਰਿਆ ਕਰਦੇ ਸਨ। ਸਤਿਗੁਰੂ ਜੀ ਦੇ ਹੁਕਮ ਅਨੁਸਾਰ ਜੀਵਨ ਨਗਰ, ਮਸਤਾਨ ਗੜ੍ਹ, ਰਾਣੀਆਂ ਧਰਮਸ਼ਾਲਾ ਜਾਂ ਇਲਾਕੇ ਦੇ ਹੋਰ ਥਾਈਂ ਸਕੂਟਰ ਤੇ ਜਾ ਕੇ ਕੀਰਤਨ ਦੀ ਸੇਵਾ ਨਿਭਾਈ। ਸਤਿਗੁਰੂ ਜਗਜੀਤ ਸਿੰਘ ਇਸ ਸੇਵਾ ਤੋਂ ਇਤਨੇ ਪਰਸੰਨ ਹੋਏ ਕਿ ਵਰ ਦਿੱਤਾ, ਸਾਧੂ ਸਿੰਘ ਤੂੰ ਜਿੱਥੇ ਵੀ ਆਸਾ ਦੀ ਵਾਰ ਲਾਏਂਗਾ ਮੈਂ ਉਥੇ ਹੀ ਸੁਨਣ ਆਵਾਂਗਾ। ਬਚਨ ਅਨੁਸਾਰ ਹਜ਼ੂਰ ਇਲਾਕੇ ਵਿਚ ਕਿਤੇ ਵੀ ਦਰਸ਼ਨ ਦੇ ਰਹੇ ਹੁੰਦੇ ਸਮਾਂ ਕੱਢ ਕੇ ਠੇਕੇਦਾਰ ਜੀ ਤੋਂ ਹਾਰਮੋਨੀਅਮ ਨਾਲ ਇਕ ਦੋ ਸ਼ਬਦ ਸੁਣ ਜਾਂਦੇ। ਸਤਿਗੁਰੂ ਜੀ ਨੇ ਜਦੋਂ ਵਿਦਿਅਕ ਜਥਾ ਸਥਾਪਿਤ ਕੀਤਾ ਆਪ ਨੂੰ ਇਲਾਕਾ ਜੀਵਨ ਨਗਰ ਦਾ ਪਹਿਲਾ ਪ੍ਰਧਾਨ ਥਾਪਿਆ। ਆਪ ਦੀ ਧਰਮ ਪਤਨੀ ਬੀਬੀ ਸੁਰਜੀਤ ਕੌਰ ੧੯੯੧ ਦੇ ਅਖੀਰ ਵਿਚ ਪੂਰੇ ਹੋਏ ਸਨ। ਆਪ ਦੇ ਚਾਰ ਸਪੁੱਤਰ ਜਗਮੋਹਨ ਸਿੰਘ, ਬਲਵਿੰਦਰ ਸਿੰਘ, ਗੁਰਚਰਨ ਸਿੰਘ ਅਤੇ ਜੋਗਿੰਦਰ ਸਿੰਘ, ਦੋ ਸਪੁੱਤਰੀਆਂ ਬਲਵਿੰਦਰ ਕੌਰ, ਸਤਵਿੰਦਰ ਕੌਰ ਹਨ। ੨੯ ਜਨਵਰੀ ਨੂੰ ਚਲਾਣੇ ਤੋਂ ਪੰਜ ਦਿਨ ਬਾਅਦ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸ੍ਰੀ ਭੈਣੀ ਸਾਹਿਬ ਭੋਗ ਪਾ ਕੇ ੫ ਫਰਵਰੀ ਨੂੰ ਜੀਵਨ ਨਗਰ ਵਿਖੇ ਵੀ ਭੋਗ ਪਾਇਆ ਜਿੱਥੇ ਇਲਾਕੇ ਦੇ ਜਥੇਦਾਰਾਂ ਅਤੇ ਮਸਤਾਨ ਗੜ੍ਹ ਦੇ ਬੱਚਿਆਂ ਨੇ ਕੀਰਤਨ ਕੀਤਾ। ਸੰਤ ਹਰਪਾਲ ਸਿੰਘ ਸੇਵਕ, ਗੁਰਦਿਆਲ ਸਿੰਘ ਮੌਜੀ ਅਤੇ ਸੁਵਰਨ ਸਿੰਘ ਵਿਰਕ ਨੇ ਸ਼ਰਧਾਂਜਲੀਆਂ ਦਿੱਤੀਆਂ। ਯਾਦ ਰਹੇ ਕਿ ਆਪ ਸੰਤ ਹਰਪਾਲ ਸਿੰਘ ਸੇਵਕ ਦੇ ਪਿਤਾ ਸੰਤ ਕਸ਼ਮੀਰ ਸਿੰਘ ਜੀ ਨਾਲ ਮਾਮੇ ਭੂਆ ਦੇ ਪੁੱਤਰ ਵਜੋਂ ਭਾਈ ਸਨ। ਭੋਗ ਸਮੇਂ ਆਪ ਦੇ ਜੀਵਨ ਬਾਰੇ ਹਰਪਾਲ ਸਿੰਘ ਸੇਵਕ ਦੀ ਲਿਖੀ ਸੰਖੇਪ ਜਾਣਕਾਰੀ ਸਤਿਗੁਰੂ ਜੀ ਨਾਲ ਉਹਨਾਂ ਦੇ ਚਿੱਤਰਾਂ ਸਹਿਤ ਵੰਡੀ ਗਈ।

ਸ਼ਕਤੀਸ਼ਾਲੀ ਖਾਲਸਾ ਰਾਜ ਦੇ ਸੰਸਥਾਪਕ—ਮਹਾਰਾਜਾ ਰਣਜੀਤ ਸਿੰਘ

—ਸੁਲੱਖਣ ਸਿੰਘ ਭਿੰਡਰ

ਪੰਜਾਬ ਦੀ ਧਰਤੀ ਤੇ ਅਨੇਕਾਂ ਸੂਰਬੀਰ, ਯੋਧੇ ਪੈਦਾ ਹੋਏ ਪ੍ਰੰਤੂ ਸ਼ੇਰ-ਏ-ਪੰਜਾਬ ਅਖਵਾਉਣ ਦਾ ਮਾਣ ਕੇਵਲ ਮਹਾਰਾਜਾ ਰਣਜੀਤ ਸਿੰਘ ਨੂੰ ਪ੍ਰਾਪਤ ਹੋਇਆ, ੧੭੯੦ ਈਸਵੀ ਵਿਚ ਜਦੋਂ ਕਿ ਮਹਾਰਾਜਾ ਰਣਜੀਤ ਸਿੰਘ ਦਸ ਸਾਲ ਦੇ ਸਨ ਇਹਨਾਂ ਨੂੰ ਸ਼ੁਕਰਚੱਕੀਆ ਮਿਸਲ ਦਾ ਮੁਖੀਆ ਥਾਪਿਆ ਗਿਆ। ਉਸ ਸਮੇਂ ਪੰਜਾਬ ਵਿਚ ਬਾਰ੍ਹਾਂ ਸੁਤੰਤਰ ਮਿਸਲਾਂ ਕਾਇਮ ਸਨ। ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਸ਼ਕਤੀ ਨਾਲ ਸਾਰੀਆਂ ਮਿਸਲਾਂ ਨੂੰ ਇਕ ਇਕ ਕਰਕੇ ਆਪਣੇ ਰਾਜ ਵਿਚ ਸ਼ਾਮਲ ਕਰ ਲਿਆ ਸੀ ਤੇ ਇਕ ਸ਼ਕਤੀਸ਼ਾਲੀ ਖਾਲਸਾ ਰਾਜ ਸਥਾਪਿਤ ਕੀਤਾ। ਪ੍ਰਸਿੱਧ ਸਾਹਿਤਕਾਰ ਡਾ. ਹਰੀਰਾਮ ਗੁਪਤਾ ਅਨੁਸਾਰ 'ਜੇਕਰ ਇਤਿਹਾਸਕਾਰਾਂ ਨੇ ਮਧਕਾਲ ਉਪਰੰਤ ਦੇ ਹਿੰਦੂ, ਮੁਸਲਿਮ, ਸਿੱਖ ਤੇ ਦੂਸਰੇ ਲੋਕਾਂ ਦੀ ਖੁਸ਼ੀ ਅਤੇ ਖੁਸ਼ਹਾਲੀ ਨੂੰ ਦਰਸਾਉਣਾ ਹੋਵੇ ਤਾਂ ਉਹ ਬਿਨ੍ਹਾਂ ਝਿਜਕ ਲਾਹੌਰ ਦੇ ਸਿਖ ਸ਼ੇਰ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਨੂੰ ਸਭ ਤੋਂ ਵਧੀਆ ਪ੍ਰਵਾਨ ਕਰਨਗੇ। ਇਹ ਉਹ ਸਮਾਂ ਸੀ ਜਦੋਂ ਸਦਭਾਵਨਾ, ਖੁਸ਼ਹਾਲੀ, ਧਾਰਮਿਕ ਅਤੇ ਸਾਂਝੀਵਾਲਤਾ ਦਾ ਮਾਹੌਲ ੮੦੦ ਸਾਲਾਂ ਦੇ ਅਰਸੇ ਮਗਰੋਂ ਆਇਆ ਸੀ।



ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ,
ਨਾਲ ਜ਼ੋਰ ਦੇ ਮੁਲਕ ਹਿਲਾਇ ਗਿਆ।
ਮੁਲਤਾਨ, ਕਸ਼ਮੀਰ, ਪਸ਼ੌਰ, ਚੰਬਾ,
ਜੰਮੂ, ਕਾਂਗੜਾ, ਕੋਟ ਨਿਵਾਇ ਗਿਆ।
ਹੋਰ ਦੇਸ਼ ਲਦਾਖ ਤੇ ਚੀਨ ਤੋੜੀ,
ਸਿੱਕਾ ਆਪਣੇ ਨਾਮ ਚਲਾਇ ਗਿਆ।
ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ,
ਅੱਛਾ ਰੱਜ ਕੇ ਰਾਜ ਕਮਾਇ ਗਿਆ।

ਸ਼ੇਰੇ ਪੰਜਾਬ ਨਾਂਅ ਨਾਲ ਯਾਦ ਕੀਤੇ ਜਾਂਦੇ ਪੰਜਾਬੀਆਂ ਦੇ ਹਰਮਨ ਪਿਆਰੇ ਮਹਾਰਾਜਾ ਰਣਜੀਤ ਸਿੰਘ ਦਾ ਜਨਮ ੨ ਮੱਘਰ, ਸੋਮਵਾਰ ਬਿਕ੍ਰਮੀ ਸੰਮਤ ੧੮੩੭ (੧੩ ਨਵੰਬਰ ੧੭੮੦ ਈਸਵੀ) ਨੂੰ ਸ਼ੁਕਰਚੱਕੀਆ ਮਿਸਲ ਦੇ ਸਰਦਾਰ ਮਹਾਂ ਸਿੰਘ ਦੇ ਘਰ ਅਤੇ ਸਰਦਾਰਨੀ ਰਾਜ ਕੌਰ ਦੀ ਕੁੱਖੋਂ ਗੁੱਜਰਾਂਵਾਲਾ ਅਜੋਕਾ ਪਾਕਿਸਤਾਨ ਵਿਚ ਹੋਇਆ। ਮਾਤਾ ਜੀ ਨੇ ਇਹਨਾਂ ਦਾ ਬੁਧ ਸਿੰਘ ਨਾਂਅ ਰੱਖਿਆ। ਜਦੋਂ ਜਨਮ ਦੀ ਖ਼ਬਰ ਇਹਨਾਂ ਦੇ ਪਿਤਾ ਜੀ ਨੂੰ ਮਿਲੀ ਤਾਂ ਉਹ ਉਸ ਵੇਲੇ ਜੰਗ ਜਿੱਤ ਕੇ ਵਾਪਸ ਗੁਜਰਾਂ ਵਾਲੇ ਪਰਤੇ ਸਨ ਤਾਂ ਇਸ ਖੁਸ਼ੀ ਵਿਚ ਬੱਚੇ ਦਾ ਨਾਂਅ ਉਹਨਾਂ ਰਣਜੀਤ ਸਿੰਘ ਰੱਖ ਦਿੱਤਾ। ਇਹ ਮਾਪਿਆਂ ਦੇ ਇਕਲੌਤੇ ਪੁੱਤਰ ਸਨ। ਇਸ ਕਰਕੇ ਇਹਨਾਂ ਦੀ ਪਾਲਣਾ ਪੋਸਣਾ ਬੜੇ ਲਾਡ ਪਿਆਰ ਨਾਲ ਹੋਈ। ਬਚਪਨ ਵਿਚ ਚੇਚਕ ਨਿਕਲ ਆਉਣ ਕਰਕੇ ਉਹਨਾਂ ਦੀ ਇਕ ਅੱਖ ਦੀ ਜੋਤ ਸਦਾ ਲਈ ਜਾਂਦੀ ਰਹੀ ਤੇ ਮੂੰਹ ਤੇ ਚੇਚਕ ਦੇ ਦਾਗ ਪੈ ਗਏ।



ਫਿਰ ਵੀ ਉਹਨਾਂ ਦੇ ਚਿਹਰੇ ਦਾ ਪ੍ਰਭਾਵ ਬੜਾ ਤੇਜ਼ ਪੂਰਨ ਸੀ। ਇਕ ਵਾਰ ਲਾਰਡ ਵਿਲੀਅਮ ਬੈਂਟਿਕ ਦੇ ਨਾਲ ਆਏ ਇਕ ਅੰਗਰੇਜ਼ ਅਧਿਕਾਰੀ ਨੇ ਮਹਾਰਾਜੇ ਦੇ ਵਿਦੇਸ਼ ਮੰਤਰੀ ਫਕੀਰ ਅਜ਼ੀਜ਼ੁਦੀਨ ਨੂੰ ਪੁੱਛਿਆ ਕਿ ਮਹਾਰਾਜੇ ਦੀ ਕਿਹੜੀ ਅੱਖ ਬੰਦ ਹੈ। ਤਾਂ ਅੱਗੋਂ ਫਿਕੀਰ ਜੀ ਨੇ ਉਤਰ ਵਿਚ ਕਿਹਾ, 'ਮਹਾਰਾਜੇ ਦੀ ਚਿਹਰੇ ਦੀ ਸ਼ੋਭਾ ਅਤੇ ਰੋਅਬ ਇਤਨਾ ਤੇਜ਼ ਹੈ ਕਿ ਮੈਂ ਕਦੇ ਨੇੜੇ ਤੋਂ ਦੇਖਣ ਦਾ ਸਾਹਸ ਹੀ ਨਹੀਂ ਕਰ ਸਕਿਆ ਕਿ ਉਹਨਾਂ ਦੀ ਕਿਹੜੀ ਅੱਖ ਖਰਾਬ ਹੈ। ਉਹਨਾਂ ਦੀ ਭਰਵੀਂ ਅਤੇ ਲੰਮੀ ਦਾਹੜੀ, ਸੁਡੌਲ ਸਰੀਰ, ਦਰਿਆਨਾ ਕਦ, ਚੌੜੇ ਮੌਢੇ ਅਤੇ ਚਿਹਰੇ ਤੇ ਇਕ ਵਿਸ਼ੇਸ਼ ਤਰ੍ਹਾਂ ਦੀ ਖਿੱਚ ਅਤੇ ਰੋਅਬ ਸੀ। ਉਹਨਾਂ ਦਾ ਪਹਿਰਾਵਾ ਸਾਦਾ ਸੀ। ਉਹ ਬਚਪਨ ਤੋਂ ਦਲੇਰ, ਚੁਸਤ ਤੇ ਹੁਸ਼ਿਆਰ ਸਨ।

ਪੰਜ ਸਾਲ ਦੀ ਉਮਰ ਵਿਚ ਉਹਨਾਂ ਨੂੰ ਭਾਈ ਭਾਗ ਸਿੰਘ ਦੀ ਧਰਮਸ਼ਾਲਾ ਵਿਚ ਮੁਢਲੀ ਸਿੱਖਿਆ ਲਈ ਭੇਜਿਆ।

ਉਥੇ ਉਹਨਾਂ ਨੇ ਗੁਰਮੁਖੀ ਅਤੇ ਗਣਿਤ ਦੀ ਸਿੱਖਿਆ ਪ੍ਰਾਪਤ ਕੀਤੀ ਅਤੇ ਇਸ ਤੋਂ ਅੱਗੇ ਪੜ੍ਹਾਈ ਨਾ ਕਰ ਸਕੇ। ਮਹਾਰਾਜਾ ਰਣਜੀਤ ਸਿੰਘ ਦੇ ਬਚਪਨ ਅਤੇ ਮਿਸਲਾਂ ਦੇ ਸਮੇਂ ਪੜ੍ਹਾਈ ਨਾਲੋਂ ਯੁਧ-ਕਲਾ ਵਿਚ ਮਾਹਰ ਹੋਣਾ ਜ਼ਿਆਦਾ ਮਹੱਤਵਪੂਰਨ ਸਮਝਿਆ ਜਾਂਦਾ ਸੀ। ਜਿਸ ਕਰਕੇ ਘੋੜ ਸਵਾਰੀ, ਸ਼ਿਕਾਰ ਖੇਡਣਾ, ਜੰਗੀ ਕਰਤੱਬ, ਤਲਵਾਰ ਬਾਜ਼ੀ, ਨਿਸ਼ਾਨੇ ਬਾਜ਼ੀ ਅਤੇ ਤੈਰਾਕੀ ਬਾਲਕ ਰਣਜੀਤ ਸਿੰਘ ਦੀ ਪੜ੍ਹਾਈ ਦੇ ਜ਼ਰੂਰੀ ਵਿਸ਼ੇ ਸਨ। ਇਹਨਾਂ ਦੀ ਮੁਹਾਰਤ ਹਾਸਿਲ ਕੀਤੀ। ੧੭੯੦ ਈਸਵੀ ਵਿਚ ਮਹਾਰਾਜਾ ਰਣਜੀਤ ਸਿੰਘ ਜੀ ਦੇ ਪਿਤਾ, ਦਾ ਸਾਇਆ ਸਿਰ ਤੋਂ ਉਠ ਗਿਆ। ਉਦੋਂ ਇਹਨਾਂ ਦੀ ਉਮਰ ਦਸ ਸਾਲ ਦੀ ਸੀ। ਪਿਤਾ ਜੀ ਦੇ ਅੰਤਮ ਸੰਸਕਾਰ ਦੀਆਂ ਰਸਮਾਂ ਬਾਅਦ ਰਣਜੀਤ ਸਿੰਘ ਨੂੰ ਸ਼ੁਕਰ ਚੱਕੀਆ ਮਿਸਲ ਦਾ ਮੁਖੀਆ ਥਾਪਿਆ ਗਿਆ। ੧੭੯੫ ਵਿਚ ਘਨ੍ਹਈਆ ਮਿਸਲ ਦੇ ਸਰਦਾਰ ਜੈ ਸਿੰਘ ਦੀ ਪੋਤਰੀ ਅਤੇ ਗੁਰਬਖਸ਼ ਸਿੰਘ ਦੀ ਲੜਕੀ ਮਹਿਤਾਬ ਕੌਰ ਦੀ ਸ਼ਾਦੀ ਮਹਾਰਾਜਾ ਰਣਜੀਤ ਸਿੰਘ ਨਾਲ ਹੋਈ।

ਮਹਾਰਾਜੇ ਰਣਜੀਤ ਸਿੰਘ ਨੇ ਆਪਣੇ ਜੀਵਨ ਕਾਲ ਵਿਚ ਜਿਤਨੀਆਂ ਵੀ ਲੜ੍ਹਾਈਆਂ ਲੜੀਆਂ, ਉਹਨਾਂ ਵਿਚ ਉਹਨੂੰ ਕਿਸੇ ਵੀ ਹਾਰ ਦਾ ਮੂੰਹ ਨਹੀਂ ਵੇਖਣਾ ਪਿਆ ਹਰੇਕ ਮੋਰਚੇ ਤੇ ਜਿੱਤ ਪ੍ਰਾਪਤ ਕੀਤੀ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਉਤਰ ਵਿਚ ਲਦਾਖ ਲੈ ਕੇ ਦਖਣ ਵਿਚ ਸ਼ਿਕਾਰਪੁਰ ਤਕ ਅਤੇ ਪੂਰਬ ਵਿਚ ਸਤਿਲੁਜ ਨਦੀ ਤੋਂ ਲੈ ਕੇ ਪੱਛਮ ਵਿਚ ਪਿਸ਼ਾਵਰ ਤੱਕ ਫੈਲਿਆ ਹੋਇਆ। ਇਹਨਾਂ ਦੇ ਰਾਜ ਦਾ ਕੁਲ ਖੇਤਰਫਲ ੧, ੪੦,੦੦੦ ਵਰਗ ਮੀਲ ਸੀ। ੧੮੦੯ ਈਸਵੀ ਵਿਚ ਅੰਗ੍ਰੇਜ਼ਾਂ ਦੀ ਭਾਰਤ ਵਿਚ ਬਹੁਤ ਵੱਡੀ ਤਾਕਤ ਸੀ। ਪੰਜਾਬ ਨੂੰ ਛੱਡ ਕੇ ਸਮੁੱਚੇ ਭਾਰਤ ਉਤੇ ਕਬਜ਼ਾ ਸੀ। ਮਹਾਰਾਜਾ ਰਣਜੀਤ ਸਿੰਘ ਦੀ ਵਧਦੀ ਤਾਕਤ ਅੰਗ੍ਰੇਜ਼ਾਂ ਨੂੰ ਰੜਕਦੀ ਸੀ। ਅੰਗ੍ਰੇਜ਼ਾਂ ਨੇ ਆਪ ਹੀ ਮਹਾਰਾਜੇ ਨੂੰ ਸੰਧੀ ਲਈ ਜ਼ੋਰ ਪਾਇਆ ਸੀ। ਅਖੀਰ ੨੫ ਅਪ੍ਰੈਲ ੧੮੦੯ ਨੂੰ ਅੰਗ੍ਰੇਜ਼ਾਂ ਤੇ ਮਹਾਰਾਜਾ ਰਣਜੀਤ ਸਿੰਘ ਵਿਚਾਲੇ ਸੰਧੀ ਹੋਈ। ਪ੍ਰਸਿੱਧ ਇਤਿਹਾਸਕਾਰ ਕ੍ਰਿਪਾਲ ਸਿੰਘ ਰੀਸਰਚ ਸਕਾਲਰ "ਮਹਾਰਾਜਾ ਰਣਜੀਤ ਸਿੰਘ ਜੀਵਨ ਅਤੇ ਘਾਲਣਾ" ਪੁਸਤਕ ਵਿਚ ਸੰਧੀ ਬਾਰੇ ਇਸ ਤਰ੍ਹਾਂ ਵਰਨਣ ਕਰਦੇ ਹਨ—

"ਅਖੀਰ ੨੫ ਅਪ੍ਰੈਲ ੧੮੦੯ ਨੂੰ ਮਹਾਰਾਜਾ ਰਣਜੀਤ ਸਿੰਘ ਤੇ ਅੰਗ੍ਰੇਜ਼ਾਂ ਦਰਮਿਆਨ ਦੋਸਤੀ ਅਹਿਦਨਾਮਾ ਹੋਇਆ। ਜਿਸ ਨੂੰ 'ਅੰਮ੍ਰਿਤਸਰ ਦੀ ਸੰਧੀ' ਵੀ ਕਿਹਾ ਜਾਂਦਾ ਹੈ। ਜਿਸਦੀਆਂ ਚਾਰ ਧਾਰਾਵਾਂ ਸਨ, ਪਹਿਲੀ ਧਾਰਾ ਅਨੁਸਾਰ ਦੋਹਾਂ ਧਿਰਾਂ ਨੇ ਆਪਸ ਵਿਚ ਮਿੱਤਰਾਂ ਵਾਲੇ ਸੰਬੰਧ ਰਖਣੇ ਮੰਨੇ ਅਤੇ ਅੰਗ੍ਰੇਜ਼ਾਂ ਨੇ ਮਹਾਰਾਜੇ ਨਾਲ ਸਭ ਤੋਂ ਵੱਧ ਰਿਆਇਤ ਵਾਲਾ ਵਰਤਾਉ ਕਰਨ ਦੀ ਜ਼ਿੰਮੇਵਾਰੀ ਵੀ ਲਈ। ਇਸੇ ਧਾਰਾ ਅਨੁਸਾਰ ਅੰਗ੍ਰੇਜ਼ਾਂ ਨੇ ਇਸ ਗਲ ਦਾ ਭਰੋਸਾ ਦਿੱਤਾ ਕਿ ਉਹ ਮਹਾਰਾਜੇ ਦੇ ਕਬਜ਼ੇ ਵਾਲੇ ਸਤਿਲੁਜ ਦਰਿਆ ਤੋਂ ਉਤਰ ਦੇ ਇਲਾਕੇ ਲੋਕਾਂ ਨਾਲ ਕਿਸੇ ਕਿਸਮ ਦਾ ਕੋਈ ਵਾਸਤਾ ਨਹੀਂ ਰੱਖਣਗੇ। ਦੂਜੀ ਧਾਰਾ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਸਤਿਲੁਜ ਦੇ ਕੰਢੇ ਉਤੇ ਉਤਨੀ ਫੌਜ ਤੇਨਾਤ ਕਰੇਗਾ ਜਿਤਨੀ ਉਸ ਇਲਾਕੇ ਵਿਚ ਅਮਨ ਸ਼ਾਂਤੀ ਕਾਇਮ ਰੱਖਣ ਤੇ ਭੂਮੀ ਕਰ ਉਗਰਾਣ ਲਈ ਜ਼ਰੂਰੀ ਹੋਵੇਗੀ। ਤੀਜੀ ਧਾਰਾ ਵਿਚ ਦਰਜ ਕੀਤਾ ਗਿਆ। ਉਤਲੀਆਂ ਦੋ ਧਾਰਾਵਾਂ ਭੰਗ ਦੀ ਸੂਰਤ ਵਿਚ ਇਹ ਅਹਿਦਨਾਮਾ ਰੱਦ ਸਮਝਿਆ ਜਾਏਗਾ। ਚੌਥੀ ਧਾਰਾ ਵਿਚ ਸਿਰਫ ਇਸ ਗਲ ਦਾ ਵਰਨਣ ਸੀ ਕਿ ਇਸ ਅਹਿਦਨਾਮੇ ਉਤੇ ਅੰਮ੍ਰਿਤਸਰ ਵਿਖੇ ਦਸਤਖਤ ਹੋਏ। ਦਸਤਖਤ ਕਰਨ ਵਾਲਿਆਂ ਦੇ ਨਾਂਅ ਦਰਜ ਕੀਤੇ ਹੋਏ ਸਨ।

੩੦ ਮਈ, ੧੮੧੩ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਸ਼ਾਹ ਸ਼ੁਜਾਹ ਤੋਂ ਕੋਹਿਨੂਰ ਹੀਰਾ ਪ੍ਰਾਪਤ ਕੀਤਾ ਸੀ। 'ਉਮਦਾ ਉਤਵਾਰੀਖ' ਲੇਖਕ ਸੋਹਨ ਲਾਲ ਸੂਰੀ ਅਨੁਸਾਰ, ਸ਼ਾਹ ਸ਼ੁਜਾਹ ਦੀ ਪਤਨੀ ਵਫਾ ਬੇਗਮ ਨੇ ਖੁਦ ਮਹਾਰਾਜਾ ਰਣਜੀਤ ਸਿੰਘ ਨਾਲ ਇਹ ਇਕਰਾਰ ਕੀਤਾ ਸੀ ਕਿ ਅਗਰ ਉਹ (ਮਹਾਰਾਜਾ) ਉਸਦੇ ਪਤੀ ਨੂੰ ਕਸ਼ਮੀਰ ਤੋਂ ਸਹੀ ਸਲਾਮਤ ਉਸਦੇ ਪਾਸ ਪਹੁੰਚਾ ਦੇਵੇ ਤਾਂ ਉਹ ਬਦਲੇ ਵਿਚ ਕੋਹਿਨੂਰ ਹੀਰਾ ਦੇ ਦੇਵੇਗੀ। ਸ਼ਰਤਾਂ ਪੂਰੀਆਂ ਹੋ ਜਾਣ ਤੇ ਮਹਾਰਾਜੇ ਨੂੰ ਕੋਹਿਨੂਰ ਹੀਰਾ ਪ੍ਰਾਪਤ ਹੋਇਆ। ਹੀਰੇ ਨੂੰ ਦੇਖ ਕੇ ਮਹਾਰਾਜਾ ਬਹੁਤ ਖੁਸ਼ ਹੋਇਆ। ਮਹਾਰਾਜਾ ਰਣਜੀਤ ਸਿੰਘ ਵਕਤ ਦਾ ਬਹੁਤ ਪਾਬੰਦ ਸੀ। ਉਹ ਆਪਣਾ ਦਿਨ ਪਹਿਲੇ ਉਲੀਕੇ ਪ੍ਰੋਗਰਾਮ ਅਨੁਸਾਰ ਬਿਤਾਉਂਦਾ ਸੀ। ਉਸਦਾ ਜੀਵਨ ਰੁਝੇਵਿਆਂ ਭਰਿਆ ਸੀ। ਸ਼ੇਰ ਸ਼ਾਹ ਸੂਰੀ ਵਾਂਗ ਉਹ ਹਮੇਸ਼ਾਂ ਇਸ ਅਸੂਲ ਤੇ ਚਲਦਾ ਸੀ। ਵੱਡਿਆਂ ਨੂੰ ਹਮੇਸ਼ਾ ਚੁਸਤ ਰਹਿਣਾ ਚਾਹੀਦਾ ਹੈ। ਉਹ ਪੂਰਨ ਸਿੱਖ ਸੀ ਬਾਬਾ ਪ੍ਰੇਮ ਸਿੰਘ ਹੋਤੀ ਆਪਣੀ ਪੁਸਤਕ" ਮਹਾਰਾਜਾ ਰਣਜੀਤ ਸਿੰਘ 'ਵਿਚ ਲਿਖਦਾ ਹੈ— 'ਸ਼ਾਹੀ ਮਹੱਲ ਵਿਚ ਸਭ ਤੋਂ ਉਚੀ ਅਟਾਰੀ ਜੋ ਬਹੁਮੁੱਲੇ ਗਲੀਚਿਆਂ ਅਤੇ ਸਜਾਵਟਾਂ ਨਾਲ ਸਜਾਈ ਗਈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਲਈ ਸੀ।

ਆਪ ਨਿੱਕੇ ਹੁੰਦਿਆਂ ਤੋਂ ਹੀ ਅੰਮ੍ਰਿਤ ਵੇਲੇ ਉਠਣ ਦੇ ਆਦੀ ਸਨ। ਸਦੀਵੀ ਅੰਮ੍ਰਿਤ ਵੇਲੇ ਉਠਦੇ, ਇਸ਼ਨਾਨ ਪਾਣੀ ਪਿਛੋਂ ਨਿਤਨੇਮ ਦਾ ਪਾਠ ਕਰਦੇ, ਫਿਰ ਸ਼ਸਤਰ, ਬਸਤਰ ਸਜਾ ਕੇ ਸਣੇ ਪਰਿਵਾਰ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ

ਹਜ਼ੂਰੀ ਵਿਚ ਹਾਜ਼ਰ ਹੁੰਦੇ ਅਤੇ ਸੰਸਾਰੀ ਧੰਦੇ ਭੁਲਾ ਕੇ ਗੁਰਬਾਣੀ ਦਾ ਪਾਠ ਅਤੇ ਮੱਥਿ ਤੇ ਰੱਖ ਕੇ ਬਰਕਤਾਂ ਪ੍ਰਾਪਤ ਕਰ ਕੇ ਦਿਨ ਭਰ ਲਈ ਕੰਮਕਾਰ ਆਰੰਭ ਦਿੰਦੇ ਸਨ। ਉਹਨਾਂ ਨੇ ਇਹ ਨੇਮ ਅੰਤਲੇ ਸਵਾਸਾਂ ਤਕ ਨਿਭਾਇਆ।

ਮਹਾਰਾਜਾ ਰਣਜੀਤ ਸਿੰਘ ਅਹਿਮ ਕੰਮ ਕਰਨ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ, ਤੋਂ ਪਹਿਲੋਂ ਹੁਕਮਨਾਮਾ ਲੈਂਦੇ। ਕੈਪਟਨ ਮੁਰੇ ਅਤੇ ਸਮਕਾਲੀ ਲਿਖਾਰੀ ਲਿਖਦੇ ਹਨ। ਦੁਬਿਧਾ ਵਾਲੇ ਮਸਲੇ ਵਿਚ ਮਹਾਰਾਜਾ ਗੁਰੂ ਗ੍ਰੰਥ ਸਾਹਿਬ ਅੱਗੇ ਦੋ ਪਰਚੀਆਂ ਰੱਖਵਾ ਦਿੰਦੇ। ਇਕ ਉਤੇ ਹਾਂ ਅਤੇ ਦੂਜੀ ਤੇ ਉਸਦੇ ਉਲਟ ਨਾਂਹ ਲਿਖਿਆ ਹੁੰਦਾ ਸੀ। ਕਿਸੇ ਬੱਚੇ ਤੋਂ ਪਰਚੀ ਚੁਕਾਈ ਜਾਂਦੀ ਅਤੇ ਜੋ ਵੀ ਉਹ ਸਹਿਜ ਸੁਭਾਅ ਚੁਕ ਲੈਂਦਾ। ਉਸਦੀ ਲਿਖਤ ਤੇ ਮਹਾਰਾਜਾ ਅਮਲ ਕਰਦੇ ਸਨ। ਸੰਨ ੧੮੦੯ ਦੀ ਅੰਮ੍ਰਿਤਸਰ ਦੀ ਸੰਧੀ ਉਤੇ ਦਸਤਖਤ ਕਰਨ ਤੋਂ ਦੁਬਿਧਾ ਦੇ ਸ਼ਿਕਾਰ ਮਹਾਰਾਜੇ ਨੇ ਇਹੀ ਤਰੀਕਾ ਅਮਲ ਵਿਚ ਲਿਆਂਦਾ ਸੀ। ਨਰਿੰਦਰ ਕ੍ਰਿਸ਼ਨ ਸਿਨਹਾ ਆਪਣੀ ਪੁਸਤਕ 'ਰਣਜੀਤ ਸਿੰਘ' ਵਿਚ ਲਿਖਦਾ "ਗੁਰੂ ਗੋਬਿੰਦ ਸਿੰਘ ਸਾਹਿਬ ਦੇ ਇਕ ਨਗਾਰੇ ਦਾ ਨਾਂਅ 'ਰਣਜੀਤ' ਸੀ ਅਤੇ ਲੱਖ ਨੇਤਰਾ (ਇੱਕ ਅੱਖਾਂ) ਲਿਖ ਬਾਦਸ਼ਾਹ (ਰਣਜੀਤ ਸਿੰਘ) ਆਪਣੇ ਆਪ ਨੂੰ ਸਿੱਖ ਰਾਜ ਦੇ ਇਕ ਨਗਾਰੇ ਤੋਂ ਵਧ ਕੁਝ ਨਹੀਂ ਸੀ, ਜਿਸਦਾ ਕੰਮ ਖਾਲਸੇ ਦੀ ਪ੍ਰਮੁੱਖਤਾ ਦਾ ਢੰਡੋਰੀ ਦੇਣਾ ਸੀ।" ਉਸ ਵਲੋਂ ਚਲਾਏ ਸਿੱਕਿਆਂ, 'ਨਾਨਕਸ਼ਾਹੀ ਸਿਕੇ' ਕਿਹਾ ਜਾਂਦਾ ਸੀ।

ਮਹਾਰਾਜਾ ਰਣਜੀਤ ਸਿੰਘ ਦਿਆਲੂ ਸੁਭਾਅ ਦਾ ਸੀ, ਡਾਕਟਰ ਕੈਪਟਨ ਮੁਰੇ ਲਿਖਦਾ "ਉਸਦੇ ਸੁਭਾਅ ਵਿਚ ਕਰੂਰਤਾ ਦੀ ਅਣਹੋਂਦ ਸੀ ਅਤੇ ਉਹ ਅਪਰਾਧ ਦੀ ਸਥਿਤੀ ਵਿਚ ਦੋਸ਼ੀਆਂ ਨੂੰ ਮੌਤ ਦੀ ਸਜ਼ਾ ਨਹੀਂ ਦਿੰਦਾ ਸੀ।" ਹਿਊਗਲ ਵੀ ਇਸ ਤਰ੍ਹਾਂ ਵਿਚਾਰ ਪ੍ਰਗਟ ਕਰਦਿਆਂ ਲਿਖਦਾ ਹੈ ਉਸਨੇ ਕਦੇ ਵੀ ਆਪਣੇ ਹੱਥ ਬੇ-ਦੋਸ਼ਿਆਂ ਦੇ ਖ਼ੂਨ ਨਾਲ ਨਹੀਂ ਰੰਗੇ। "ਉਸ ਸਮੇਂ ਅੰਗ੍ਰੇਜ਼ ਦੇ ਅਧੀਨ ਹਿੰਦੁਸਤਾਨ ਦੀ ਤੁਲਨਾ ਵਿਚ ਪੰਜਬਾ ਦੇ ਲੋਕਾਂ ਦਾ ਜੀਵਨ ਜ਼ਿਆਦਾ ਸੁਰੱਖਿਅਤ ਸੀ।" ਮੈਲਕੋਮ (Malcolm) ਨੇ ਲਿਖਿਆ ਹੈ, "ਰਣਜੀਤ ਸਿੰਘ ਦੀ ਨਿਆਂ ਪ੍ਰਣਾਲੀ ਪੂਰਨ ਰੂਪ ਨਾਲ ਲੋਕਾਂ ਦੇ ਸੁਭਾਅ ਦੇ ਅਨਕੂਲ ਸੀ।" ਮਹਾਰਾਜਾ ਆਪ ਨਿਆਂ ਦਾ ਪ੍ਰਧਾਨ ਸੋਮਾ ਸੀ। ਉਹ ਪ੍ਰਜਾ ਨੂੰ ਨਿਰਪੱਖ ਨਿਆਂ ਦੇਣਾ ਆਪਣਾ ਪਹਿਲਾ ਕਰਤੱਵ ਸਮਝਦਾ ਸੀ। ਪੀੜਤ ਆਦਮੀ ਨਿਆ ਲੈਣ ਲਈ ਸਿੱਧੇ ਮਹਾਰਾਜਾ ਕੋਲ ਫਰਿਆਦ ਕਰ ਸਕਦਾ ਸੀ।

ਉਹ ਮਹਾਂਦਾਨੀ ਸੀ ਉਸਨੇ ਮੰਦਰਾਂ, ਮਸੀਤਾਂ ਅਤੇ ਗੁਰਦੁਆਰਿਆਂ ਲਈ ਦਾਨ ਨੀਯਤ ਕਰ ਰੱਖੇ ਸਨ। ਦਰਬਾਰ ਸ੍ਰੀ ਅੰਮ੍ਰਿਤਸਰ ਦਾ ਬੜਾ ਸ਼ਰਧਾਲੂ ਸੀ। ਉਸਨੇ ਸੁਨਹਿਰੀ ਪੱਤਰ ਚੜ੍ਹਾਇਆ ਸੀ। ਉਸ ਨੂੰ ਪਾਰਸ ਆਖ ਕੇ ਯਾਦ ਕੀਤਾ ਜਾਂਦਾ ਹੈ ਉਸਨੇ ਗਰੀਬਾਂ ਨੂੰ ਮੁਫਤ ਜਗੀਰਾਂ ਵੰਡੀਆਂ ਅਤੇ ਬਹੁਤ ਸਾਰੇ ਲੋਕਾਂ ਦੀ ਮਾਇਕ ਸਹਾਇਤ ਕੀਤੀ। ਮਹਾਰਾਜਾ ਰਣਜੀਤ ਸਿੰਘ ਨੇ ਸਿੱਖਾਂ ਨੂੰ ਰਾਜਸ਼ਾਹੀ ਕੌਮ ਹੋਣ ਦੀ ਮਾਨਤਾ ਦੁਆਈ। ਉਹ ਦੂਰ ਅੰਦੇਸ਼ੀ ਤੇ ਵਿਹਾਰਕ ਨੀਤੀਵਾਨ ਰਾਜਾ ਸਨ।

ਜਦੋਂ ਪੰਜਾਬੀਆਂ ਦੇ ਰਾਜ ਦਾ ਸੂਰਜ ਸਿਖਰ ਤੇ ਸੀ ਤਾਂ ੨੭ ਜੂਨ ੧੮੩੯ ਈਸਵੀ ਨੂੰ ੫੯ ਸਾਲ ਉਮਰ ਭੋਗ ਕੇ ਇਹ ਸੂਰਵੀਰ, ਬਹਾਦਰ ਯੋਧਾ ਅਤੇ ਯੋਗ ਸੈਨਾ-ਨਾਇਕ ਲੰਬੀ ਬਿਮਾਰੀ ਨਾਲ ਜੂਝਦਾ ਹੋਇਆ ਰਬ ਨੂੰ ਪਿਆਰਾ ਹੋ ਗਿਆ। ਸਿਖ ਰਾਜ ਖੇਰੂੰ-ਖੇਰੂੰ ਹੋ ਗਿਆ ਤੇ ਅੰਗ੍ਰੇਜ਼ਾਂ ਨੇ ਸਿਖ ਰਾਜ ਹੜਪ ਲਿਆ। ਕਵੀ ਸ਼ਾਹ ਮੁਹੰਮਦ ਮਹਾਰਾਜ ਰਣਜੀਤ ਸਿੰਘ ਦੀ ਅਣਹੋਂਦ ਨੂੰ ਮਹਿਸੂਸ ਕਰਦਾ ਹੋਇਆ ਉਸ ਸਮੇਂ ਦੀ ਦਰਦਨਾਕ ਘਟਨਾ ਨੂੰ ਆਪਣੀ ਇਕ ਰਚਨਾ "ਜੰਗਨਾਮਾ ਸਿੰਘਾਂ ਤੇ ਫਰੰਗੀਆਂ" ਵਿਚ ਇਸ ਤਰ੍ਹਾਂ ਬਿਆਨ ਕਰਦਾ ਹੈ-

ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,
ਦੋਵੇਂ ਪਾਤਸ਼ਾਹੀ ਫੌਜਾਂ ਭਾਰੀਆਂ ਨੀ।
ਅੱਜ ਹੋਵੇ ਸਰਕਾਰ ਤਾਂ ਮੁੱਲ ਪਵੇ,
ਜੇੜ੍ਹੀਆਂ ਖਾਲਸੇ ਨੇ ਤੇਗਾਂ ਮਾਰੀਆਂ ਨੀ।
ਸਣੇ, ਆਦਮੀ ਗੋਲਿਆਂ ਨਾਲ ਉਡਣ,
ਹਾਥੀ ਢਹਿੰਦੇ ਸਣੇ ਅੰਬਾਰੀਆਂ ਨੀ।
ਸ਼ਾਹ ਮੁਹੰਮਦਾ ਇੱਕ ਸਰਕਾਰ ਬਾਝੋਂ,
ਫੌਜਾਂ ਜਿਤ ਕੇ ਅੰਤ ਨੂੰ ਹਾਰੀਆਂ ਨੀ।

ਮਕਾਨ ਨੰ. ੧੩੮, ਸੰਧੂ ਕਾਲੋਨੀ, ਗਲੀ ਨੰ. ੬
ਸ੍ਰੀ ਮੁਕਤਸਰ ਸਾਹਿਬ-੧੫੨੦੨੬
ਫੋਨ-੯੫੬੯੦-੮੨੧੮੮

ਏਥੇ ਆਇਆਂ ਨੂੰ ਦੁਨੀਆ ਮੋਹ ਲੈਂਦੀ,
ਦਗੇਬਾਜ਼ ਦਾ ਧਾਰ ਕੇ ਭੇਸ ਮੀਆਂ।
ਸਦਾ ਨਹੀਂ ਜਵਾਨੀ ਤੇ ਐਸ਼ ਮਾਪੇ,
ਸਦਾ ਨਹੀਂ ਜੇ ਬਾਲ ਵਰੇਸ ਮੀਆਂ।
ਸਦਾ ਨਹੀਂ ਜੇ ਦੌਲਤਾਂ ਫ਼ੀਲ ਘੋੜੇ,
ਸਦਾ ਨਹੀਂ ਜੇ ਰਾਜਿਆਂ ਦੇਸ ਮੀਆਂ।
ਸ਼ਾਹ ਮੁਹੰਮਦਾ ਸਦਾ ਨਾ ਰੂਪ ਦੁਨੀਆ,
ਸਦਾ ਰਹਿਣ ਨਾ ਕਾਲੜੇ ਕੇਸ ਮੀਆਂ।

ਗ਼ਜ਼ਲ/ —ਪ੍ਰੋ. ਜਸਵੰਤ ਸਿੰਘ ਕੈਲਵੀ



ਬੜਾ ਗੂੜ੍ਹਾ, ਬੜਾ ਗਾੜ੍ਹਾ, ਬੜਾ ਜ਼ਾਲਿਮ ਹਨ੍ਹੇਰਾ ਹੈ।
ਚੁਫੇਰੇ ਰਾਜ ਹੈ ਇਸਦਾ, ਇਦ੍ਹਾ ਝੁੱਲਦਾ ਫਰੇਰਾ ਹੈ।

ਇਹ ਝਪਟੇ ਰੋਸ਼ਨੀ ਉੱਤੇ, ਸਿਰੀ ਕਾਲ਼ੀ ਉਠਾ ਆਪਣੀ
ਗੁਣਾਂ ਦੀ ਗੰਢ ਖੋਹ ਲੈਂਦਾ, ਲੁਟੇਰਾ ਹੈ, ਲੁਟੇਰਾ ਹੈ।

ਅਦਲ, ਇਨਸਾਫ ਦਾ ਦੁਸ਼ਮਣ, ਚਲਨ ਤੇ ਅਕਲ ਦਾ ਵੈਰੀ
ਜਕੜ ਮਜ਼ਬੂਤ ਹੈ ਇਹਦੀ, ਕਿਲ੍ਹਾ ਇਸਦਾ ਪਕੇਰਾ ਹੈ।

ਬੜਾ ਕੁੱਝ ਭਸਮ ਇਸ ਕੀਤਾ, ਇਦ੍ਹੀ ਪਰ ਭੁੱਖ ਨਹੀਂ ਮਰਦੀ
ਲੜੇ ਤਲਵਾਰ ਹੱਥ ਫੜ ਕੇ, ਕਿਦ੍ਹੇ ਵਿਚ ਯਾਰ! ਜੇਰਾ ਹੈ!

ਕਿਵੇਂ ਗੜ੍ਹ ਜਿੱਤਿਆ ਜਾਏ? ਕਿਵੇਂ ਇਹ ਵਿੰਨ੍ਹਿਆ ਜਾਏ?
ਕਿਵੇਂ ਆਜ਼ਾਦ ਫਿਰ ਹੋਵੇ? ਇਦ੍ਹਾ ਕੈਦੀ ਸਵੇਰਾ ਹੈ!

ਕਲਮ ਦੀ ਨੋਕ ਤੋਂ ਡਰਦਾ, ਕਿਸੇ ਨਾ ਰੋਕ ਤੋਂ ਡਰਦਾ
ਕਲਮ ਜਦ ਵਾਰ ਕਰਦੀ ਹੈ ਇਦ੍ਹਾ ਢਹਿੰਦਾ ਬਨੇਰਾ ਹੈ।

ਮਨਾਂ 'ਚੋਂ ਨ੍ਹੇਰ ਨੂੰ ਕੱਢਦੇ, ਇਦ੍ਹੀ ਜੜ੍ਹ ਇਸਤਰ੍ਹਾਂ ਵੱਢ ਦੇ
ਕਿ ਮੁੜ ਕੇ ਫੇਰ ਨਾ ਫੁੱਟੇ ਇਦ੍ਹਾ ਮਨ ਵਿਚ ਬਸੇਰਾ ਹੈ।

ਮਿਰਾ ਇਹ ਅਜ਼ਮ ਹੈ ਪੁਖ਼ਤਾ, ਹਨ੍ਹੇਰਾ ਕੂੜ ਹਾਰੇਗਾ
ਜ਼ਿਮੀਂ ਤੋਂ ਅਰਸ਼ ਤੀਕਰ ਇਦ੍ਹਾ 'ਜਸ' ਚਾਹੇ ਖਲੇਰਾ ਹੈ।

੧੧੮/੫ ਗੁਰੂ ਅਰਜਨ ਦੇਵ ਨਗਰ, ਫਿਰੋਜ਼ਪੁਰ ਸ਼ਹਿਰ, ਮੋਬ-੯੮੭੮੩੮੧੪੭੪

ਗ਼ਜ਼ਲ

—ਜਸਵਿੰਦਰ ਸਿੰਘ ਭਿੰਡਰ

ਦੇਸ਼ ਮੇਰਾ ਗੁਲਦਸਤਾ ਬਣੇ ਪਿਆਰਾ ਦਾ,
ਫੁਲ ਬਣ ਜਾਵਾਂ ਮੈਂ ਵੀ ਮਸਤ ਬਹਾਰਾਂ ਦਾ।
ਖੰਭ ਲਗ ਜਾਵਣ ਸੋਚ ਮੇਰੀ ਦੇ ਪੰਛੀ ਨੂੰ,
ਨਾਪ ਲਵਾਂ ਮੈਂ ਇਹ ਅਸਮਾਨ ਵਿਚਾਰਾਂ ਦਾ।
ਆਖੋ ਪੌਟੇ ਸੋਹਲ ਕਦੇ ਵੀ ਵਿੰਨਣ ਨਾ,
ਫੁੱਲਾਂ ਦੀ ਰਾਖੀ ਕਰਨਾ ਕੰਮ ਹੈ ਖਾਰਾਂ ਦਾ।
ਜਿਹੜੇ ਸਾਨੂੰ ਆਪੋ ਵਿਚ ਲੜਾਉਂਦੇ ਨੇ,
ਗਲਮਾ ਜਾ ਕੇ ਫੜੀਏ ਦੇਸ਼ ਗ਼ੱਦਾਰਾਂ ਦਾ।
ਹਰ ਹਿੰਦੀ ਦਾ ਆਪਸ ਵਿਚ ਇਤਫਾਕ ਰਹੇ,
ਹਰ ਦਿਲ ਚਸ਼ਮਾ ਫੁਟੇ ਦੇਸ਼ ਪਿਆਰਾ ਦਾ।
ਦੇਸ਼ ਦੀ ਖਾਤਰ ਮਰ ਮਿਟ ਗਏ ਜੋ ਓਹਨਾਂ ਦੇ,
ਭੁਲ ਨ ਜਾਈਏ ਚੇਤਾ ਪਰਉਪਕਾਰਾਂ ਦਾ।
'ਭਿੰਡਰ' ਹੋਏ ਦੀਵਾਲੀ ਵਤਨ ਪ੍ਰਸਤਾਂ ਦੀ।
ਗੁੱਲ ਹੋ ਜਾਵੇ ਦੀਵਾ ਦੇਸ਼ ਗ਼ੱਦਾਰਾਂ ਦਾ।

ਪਿੰਡ ਜਗਜੀਤ ਨਗਰ (ਹਰੀਪੁਰਾ) ਸਿਰਸਾ, ਫੋਨ-੦੯੪੬੭੧੦੧੯੭੫

ਗ਼ਜ਼ਲ/ —ਅਮਰ ਸਿੰਘ ਕੁਕਾ

ਤ੍ਰਿਸ਼ਨਾ ਦੇ ਦਿਸ-ਹੱਦੇ ਤੀਕਰ ਮੇਰੀ ਪਹੁੰਚ ਬਣਾ ਸਾਈਂ।
ਜਾਂ ਸੰਤੋਖ ਦੀ ਲੋਰੀ ਦੇ ਕੇ ਗੂੜ੍ਹੀ ਨੀਂਦ ਸੁਲਾ ਸਾਈਂ।

ਬਿਨ ਪਤਵਾਰ ਦੀ ਕਿਸ਼ਤੀ ਉੱਤੇ ਮੈਂ ਮੂਰਖ ਚੜ੍ਹ ਬੈਠਾ ਹਾਂ,
ਦਿਸ਼ਾ-ਹੀਣ ਇਸ ਮੂਰਖ ਤਾਈਂ ਜੀਵਨ ਜੁਗਤ ਸਿਖਾ ਸਾਈਂ।

ਦੂਰੋਂ ਤੱਕਿਆਂ ਸੰਘਣੀ ਭੰਗੀ ਹਰੀ ਭਰੀ ਜੋ ਲਗਦੀ ਹੈ,
ਪਾਸ ਗਿਆਂ ਬਸ ਛੜਾ ਭਰਮ ਹੈ ਉਠਾਂ ਨੂੰ ਸਮਝ ਸਾਈਂ।

ਮੈਂ ਅਗਿਆਨੀ ਅੱਗ ਬੁਝਾਵਾਂ ਘਿਓ ਦੇ ਕੜਛੇ ਪਾ ਪਾ ਕੇ,
ਮੇਰੇ ਜੰਗਲ ਦੀ ਅੱਗ ਉਤੇ ਸਬਰ ਦੀ ਬਰਖਾ ਪਾ ਸਾਈਂ।

ਕੱਜਲ ਦੀ ਕੋਠੀ 'ਚੋਂ ਹੋ ਕੇ ਰਸਤਾ ਘਰ ਵਲ ਜਾਂਦਾ ਹੈ,
ਪਗੜੀ ਤੇ ਕੋਈ ਦਾਗ਼ ਨਾ ਲੱਗੇ ਐਸਾ ਗੁਰ ਸਮਝਾ ਸਾਈਂ।

ਮੇਰੇ ਹਿਰਦੇ ਦਾ ਪਰਿਵਰਤਨ ਐ ਮੇਰੇ ਮਾਲਕ ਕਰ ਦੇ,
ਤਪਸ਼ ਵਿਕਾਰ ਮਿਟਾ ਕੇ ਮੇਰਾ ਜੀਵਨ ਤ੍ਰਿਪਤ ਬਣਾ ਸਾਈਂ।

'ਅਮਰ' ਹਜ਼ਾਰਾਂ ਨਦੀਆਂ ਪੀ ਕੇ ਹਵਸ ਨਾ ਮੁੱਕੀ ਸਾਗਰ ਦੀ,
ਜਿਤਨਾ ਹੈ ਭਰਪੂਰ ਸਮੁੰਦਰ ਉਤਨਾ ਹੀ ਪਿਆਸਾ ਸਾਈਂ।

*੫੧/੧, ਸੈਕਟਰ-੧੧, ਗੁਰੂ ਨਾਨਕ ਨਗਰ,
ਜੰਮੂ-੦੧੯੧-੨੪੩੪੨੩੯*

.ਗ਼ਜ਼ਲ

—ਕੁਲਵੰਤ ਔਜਲਾ

ਕਦੇ ਬਿਰਖ਼ ਦੀ ਛਾਂ ਹੇਠ ਸੁੱਤਾ ਮੱਝਾਂ ਚਾਰਦਾ ਹੈ
ਕਦੇ ਮੋਦੀਖ਼ਾਨੇ 'ਚ ਬੈਠਾ ਤੇਰਾਂ ਤੇਰਾਂ ਉਚਾਰਦਾ ਹੈ
ਕਦੇ ਮੱਕੇ, ਕਦੇ ਮਦੀਨੇ, ਕਦੇ ਕਾਸ਼ੀ, ਕਦੇ ਨਨਕਾਣੇ
ਤੋੜਦਾ ਹੈ ਵਹਿਮ ਭਰਮ ਤੇ ਮੁਖੌਟੇ ਉਤਾਰਦਾ ਹੈ
ਕਦੇ ਜੇਲ੍ਹ ਵਿਚ ਬੈਠ ਕੇ ਪੀਂਹਦਾ ਹੈ ਚੱਕੀ
ਕਦੇ ਅੱਖਰਾਂ ਦੇ ਲਹੂ ਨਾਲ ਰੱਬ ਨੂੰ ਵੰਗਾਰਦਾ ਹੈ
ਬਾਰਾਮਾਂਹ, ਜਪੁਜੀ, ਸਿੱਧ ਗੋਸਟਿ, ਬਾਬਰਵਾਣੀ ਤੇ ਆਸਾ
ਸ਼ਾਇਰੀ ਦਾ ਸੁਹਜ ਸਦਾ ਹਿਰਦਿਆਂ ਨੂੰ ਠਾਰਦਾ ਹੈ
ਗੁਰੂ ਦੀ ਨਗਰੀ 'ਚ ਵਾਧੂ ਨੇ ਕੰਘੇ, ਕੜੇ ਤੇ ਕ੍ਰਿਪਾਨਾਂ
ਲੱਭਦਾ ਨਹੀਂ ਪਰ ਨਾਨਕ, ਭਾਈ ਲਾਲੋ ਪੁਕਾਰਦਾ ਹੈ
ਹੈ ਸੱਚ ਕਿ ਦੁਨੀਆਂ 'ਚ ਕਮੀ ਨਹੀਂ ਕੁਰਬਾਨੀਆਂ ਦੀ
ਵਿਰਲਾ ਹੀ ਹੁੰਦਾ ਐਪਰ ਜੋ ਸਾਰਾ ਸਰਬੰਸ ਵਾਰਦਾ ਹੈ
ਜਿੱਤਦੇ ਤੇ ਹਾਰਦੇ ਰਹੇ ਨੇ ਰਾਜੇ ਤੇ ਸ਼ਹਿਨਸ਼ਾਹ ਬਥੇਰੇ
ਕਦੇ ਹੀ ਹੁੰਦਾ ਕਿ ਕੋਈ ਵਾਂਗ ਪੋਰਸ ਦੇ ਹਾਰਦਾ ਹੈ
ਸਾਡੇ ਘਰ ਦੀ ਨਿੰਮ 'ਤੇ ਬੈਠਾ ਉਦਾਸ ਜੇਹਾ ਪੰਛੀ
ਜਾਪਦੇ ਮਹਿਮਾਨ ਜਿਵੇਂ ਏਹ ਵਾਘਿਉਂ ਪਾਰਦਾ ਹੈ
ਬਹੁਤੇ ਤਾਂ ਪੜ੍ਹਦੇ ਨੇ ਮਹਿਜ਼ ਇਕ ਰਸਮ ਵਜੋਂ ਬਾਣੀ
ਹੁੰਦਾ ਹੈ ਕੋਈ ਕੋਈ ਜੋ ਅੱਖਰ ਅੱਖਰ ਵਿਚਾਰਦਾ ਹੈ
ਰੂਹ, ਰਾਗ, ਰਮਜ਼ ਤੇ ਰਵਾਨੀ 'ਚ ਡੁਬੋਕੇ ਖ਼ਿਆਲ
ਕੁਲਵੰਤ ਆਪਣੀ ਕਵਿਤਾ 'ਚ ਖ਼ਾਬਾਂ ਦੇ ਅੰਬਰ ਉਸਾਰਦਾ ਹੈ

੯੭, ਮਾਡਲ ਟਾਊਨ, ਕਪੂਰਥਲਾ
ਫੋਨ-੦੧੮੨੨-੨੩੫੩੪੩, ੫੦੨੫੫੬

ਹਰਬੰਸ ਸਿੰਘ ਬਾਠ ਦੀਆਂ ਕਾਵਿ-ਰਚਨਾਵਾਂ



ਦੁਨੀਆ ਦਾ ਚਾਲਕ ਉਹ ਆਪ ਦੋਸਤੋ।
ਦੁਨੀਆ ਦਾ ਮਾਲਕ ਉਹ ਆਪ ਦੋਸਤੋ।
ਤੈਨੂੰ ਫਿਰ ਕਾਹਦੀ ਚਿੰਤਾ ਹੈ 'ਬਾਠ',
ਦੁਨੀਆ ਦਾ ਪਾਲਨ ਓਹ ਆਪ ਦੋਸਤੋ।

ਦਰਖ਼ਤ ਦੇ ਹੇਠਾਂ ਛਾਂ ਹੁੰਦੀ ਹੈ।
ਔਰਤ ਬੱਚੇ ਨਾਲ ਮਾਂ ਹੁੰਦੀ ਹੈ।
ਛੋਂਹਦੀ ਹੈ ਗੁਰੂ ਦੇ ਚਰਨ ਜੋ,
ਪੂਜਣਯੋਗ 'ਬਾਠ' ਥਾਂ ਹੁੰਦੀ ਹੈ।

ਦੇਸ਼-ਕੌਮ ਦੀ ਸ਼ਾਨ ਹੁੰਦੀ ਹੈ।
ਮਾਨਵਤਾ ਦੀ ਜਿੰਦ ਜਾਨ ਹੁੰਦੀ ਹੈ।
ਹੋਵੇ ਕੋਈ 'ਮਾਤਾ ਗੁਜਰੀ' ਜਿਹੀ,
ਉਹ ਮਾਂ ਲੋਕੋ ਮਹਾਨ ਹੁੰਦੀ ਹੈ।

ਘੜੇ ਦਾ ਪਤਾ ਟੁਣਕਾਏ ਤੋਂ ਲੱਗੇ।
ਜੁੱਤੀ ਦਾ ਪਤਾ ਪਾਏ ਤੋਂ ਲੱਗੇ।
ਦੇਖੇ ਤੋਂ ਪਤਾ ਨਹੀਂ ਲੱਗਦਾ 'ਬਾਠ',
ਬੰਦੇ ਦਾ ਪਤਾ ਬੁਲਾਏ ਤੋਂ ਲੱਗੇ।

ਬੁਢਾਪੇ ਵਿਚ ਨੀਂਦਰ ਨਾ ਆਵੇ ਬੇਲੀਓ।
ਪਾਸੇ ਮਾਰ ਕੇ ਰਾਤ ਲੰਘਾਵੇ ਬੇਲੀਓ।
ਵਸਦੇ-ਰਸਦੇ ਘਰ 'ਚ ਵੀ ਉਦਾਸ ਹੈ ਬਜ਼ੁਰਗ,
ਇਕਲਾਪਾ ਵੱਢ-ਵੱਢ ਖਾਵੇ ਬੇਲੀਓ।

ਗਈ ਜਵਾਨੀ, ਆਇਆ ਬੁਢਾਪਾ।
ਇਹ ਤਾਂ ਹੈ ਯਾਰੋ ਨਿਰਾ ਸਿਆਪਾ।
'ਬਾਠ' ਪੁੱਤ ਕਹਿਣ : ਬੁੜ੍ਹਿਆ! ਬੁੜ੍ਹੀਏ!!
ਕੋਈ ਨਾ ਆਖੇ-ਮੰਮੀ! ਪਾਪਾ!!

ਜੱਗਬੀਤੀ ਕੱਚੀ ਹੋਵੇਗੀ।
ਹੱਡਬੀਤੀ ਸੱਚੀ ਹੋਵੇਗੀ।
ਮੁੜ੍ਹਕੇ ਨਾਲ ਭਿੱਜੀ ਹੈ ਮੁਟਿਆਰ,
ਖ਼ੂਬ ਗਿੱਧੇ 'ਚ ਨੱਚੀ ਹੋਵੇਗੀ।

ਜੋ ਨਸ਼ੇ ਵਿਚ ਚੂਰ ਹੁੰਦੇ ਨੇ।
ਉਹ ਜ਼ਿੰਦਗੀ ਤੋਂ ਦੂਰ ਹੁੰਦੇ ਨੇ।
ਮਾਪਿਆਂ ਦੀ ਕਾਹਦੀ ਜ਼ਿੰਦਗੀ,
ਜਿਊਣ ਲਈ ਮਜਬੂਰ ਹੁੰਦੇ ਨੇ।

ਬੂਟ ਲਈ ਪਾਲਿਸ਼ ਜ਼ਰੂਰੀ ਏ।
ਸਰੀਰ ਲਈ ਮਾਲਿਸ਼ ਜ਼ਰੂਰੀ ਏ।
ਪਹਿਲਵਾਨਾਂ ਦੀ ਸਿਹਤ ਲਈ 'ਬਾਠ',
ਦੁੱਧ-ਘਿਓ ਖ਼ਾਲਿਸ ਜ਼ਰੂਰੀ ਏ।

ਆਪਣਾ ਘਰ ਸੰਭਾਲੋ ਯਾਰੋ।
ਕਿਸੇ ਦਾ ਘਰ ਨਾ ਗਾਲੋ ਯਾਰੋ।
ਕਰਕੇ ਮਨ ਅਸ਼ਾਂਤ ਕਿਸੇ ਦਾ 'ਬਾਠ'
ਆਪ ਨਾ ਸ਼ਾਂਤੀ ਭਾਲੋ ਯਾਰੋ।

ਪੜ੍ਹਨ ਦਾ ਵਕਤ ਹੈ ਪੜ੍ਹੋ ਮਿੱਤਰੋ।
ਮੋੜਾਂ 'ਤੇ ਨਾ ਐਵੇਂ ਖੜ੍ਹੋ ਮਿੱਤਰੋ।
'ਬਾਠ' ਦੋਸ਼ ਨਾਕਾਮੀਆਂ ਦਾ ਤੁਸੀਂ,
ਮਾਪਿਆਂ ਦੇ ਸਿਰ ਨਾ ਮੜ੍ਹੋ ਮਿੱਤਰੋ।

ਅਸੀਂ ਜਿਨ੍ਹਾਂ ਨੂੰ ਆਬਾਦ ਕੀਤਾ।
ਸਾਨੂੰ ਉਨ੍ਹਾਂ ਨੇ ਬਰਬਾਦ ਕੀਤਾ।
'ਬਾਠ' ਦੀ ਦੀਵਾਨਗੀ ਤਾਂ 'ਦੇਖੋ',
ਭੁਲਾਉਣ ਵਾਲੇ ਨੂੰ ਯਾਦ ਕੀਤਾ।

ਮੋ-੯੮੧੫੧-੬੨੫੮੭

ਅਨਪੜ੍ਹ ਮਾਂ

—ਕੁਲਵੰਤ ਔਜਲਾ

ਨਿੱਕੇ ਹੁੰਦਿਆਂ ਮੇਰੇ ਵਾਲਾਂ 'ਚ ਤੇਲ ਝੱਸਦੀ ਹੁੰਦੀ ਸੀ ਜਦੋਂ ਮੇਰੀ ਮਾਂ
ਉਸਦੇ ਅਣਘੜ ਜੇਹੇ ਪੋਟਿਆਂ 'ਚੋਂ ਸਿੰਮ ਆਉਂਦਾ ਸੀ ਗੁਰੂ ਦਾ ਨਾਂ
ਰੋਮ ਰੋਮ ਜੁੜ ਜਾਂਦਾ ਮਾਂ ਦਾ ਸੱਚੇ ਪਾਤਸ਼ਾਹ ਹਜ਼ੂਰ ਨਾਲ
ਮਾਂ ਦੀ ਗੋਦ 'ਚ ਲੀਨ ਹੋਇਆ ਭਰ ਜਾਂਦਾ ਮੈਂ ਵੀ ਸਰੂਰ ਨਾਲ
ਇੜਕਾਂ ਕੱਢਦੀ ਹੋਈ ਮਾਂ ਉਮਰ ਭਰ ਵਾਲਾਂ ਨੂੰ ਸੰਭਾਲਣ ਲਈ ਪ੍ਰੇਰਦੀ ਰਹਿੰਦੀ
ਸੁਣਾ ਸੁਣਾ ਕੇ ਕਥਾ ਕਹਾਣੀਆਂ ਮੇਰੇ ਕੱਚੇ ਮਨ ਨੂੰ ਪ੍ਰੋਰਦੀ ਰਹਿੰਦੀ
ਲੱਸੀ ਦਹੀਂ ਨਾਲ ਮਲ ਮਲ ਕੇ ਵਾਲਾਂ ਨੂੰ ਧੋਂਦੀ ਹੁੰਦੀ ਸੀ ਮੇਰੀ ਮਾਂ
ਕਦੇ ਅਜੀਤ ਕਦੇ ਜੁਝਾਰ ਦੀਆਂ ਕਰ ਕਰ ਗੱਲਾਂ ਖ਼ੂਬ ਰੋਂਦੀ ਹੁੰਦੀ ਸੀ ਮੇਰੀ ਮਾਂ
ਤੇਲ ਨਾਲ ਚੋਪੜੇ ਵਾਲਾਂ ਨੂੰ ਗੁੰਦ ਕੇ ਸੁੰਦਰ ਤੇ ਸੋਹਣਾ ਜੂੜਾ ਬਣਾਉਂਦੀ
ਜੂੜੇ 'ਤੇ ਰੰਗ ਬੁਰੰਗੇ ਫੁਲਾਂ ਨਾਲ ਕਢਿਆ ਹੋਇਆ ਰੁਮਾਲ ਸਜਾਉਂਦੀ
ਆਪਣੇ ਆਪ ਵਾਲਾਂ ਨੂੰ ਸਾਂਭਣ ਦੀ ਮਾਂ ਨੇ ਮੈਨੂੰ ਜਾਚ ਸਿਖਾਈ
ਵੱਡਾ ਹੋਇਆ ਤਾਂ ਲੈ ਕੇ ਓਟ ਆਸਰਾ ਮੇਰੇ ਸਿਰ 'ਤੇ ਦਸਤਾਰ ਸਜਾਈ
ਸਾਡੇ ਘਰ 'ਚ ਪਹਿਲੀ ਵੇਰ ਏਹ ਸੁਲੱਖਣੀ ਘੜੀ ਆਈ
ਕਿ ਪਤਾਸਿਆਂ ਦਾ ਵੰਡਕੇ ਪ੍ਰਸ਼ਾਦ ਮਾਂ ਮੈਨੂੰ ਸਕੂਲ ਛੱਡਣ ਆਈ
ਮਾਂ ਆਖਦੀ ਏਹ ਦਸਤਾਰ ਸਾਡੇ ਗੁਰੂਆਂ ਦੀ ਬਖਸ਼ੀਸ਼ ਹੈ
ਮਾਂ ਆਖਦੀ ਏਹ ਦਸਤਾਰ ਸਾਡੇ ਪੁਰਖਿਆਂ ਦੀ ਅਸੀਸ ਹੈ
ਹੁਣ ਵੀ ਜਦੋਂ ਵਾਲਾਂ ਨੂੰ ਵਾਹੁੰਦਾ ਹਾਂ ਤਾਂ ਮਾਂ ਯਾਦ ਆਉਂਦੀ ਹੈ
ਹੁਣ ਵੀ ਜਦੋਂ ਦਸਤਾਰ ਸਜਾਉਂਦਾ ਹਾਂ ਤਾਂ ਮਾਂ ਯਾਦ ਆਉਂਦੀ ਹੈ
ਕਿਰਤੀ ਹਥਾਂ ਵਾਲੀ ਤੇ ਸਾਦਮੁਰਾਦੀ ਸੂਰਤ ਜੇਹੀ ਸੀ ਮੇਰੀ ਮਾਂ
ਮੋਹ, ਮਮਤਾ ਤੇ ਮਿਠਾਸ ਦੀ ਕਾਵਿਕ ਮੂਰਤ ਜੇਹੀ ਸੀ ਮੇਰੀ ਮਾਂ
ਅੱਖਰਾਂ ਦੀ ਉਦਾਸ ਯਾਤਰਾ 'ਚ ਪਹਿਲੀ ਗੁਰੂ ਮੇਰੀ ਅਨਪੜ੍ਹ ਮਾਂ ਹੈ
ਹੁਣ ਭਾਵੇਂ ਮਾਂ ਨਹੀਂ ਪਰ ਮਾਂ ਰੂਪੀ ਅੱਖਰਾਂ ਦੀ ਛਾਂ ਹੈ
ਅਜੇ ਵੀ ਜਾਪਦਾ ਉਂਗਲ ਫੜ ਕੇ ਮਾਂ ਲਿਖਣਾ ਸਿਖਾਉਂਦੀ ਹੈ
ਕਦੇ ਬਿੰਬ, ਕਦੇ ਰੂਪਕ ਬਣ ਕੇ ਮੇਰੀ ਕਵਿਤਾ ਦੇ ਖ਼ਾਬਾਂ 'ਚ ਆਉਂਦੀ ਹੈ

ਸੰਤ ਗਿਆਨਾ ਸਿੰਘ ਜੀ

—ਸਾਧੂ ਸਿੰਘ ਕਿਸਾਨ



ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚੌਰੀ ਬਰਦਾਰ, ਵਾਰਾ ਕੀਰਤਨ ਦੇ ਮੋਢੀ ਆਗੂ, ਪਾਠਾਂ ਮੇਲਿਆਂ ਦੇ ਪਰਬੰਧਕ, ਧਨ ਪਦਾਰਥ, ਸਿਖਿਆ ਖੁਲ੍ਹੇ ਦਿਲ, ਖੁਲ੍ਹੇ ਹੱਥ ਵਰਤਾਣ ਵਾਲੇ, ਅਸਲ ਨਾਮ ਗਿਆਨ ਸਿੰਘ ਪਰ ਖੁਲ੍ਹੇ ਦਿਲ ਹੋਣ ਕਰਕੇ ਹੀ ਸੰਤਾਂ ਨੂੰ ਗਿਆਨਾ ਸਿੰਘ ਆਖਿਆ ਜਾਣ ਲੱਗਾ।

ਗੁਰੂ ਪਿਆਰ ਦੀ ਅਖੰਡ ਮਿਸਾਲ ਦੇਂਦਿਆਂ, ਆਪਣੇ ਸਤਿਗੁਰੂ ਤੋਂ ਪਹਿਲਾਂ ਸੰਸਾਰ ਤਿਆਗਣਾ ਉਚਿਤ ਜਾਣਿਆ।

ਓਦੋਂ ਅਜੇ ਯੂ.ਪੀ. ਜਾਂ ਪੰਜਾਬ ਆਦਿ ਪ੍ਰਾਂਤਾਂ ਦੇ ਵੇਰਵੇ ਨਹੀਂ ਪਏ ਸਨ ਜਦੋਂ ਸ੍ਰੀ ਰਾਮ ਚੰਦਰ ਜੀ ਨੂੰ ਕਰੀਬ ਆਪੂੰ ਸਹੇੜਿਆ ਬੜਾ ਲੰਮਾ ਬਨਬਾਸ ਕਈ ਇਲਾਕਿਆਂ ਵਿਚ ਫਿਰ ਕੇ ਕੱਟਣਾ ਪਿਆ। ਇਸਤਰੀਆਂ ਦੀ ਅਦੁੱਤੀ ਨਾਇਕਾ, ਹਨੂੰਮਾਨ ਰਾਹੀਂ ਲੱਭੀ ਸੀਤਾ ਜੀ ਨੂੰ ਲੈ ਕੇ, ਔਧ, ਅੱਜ ਦੀ ਅਯੁਧਿਆ ਆਏ। ਬੜੀ ਕਰਾਰੀ ਜੰਗ ਜਿੱਤਣ ਦੀ ਖੁਸ਼ੀ ਵਿਚ ਸਾਥੀਆਂ ਸੂਰਮਿਆਂ ਨੂੰ ਮਨਇੱਛਤ ਇਨਾਮ ਸਨਮਾਨ ਵੰਡੇ ਜਾ ਰਹੇ ਨੇ। ਇਕ ਬੜੀ ਹੀ ਸੋਹਣੀ ਮੋਤੀ ਮਾਲਾ ਹਨੂੰਮਾਨ ਦੇ ਗਲੇ ਪਹਿਣਾਈ ਗਈ। ਭੀੜ 'ਚੋਂ ਥੋਹੜਾ ਪਾਸੇ ਹੋ ਕੇ ਦੋ ਪੱਥਰਾਂ ਨਾਲ ਮੋਤੀ ਭੰਨ ਕੇ ਵਿਚੋਂ ਵੇਖਣ ਲਗ ਪਿਆ। ਇਕ ਨੇ ਵੇਖ ਕੇ ਮਿਹਣਾ ਮਾਰਿਆ, ਰਿਹਾ ਨਾ ਓਹੋ ਦਾ ਓਹੋ ਈ? ਦੂਜੇ ਨੇ ਸ੍ਰੀ ਰਾਮ ਜੀ ਨੂੰ ਜਾ ਦੱਸਿਆ। ਓਹਨਾਂ ਕਾਹਲੀ ਨਾਲ ਆ ਕੇ ਪੁੱਛਿਆ, "ਹਨੂੰ ਜੀ ਮਾਲਾ ਪਸੰਦ ਨਹੀਂ ਆਈ? ਕਹਿੰਦੇ ਜੀ ਇਹਨਾਂ ਮੋਤੀਆਂ ਦੇ ਅੰਦਰ ਬਾਹਰ ਕਿਤੇ ਵੀ ਸ੍ਰੀ ਰਾਮ ਨਹੀਂ ਲਿਖਿਆ ਹੋਇਆ। ਰਾਮ ਜੀ ਨੇ ਬੜੇ ਪਿਆਰ ਨਾਲ ਗਲੋਕੜੀ 'ਚ ਲੈ ਕੇ ਪੁੱਛਿਆ ਦੱਸੋ! ਹੋਰ ਕੀ ਮੰਗਦੇ ਓ। ਰਾਮ ਜੀ ਦੇ ਲੱਕ ਦੁਆਲੇ ਬਾਹੀਂ ਵਲਾ ਕੇ ਹਨੂੰਮਾਨ ਬੋਲੇ "ਜਦੋਂ ਆਓ ਆਪ ਦੇ ਨਾਲ ਹੀ ਆਈਏ ਤੇ ਨਾਲ ਹੀ ਲੈ ਜਾਓ।"

ਸਾਡੇ ਇਤਿਹਾਸਾਂ-ਮਿਥਿਹਾਸਾਂ 'ਚ ਸਭ ਤੋਂ ਸਰਗਰਮ ਜ਼ਿੰਦਗੀ ਜਿਊਣ ਵਾਲੇ ਸ੍ਰੀ ਕ੍ਰਿਸ਼ਨ ਜੀ ਬਧਿਕ ਦੇ ਜੁਮੇ ਲਾ ਕੇ ਸਰੀਰ ਤਿਆਗਣਾ ਕੀਤਾ। ਬੜੇ ਹੀ ਪਿਆਰੇ ਦੋਸਤਾਂ, ਪਾਂਡਵਾਂ ਨੂੰ ਪਤਾ ਲੱਗਾ। ਕਹਿੰਦੇ ਕ੍ਰਿਸ਼ਨ ਬਿਨਾਂ ਕੀ ਜਿਊਣਾ!

ਪੰਜੇ ਭਰਾ, ਛੇਵੀਂ ਦ੍ਰੋਪਦੀ, ਹਿਮਾਚਲ ਦੀਆਂ ਬਰਫੀਲੀਆਂ ਚੋਟੀਆਂ 'ਚ ਜਾ ਕੇ ਪ੍ਰਾਣ ਤਿਆਗ ਦਿੱਤੇ।

ਕਲਿਜੁਗ ਦੇ ਰਾਮ ਜੀ ਅਨੰਤ ਸਮੇਂ ਦੇ ਬਨਵਾਸ ਜਾਣ ਲਗਿਆ, ਬਹੁਤੇ ਪਿਆਰੇ ਸਾਥੀਆਂ, ਸਜਨਾਂ, ਸੂਬਿਆਂ ਨੂੰ ਵੀ ਨਾਲ ਹੀ ਲੈ ਗਏ।

ਰਾਮ ਵਿਯੋਗੀ ਸਤਿਗੁਰੂ ਪ੍ਰਤਾਪ ਜੀ ਦੇ ਜਾਣ ਦੀਆਂ ਅਵਾਈਆਂ ਉੱਡਣ ਲੱਗੀਆਂ ਤਾਂ ਉਹਨਾਂ ਦੇ ਭੌਰਿਆਂ ਪਹਿਲਾਂ ਹੀ ਉਡਾਰੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ।

ਆਤਮ ਗਿਆ ਤੇ ਆਤਮੇ ਝੂਣ ਖਾਧੀ
ਆਲਿਮ ਗਿਆ ਤੇ ਇਲਮ ਜ਼ਵਾਲ ਹੋਇਆ
ਡਿਗਿਆ ਅੱਤਰ ਖੁਸ਼ਬੋ ਦੀ ਘਾਟ ਹੋ ਗਈ
ਦਇਆ ਜਾਂਦਿਆਂ ਖਿਮਾ ਦਾ ਕਾਲ ਹੋਇਆ
ਵੱਡੇ ਸੰਤ ਸਨ ਘਾਟਾ ਵੀ ਪਿਆ ਵੱਡਾ
ਜਾਣਾ ਯਾਰ ਤੋਂ ਪਹਿਲਾਂ ਖਿਆਲ ਹੋਇਆ
ਮੁਰਲੀ ਕਾਹਨ ਦੀ ਵਾਜ ਗਿਆਨ ਦੀ ਸੀ
ਹੋ ਗਈ ਚੁੱਪ ਤੇ ਵਾਰਾ ਬਿਹਾਲ ਹੋਇਆ।

ਸੰਤ ਗਿਆਨ ਸਿੰਘ ਜੀ ਦਾ ਜਨਮ ਗੁਜਰਾਂਵਾਲਾ (ਓਦੋਂ ਪੰਜਾਬ ਭਾਰਤ (ਅਜੋਕਾ ਪਾਕਿਸਤਾਨ) ਦੇ ਇਕ ਪਿੰਡ ਰਜਾਦੇ 'ਚ ਹੋਇਆ। ਮੁੱਢਲੇ ਜੀਵਨ ਬਾਰੇ ਅਜੇ ਜਾਣਕਾਰੀ ਨਹੀਂ ਮਿਲ ਸਕੀ। ਜਨਤਕ ਜੀਵਨ ਜ਼ਿਲ੍ਹਾ ਸ਼ੇਖੂਪੁਰਾ, ਨਾਮਧਾਰੀ ਗੁਰਦੁਆਰੇ ਦੇ ਪਰਬੰਧਕ ਵੱਜੋਂ ਉਭਰ ਕੇ ਆਇਆ। ਸਰੀਰ ਉੱਚਾ ਲੰਬਾ ਭਾਰਾ ਪਰ ਬੇਆਲੁਕਾ। ਸਭ ਤ੍ਹੋਂ ਪਹਿਲਾਂ ਜਾਗ ਕੇ ਇਸ਼ਨਾਨ ਕਰਨਾ। ਸਾਰਾ ਦਿਨ ਸਰਗਰਮ ਰਹਿ ਕੇ, ਸਾਰਿਆਂ ਦੇ ਸੌਂ ਜਾਣ ਬਾਦ, ਹਰ ਇਕ ਦੇ ਕੋਲ ਜਾ ਕੇ ਚੁੱਪ ਚੁਪੀਤੇ ਵੇਖਣਾ, ਕਿਸੇ ਨੂੰ ਕਪੜੇ ਲੀੜੇ ਦੀ ਲੋੜ ਹੋਵੇ ਤਾਂ ਪੂਰੀ ਕਰਨੀ। ਜ਼ਿਲ੍ਹਾ ਹੋਣ ਕਰਕੇ ਸ਼ਹਿਰ ਵਿਚ ਜਾਂ ਕਚਿਹਰੀ ਤਾਰੀਖਾਂ ਵਾਲਿਆਂ ਦਾ ਤਾਂਤਾ ਲੱਗਾ ਰਹਿੰਦਾ। ਬਹੁਤੇ ਪੋਂਡੂਆਂ ਘੋੜੀਆਂ ਗੁਰਦੁਆਰੇ ਬੰਨ੍ਹ ਕੇ ਚਲੇ ਜਾਣਾ। ਸੰਤ ਜੀ ਨੇ ਸਾਥੀਆਂ ਸਣੇ, ਘੋੜੀਆਂ ਤੋਂ ਕਾਠੀਆਂ ਲਾਹ ਕੇ ਪਾਣੀ ਡਾਹਣਾ, ਫਿਰ ਹਰੇ ਪੱਠੇ ਜਾਂ ਤੂੜੀ ਦਾਣਾ ਪਾ ਦੇਣਾ। ਮਾਲਕਾਂ ਵਿਹਲਿਆਂ ਹੋ ਕੇ ਆਉਣਾ ਤਾਂ ਵਧੀਆ ਲੰਗਰ ਛਕਣ ਨੂੰ ਮਿਲਣਾ। ਪੀਣ ਨੂੰ ਸ਼ਰਦਾਈ ਜਾਂ ਚਾਹਣਾ। ਚਾਹ ਦਾ ਉਦੋਂ ਰਵਾਜ ਹੀ ਨਹੀਂ ਸੀ ਏਨਾ। ਇੰਜ ਆਉਣ ਵਾਲੇ ਥੋਹੜੇ ਨਾਮਧਾਰੀ, ਬਹੁਤੇ ਗੈਰ ਨਾਮਧਾਰੀ ਹੁੰਦੇ। ਕੋਈ ਵਿਤਕਰਾ ਨਹੀਂ। ਸਭਨਾਂ ਦੀ ਮਿੱਠੇ ਬੋਲਾਂ ਨਾਲ ਆਓ ਭਗਤ। ਖੁਲ੍ਹੇ ਹੱਥ ਵਧੀਆ ਪਦਾਰਥਾਂ ਨਾਲ ਸੇਵਾ ਹੁੰਦੀ। ਛੀਂ ਮਹੀਨੀਂ ਫਸਲਾਂ ਦੇ ਮੌਕੇ, ਪਿੰਡਾਂ 'ਚੋਂ ਤੂੜੀ ਦਾਣਾ ਜਾਂ ਸਮੇਂ ਅਨੁਸਾਰ ਲੋੜੀਂਦੀ ਚੀਜ਼ ਦੇ ਗੱਡੇ ਭਰ ਕੇ ਲੋਕਾਂ ਆਪੇ ਆ ਕੇ ਸੁੱਟ ਜਾਣੇ। ਸਗੋਂ ਸੰਤ ਜੀ



ਸੰਤ ਗਿਆਨਾ ਸਿੰਘ ਜੀ ਚੌਰ ਬਰਦਾਰ, ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸੇਵਾ ਵਿਚ। ਤਸਵੀਰ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਵੀ ਜਲੰਧਰ ਦੀ ਸੰਗਤ ਸਹਿਤ ਬਿਰਾਜਮਾਨ ਹਨ।

ਨੇ ਕਈ ਵਾਰ ਬੜੇ ਲਾਡ ਨਾਲ ਬੇਨਤੀ ਕਰਨੀਂ ਹੁਣ ਅਨੰਦ ਕਰੋ ਪਿਆਰਿਓ! ਕੋਠੇ ਭਰਪੂਰ ਹੋ ਚੁੱਕੇ ਨੇ।

ਰੋਜ਼ਾਨਾ ਵਾਰਾ (ਆਸਾ ਦੀ ਵਾਰ ਦਾ ਕੀਰਤਨ ਢੋਲਕ ਛੈਣਿਆਂ ਨਾਲ-ਸੰਪਾਦਕ) ਜ਼ਰੂਰ ਲਗਦਾ। ਵਾਰੇ ਬਾਦ ਸੰਘਣੀ ਸ਼ਰਦਾਈ 'ਚ ਚਾਹਟਾ, ਕੜਾਹ ਪ੍ਰਸ਼ਾਦ, ਕਦੀ ਲੱਡੂ ਬੂੰਦੀ ਬਰਫੀ, ਜਲੇਬਾਂ ਨਾਲ ਸੰਗਤਾਂ ਨੂੰ ਪ੍ਰਸੰਨ ਕੀਤਾ ਜਾਂਦਾ।

ਗਲੇ ਦੇ ਸੁਰ ਸੁਆਦ ਵਲੋਂ ਇਹ ਆਲਮ ਸੀ, ਸੁਹੇਵਾ ਸਾਹਿਬ ੧੯੫੦-੫੧ ਦੇ ਅਖੰਡ ਪਾਠਾਂ ਦੇ ਸਾਡੇ ਪਰਬੰਧਕ ਸੰਤ ਜੀ ਸਨ। ਲੋੜ ਪਈ ਤੇ ਕਿਸੇ ਪਾਠੀ ਥਾਂ ਰੌਲ ਵੀ ਲਾ ਲੈਂਦੇ ਪਰ ਅੰਮ੍ਰਿਤ ਵੇਲੇ ਵਾਰੇ ਦਾ ਕੀਰਤਨ ਜ਼ਰੂਰ ਕਰਦੇ। ਹੋਰ ਕੋਈ ਨਾ ਹੋਵੇ ਤਾਂ ਸੋਭਾ ਸਿੰਘ ਜੀ ਵਰਨ ਢੋਲਕ ਵਜਾਂਦੇ ਤੇ ਸੰਤ ਜੀ ਛੱਕੇ ਸਲੋਕ ਪੜ੍ਹਦੇ। ਬਹੁਤੀ ਵਾਰੀ ਇਹ ਦੋਵੇਂ ਹੀ ਵਾਰਾ ਲਗਾਂਦੇ। ਸੁਹੇਵਾ ਸਾਹਿਬ ਪਿੰਡ ਵਿਚੋਂ ਬਾਗੜੀ, ਬਾਣੀਏ, ਪੰਡਿਤ ਸਾਝਰੇ ਆ ਕੀਰਤਨ ਦਾ ਅਨੰਦ ਮਾਣਦੇ। ਅਸਾਂ ਕਈਆਂ ਨੂੰ ਪੁਛਣਾ, "ਕੀਰਤਨ ਦੀ ਕੋਈ ਸਮਝ ਔਂਦੀ ਜੇ?" ਤਾਂ ਉਹਨਾਂ ਕਹਿਣਾ, "ਮਾਨੇਂ ਬਾਤ ਕੋ ਤੋ ਸਮਝ ਥੋਰੋ ਕੋ ਪੜੈ ਨਹੀ ਪਣ ਆ ਮੋਟੋ ਸੋ ਸੰਤ ਕੋ ਵਾਜ ਮਨੈਂ ਖੀਚ ਲਾਵੈ।" ਇਕ ਦਿਨ ਸੰਤਾਂ ਸ਼ਬਦ ਪੜ੍ਹਿਆ, "ਬਿੰਦ੍ਰਾਬਨ ਮਹਿ ਰੰਗੁ ਕੀਆ ਕਾਹਨਾਂ!" ਰੱਬ ਅਸੀਂ ਕੁਝ ਪਾਠੀ ਵੀ ਸ਼ਾਮਲ ਸਾਂ। ਬੜਾ ਰਸ ਬਣਿਆ ਹੋਇਆ ਸੀ। ਵੇਖਿਆ ਬਾਗੜੀ ਸ੍ਰੋਤੇ ਇੰਜ ਝੂਮ ਰਹੇ ਸਨ ਜਿਵੇਂ ਸੂਤਰ ਪੈਣ ਵਾਲਾ ਹੋਵੇ। ਬਾਦ ਓਹਨਾਂ ਇਕ ਮੁੱਠ ਹੋ ਕੇ ਬੇਨਤੀ ਕੀਤੀ, "ਉਹ ਗੀਤ ਮਾਨੈਂ ਰੋਜ਼ ਈ ਸੁਨੋਣੋਂ ਚਾਹੀਏ।" ਫੇਰ ਤਾਂ ਸ੍ਰੋਤਿਆਂ ਦੀ ਭੀੜ ਪੈਣ ਲੱਗ ਪਈ।

ਇਹਨਾਂ ਪਾਠਾਂ 'ਚ ਇਕ ਵਾਰ ਸੰਤਾਂ ਨੂੰ ਕਿਸੇ ਕਾਰਨ ਬੰਨ੍ਹ ਪੈ ਗਿਆ। ਹਾਜਤ ਹੋਵੇ ਪਰ ਫਾਰਗ ਨਾ ਹੋਇਆ ਜਾਵੇ। ਬਹੁਤ ਔਖ ਹੋਇਆ। ਪਿੰਡ ਦੇ ਵੈਦਾਂ ਹਕੀਮਾਂ ਜ਼ੋਰ ਲਾ ਲਿਆ। ਕੋਈ ਚਾਰਾ ਨਾ ਚਲਿਆ। ਸਰੀਰ ਬਹੁਤ ਭਾਰਾ ਹੋ ਚੁੱਕਾ ਸੀ। ਅਸਾਂ ਚਾਰ ਜਣਿਆਂ ਚੁੱਕਣਾ ਤਾਂ ਵੀ ਸੰਭਾਲੇ ਨਾ ਜਾਣੇ। ਅਖ਼ੀਰ ਕਹਿਣ ਲੱਗੇ "ਬੱਸ ਛੱਡ ਦਿਓ" ਤੇ ਕੀਰਤਨ ਸੋਹਿਲੇ ਦਾ ਪਾਠ ਕਰੋ। ਮੇਰਾ ਸਸਕਾਰ ਸ੍ਰੀ ਜੀਵਨ ਨਗਰ ਹੋਵੇ ਤਾਂ ਚੰਗਾ ਹੈ ਨਹੀਂ ਤਾਂ ਜਿੱਥੇ ਵੀ ਹੋਵੇ ਠੀਕ ਹੈ। ਆਪ ਹੀ ਸੋਹਿਲਾ ਪੜ੍ਹਦੇ ਬੇਸੁਰਤ ਹੋ ਗਏ। ਅਸਾਂ ਇਕ ਮੁੱਠ ਹੋ ਕੇ ਅਰਦਾਸ ਕੀਤੀ "ਸਤਿਗੁਰੂ ਪ੍ਰਤਾਪ ਸਿੰਘ ਜੀ। ਸਾਡੇ ਸਿਰ ਏਡਾ ਓਲ੍ਹਾਮਾ ਨਾ ਪਵੇ। ਪੰਦਰਾਂ ਵੀਹ ਮਿੰਟਾਂ ਬਾਦ ਸੰਤਾਂ ਨੂੰ ਸੁਰਤ ਆ ਗਈ। ਕਹਿੰਦੇ ਸਤਿਗੁਰੂ ਜੀ ਹੁਕਮ ਕੀਤੇ, ਅਜੇ ਨਹੀਂ ਜਾਣਾ। ਕੋਈ ਬੰਨ੍ਹ ਨਹੀਂ। ਆਪੇ ਉਠ ਕੇ ਬਹਿ ਗਏ। ਸਾਰਾ ਪਿੰਡ ਇਕੱਠਾ ਹੋਇਆ ਪਿਆ ਸੀ। ਸਭ ਨੂੰ ਕੜਾਹ ਪ੍ਰਸ਼ਾਦ ਨਾਲ ਰਜਾਇਆ।

ਇਸ ਤੋਂ ਦੋ ਕੁ ਵਰ੍ਹੇ ਬਾਦ, ਅਨੋਖ ਸਿੰਘ ਪਾਠੀ ਕਮ ਢੁਲਕਈ ਜੀਵਨ ਨਗਰ ਅਤੇ ਮੈਨੂੰ ਸੰਤ ਲੋਹ ਹਟ ਬਦੀ ਅਖੰਡ ਪਾਠਾਂ ਵਾਸਤੇ ਲੈ ਗਏ। ਕਈ ਪਾਠ ਹੋਣੇ ਸਨ। ਹੋਰ ਪਾਠੀ ਉਸ ਇਲਾਕੇ ਦੇ ਹੀ ਸਨ। ਉਹ ਆਪਣੀ ਡਿਊਟੀ ਬਾਦ ਘਰੋ ਘਰੀਂ ਚਲੇ ਜਾਣ ਪਰ ਕਮਾਂ ਵਿਹਾਰਾਂ ਕਰਕੇ ਕਦੀ ਲੇਟ ਹੋ ਜਾਇਆ ਕਰਨ। ਮੈਂ ਸਾਰਿਆਂ 'ਚੋਂ ਨੌ ਉਮਰ ਨਾਲੇ ਤਿੱਖਾ ਪਾਠੀ ਸਾਂ। ਸੰਤ ਜੀ ਨੇ ਮੈਨੂੰ ਕਹਿ ਰਖਿਆ ਸੀ, "ਤੂੰ ਇਕ ਵਾਰ ਭਰਵੀਂ ਨੀਂਦ ਲੈ। ਫਿਰ ਇਸ਼ਨਾਨ ਕਰਕੇ ਹਰਦਮ ਤਿਆਰ ਬਰ ਤਿਆਰ ਈ ਰਿਹਾ ਕਰ। ਕੀ ਪਤਾ ਕਦੋਂ ਲੋੜ ਪੈ ਜਾਵੇ। ਓਧਰ ਲਾਂਗਰੀਆਂ ਨੂੰ ਹੁਕਮ ਸੀ, ਇਹਨੇ



ਗੁਰੂ ਕੇ ਅਰਦਾਸੀਏ ਸਿੰਘ, ਸੰਤ ਗਿਆਨਾ ਸਿੰਘ ਜੀ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ
ਸ੍ਰੀ ਸਤਿਗੁਰੂ ਜਗਜੀਤ ਸਿੰਘ ਦੀ ਹਜ਼ੂਰੀ ਵਿਚ ਯਾਦਗਾਰੀ ਤਸਵੀਰ ਪਿੰਡ ਪੱਤੜਕਲਾਂ (ਜਲੰਧਰ)।

ਲੈਣਾ ਤੇ ਹੈ ਕੁਝ ਨਹੀਂ ਪਰ ਖੇਚਲ ਸਭ ਤੋਂ ਵੱਧ ਹੋਣ ਕਰ ਇਹਦੇ ਖਾਣ ਪੀਣ ਦਾ ਖਿਆਲ ਰਖਿਓ।

ਇਕ ਦਿਨ ਮੈਂ ਆਪਣੀ ਰੌਲ ਤੋਂ ਵਿਹਲਾ ਹੋਇਆ ਈ ਸਾਂ, ਇਕ ਹੋਰ ਪਾਠੀ ਦੀ ਰੌਲ ਤੇ ਬਹਿਣਾ ਪੈ ਗਿਆ। ਏਥੋਂ ਉਠਦਿਆਂ ਨੂੰ ਇਕ ਹੋਰ ਗੈਰ ਹਾਜ਼ਰ ਏ। ਇੰਜ ਮੈਨੂੰ ਇਕੋ ਦਿਨ ਚਾਰ ਡਿਊਟੀਆਂ ਦੇਣੀਆਂ ਪਈਆਂ। ਪਤਾ ਲੱਗਣ ਤੇ ਸੰਤਾਂ ਮੈਨੂੰ ਦੋ ਵਾਰ ਸ਼ਰਦਾਈ ਛਕਾਈ ਵਿਚੋਂ ਉਠਾ ਕੇ। ਲੰਗਰ ਛੱਕਣ ਵੇਲੇ ਬਾਬੇ ਰਾਮ ਰਾਮ ਨੇ ਪਾ ਪੱਕੇ ਵਾਲੇ ਦੋ ਪਲੇ ਘਿਓ ਦੇ ਪਾ ਦਿੱਤੇ। ਮੈਂ ਘਿਓ ਪੀ ਕੇ ਅਜੇ ਪ੍ਰਸ਼ਾਦਾ ਛਕ ਰਿਹਾ ਸਾਂ, ਸੁਹੇਵਾ ਸਾਹਿਬ ਦੇ ਪੱਕੇ ਆੜੀ ਬਾਬਾ ਭੰਗਾ ਸਿੰਘ ਜੀ ਮਲਵਈ ਵੇਖ ਕੇ ਆਂਹਦੇ, ਓਏ ਮੁੰਡੇ ਨੂੰ ਘਿਓ ਨਹੀਂ ਪਾਇਆ? ਕਹਿੰਦਿਆਂ ਇਕ ਪਲਾ ਘਿਓ ਮੇਰੀ ਥਾਲੀ 'ਚ ਪਲਟ ਦਿੱਤਾ। ਮੈਂ ਬੇਨਤੀ ਕੀਤੀ ਹੋਰ ਨਾ ਪਾਇਓ, ਤਿੰਨੇ ਪਲੇ ਹੋ ਗਏ ਨੇ। ਕਹਿੰਦੇ ਕੋਈ ਗਲ ਨਹੀਂ, ਜਵਾਨ ਜਹਾਨ ਹੈਂ, ਕੁਝ ਨਹੀਂ ਹੌਂਦਾ। ਕੁਦਰਤੀ ਸ਼ਾਮ ਨੂੰ ਹੋਰ ਰੌਲ ਲਾਣੀ ਪੈ ਗਈ। ਦੋ ਬੀੜਾਂ ਪਰਕਾਸ਼ ਕੀਤੀਆਂ ਸਨ। ਪੰਜਾਹ ਪੱਤਰੇ ਦੀ ਰੌਲ ਸੀ। ਮੈਂ ਸਵਾ ਘੰਟੇ 'ਚ ਵਿਹਲੇ ਹੋ ਜਾਣਾ।

ਪੰਜ ਰੌਲਾਂ ਦਾ ਥਕੇਵਾ ਤਿਨ ਪਾ ਘਿਓ ਦੀ ਖੁਮਾਰੀ ਨਾਲ ਰਾਤ ਸੁੱਤਾ ਰਿਹਾ। ਦਿਨੇ ਅਨੋਖ ਸਿੰਘ ਜੀ ਮੈਨੂੰ ਦਸਿਆ, ਸੰਤ ਰਾਤ ਉੱਠ ਉੱਠ ਵਿੰਹਦੇ ਰਹੇ, ਹੌਲਾ ਜਿਹਾ ਸਰੀਰ, ਮੁੰਡੇ ਨੂੰ ਕੋਈ ਦਿੱਕਤ ਨਾ ਹੋ ਜਾਇ। ਇਹ ਸੀ, ਸਾਥੀਆਂ ਦਾ ਬੱਚਿਆਂ ਵਾਂਗ ਧਿਆਨ ਰੱਖਣ ਦੀ ਮਿਸਾਲ।

ਟਾਹਲੇ ਸਾਹਿਬ ਤੇਜਾ ਸਿੰਘ ਤੇ ੧੦੧ ਅਖੰਡ ਪਾਠ ਕਰੌਣੇ ਸਨ। ਛੇ ਬੀੜਾਂ ਦਾ ਪ੍ਰਕਾਸ਼ ਕੀਤਾ ਗਿਆ। ਪਾਠੀ, ਧੂਪੀਏ, ਲਾਂਗਰੀ, ਪਹਿਰੂ, ਪਰਬੰਧਕ, ਚੰਗਾ ਘੜਮੱਸ ਪੈ ਗਿਆ। ਮੁਖ ਪ੍ਰਬੰਧ ਕਰਤਾ ਸੰਤ ਗਿਆਨਾ ਸਿੰਘ ਜੀ।

ਪੁਰਾਣੇ ਮਸ਼ਹੂਰ ਪਾਠੀ ਕਿਰਪਾਲ ਸਿੰਘ ਜੀ ਧੂੜਕੋਟ ਨੇ ਇਕਲਿਆਂ, ਇਕੋ ਚੌਕੜੇ ਵਿਚ ੨੭ ਘੰਟਿਆਂ 'ਚ ਸੰਪੂਰਨ ਪਾਠ ਕਰਕੇ ਮੁੰਦਾਵਨੀ ਤੱਕ ਪਹੁੰਚਾਇਆ। ਏਨੇ ਸਮੇਂ 'ਚ ਨਾ ਕੁਝ ਛੱਕਿਆ, ਨਾ ਕਿਸੇ ਹਾਜਤ ਵਾਸਤੇ ਉਠਿ। ਪਾਠ ਇੰਜ ਕੀਤਾ ਨੇੜੇ ਬੈਠਿਆ ਨੂੰ ਪੂਰੀ ਸਮਝ ਆਉਂਦੀ ਰਹੀ।

ਮੇਰੇ ਸਜਨ ਮਿੱਤਰ ਮੇਰੇ ਖਹਿੜੇ ਪੈ ਗਏ। ਤੇਰਾ ਪਾਠ ਉਹਨਾਂ ਤੋਂ ਤਿੱਖਾ ਹੈ, ਤੂੰ ਵੀ ਇਕੱਲਾ ਕਰ!

ਇਕ ਦਿਨ ਮੈਂ ਸਵੇਰੇ ਪਾਠ ਸ਼ੁਰੂ ਕਰ ਕੇ ਸ਼ਾਮ ਤੱਕ ਸੋਰਠ ਮੁਕਾ ਲਿਆ। ਸੰਤਾਂ ਆ ਕੇ ਮੈਨੂੰ ਉਠਾ ਲਿਆ। ਮੇਰੇ ਮੋਢੇ ਤੇ ਹੱਥ ਰੱਖ ਕੇ ਸਮਝਾਇਆ, "ਗੁਰਬਾਣੀ ਨਿਮਰਤਾ ਸਿਖਾਉਂਦੀ ਏ। ਇਸ ਤਰ੍ਹਾਂ ਪਾਠ ਕੀਤਿਆਂ ਅੰਦਰ ਹੰਗਤਾ ਪੈਦਾ ਹੋ ਜਾਂਦੀ ਹੈ। ਦੂਜੇ ਕਿਰਪਾਲ ਸਿੰਘ ਜੀ ਪੱਕੀ ਉਮਰ ਦੇ ਹਨ ਤੂੰ ਅਜੇ ਕੱਚੀ ਉਮਰ ਦਾ ਹੈ। ਏਨਾ ਚਿਰ ਬਹਿਨ ਕਰਕੇ ਸਰੀਰ 'ਚ ਕੋਈ ਨੁਕਸ ਪੈ ਸਕਦਾ ਹੈ। ਮੈਨੂੰ ਸਿਖਿਆ ਦੀ ਸਮਝ ਪੈ ਗਈ। ਸੰਤਾਂ ਦੇ ਚਰਨੀਂ ਹੱਥ ਲਾ ਕੇ ਧੰਨਵਾਦ ਕੀਤਾ।

ਇਕ ਹੋਰ ਪਾਠੀ ਸੁਦਾਗਰ ਸਿੰਘ ਭੋਇੰਵਾਲੀ ਨੇ ਸੋਲਾਂ ਘੰਟਿਆਂ 'ਚ ਪਾਠ ਕਰ ਲਿਆ। ਇਹਦੀ ਰਸਨਾ ਏਨੀ ਤਿੱਖੀ ਸੀ ਮੈਂ ਵੇਖ ਕੇ ਵੀ ਨਹੀਂ ਰਲ ਸਕਦਾ ਪਰ ਸੰਤ ਜੀ ਨੇ ਇਹ ਪਾਠ ਪਰਵਾਨ ਕਰਨੋਂ ਇਨਕਾਰ ਕਰ ਦਿੱਤਾ ਕਿ ਏਨੀ ਕਾਹਲ 'ਚ ਅਨੰਤ ਗਲਤੀਆਂ ਹੋ ਜਾਂਦੀਆਂ ਨੇ।

ਭਗਤ ਰਵਿਦਾਸ ਬਾਣੀ-ਭਗਤ ਭਾਵਨਾ

—ਡਾ. ਰਣਜੀਤ ਕੌਰ
ਸੁਪਤਨੀ ਸ. ਰਾਜਵਰਿੰਦਰ ਸਿੰਘ ਚੀਮਾ

ਭਗਤੀ-ਕਾਵਿ ਵਿਚ ਭਗਤ ਰਵਿਦਾਸ ਬਾਣੀ ਦਾ ਸਿਰਮੌਰ ਸਥਾਨ ਹੈ। ਆਪ ਜੀ ਦੀ ਸਮੁੱਚੀ ਬਾਣੀ ਭਗਤੀ-ਭਾਵਨਾ ਕਾਲ ਓਤਪੋਤ ਹੈ। ਭਗਤ ਰਵਿਦਾਸ ਜੀ ਦੀ ਭਗਤੀ ਦਾ ਸਰੂਪ ਪ੍ਰੇਮਾ-ਭਗਤੀ ਹੈ ਅਥਵਾ ਪ੍ਰਭੂ-ਪ੍ਰੇਮ ਨਿਰਸਵਾਰਥ ਪ੍ਰੇਮ ਹੈ। ਆਪ ਜੀ ਦੀ ਪ੍ਰੇਮਾ-ਭਗਤੀ ਪ੍ਰਭੂ ਪਾਸੋਂ ਦੁਨੀਆਵੀ ਸੁਖ-ਸਾਧਨਾ ਅਤੇ ਪਦਾਰਥਿਕ ਵਸਤਾਂ ਦੀ ਮੰਗ ਦੀ ਬਜਾਇ ਰੂਹਾਨੀ ਸ਼ਾਂਤੀ ਅਤੇ ਪ੍ਰਭੂ-ਸਿਮਰਨ ਦੀ ਮੰਗ ਕਰਦੀ ਹੈ।

ਭਗਤ ਰਵਿਦਾਸ ਜੀ ਦੀ ਸ਼ਖਸੀਅਤ ਉੱਪਰ ਆਪ ਜੀ ਦੇ ਗੁਰੂ ਰਾਮਾਨੰਦ ਸੁਆਮੀ ਜੀ ਦੀ ਵੈਸ਼ਨਵ ਭਗਤੀ ਦੇ ਗੁਣਾਂ ਦਾ ਪ੍ਰਭਾਵ ਪ੍ਰਤੱਖ ਸੀ। ਜਿਸ ਦੇ ਫਲਸਰੂਪ ਭਗਤ ਰਵਿਦਾਸ ਜੀ ਆਪਣੇ ਗੁਰੂ ਜੀ ਦੀ ਸਿੱਖਿਆ-ਦੀਖਿਆ ਅਤੇ ਕਹਿਣੀ-ਕਰਨੀ ਦੇ ਆਧਾਰ 'ਤੇ ਵੈਸ਼ਨਵ ਭਗਤ ਸਨ। ਨਤੀਜਨ ਭਗਤ ਰਵਿਦਾਸ ਜੀ ਉਹਨਾਂ ਸਾਰੇ ਸੱਚੇ-ਸੁੱਚੇ ਮਾਨਵੀ ਗੁਣਾਂ ਨਾਲ ਭਰਪੂਰ ਸਨ, ਜਿਹਨਾਂ ਦਾ ਆਧਾਰ ਸਰਬੱਤ ਦੇ ਭਲੇ ਦੀ ਕਾਮਨਾ ਕਰਦੇ ਹੋਏ ਆਦਰਸ਼-ਸਮਾਜ ਦੀ ਸਿਰਜਨਾ ਦਾ ਸੰਕਲਪ ਪੇਸ਼ ਕਰਨਾ ਹੈ। ਆਪ ਜੀ ਦੀ ਬਾਣੀ ਮਾਨਵ ਪ੍ਰੇਮ ਅਤੇ ਮਾਨਵ-ਸਮਾਨਤਾ ਦਾ ਉਪਦੇਸ਼ ਦਿੰਦੀ ਹੈ। ਆਪ ਜੀ ਅਨੁਸਾਰ ਸਾਰੀ ਸ੍ਰਿਸ਼ਟੀ ਦਾ ਮੂਲ ਆਧਾਰ ਪ੍ਰਭੂ-ਪਰਮਾਤਮਾ ਹੈ ਅਤੇ ਸਾਰੀ ਮਾਨਵਤਾ ਉਸਦਾ ਅੰਸ਼ ਹੈ। ਇਸ ਲਈ ਸਾਰੇ ਮਨੁੱਖ ਬਰਾਬਰ ਹਨ।

ਭਗਤ ਰਵਿਦਾਸ ਬਾਣੀ ਅਨੁਸਾਰ ਮਨੁੱਖ ਨੂੰ ਨਾਮ-ਸਿਮਰਨ ਦੇ ਮਾਧਿਅਮ ਰਾਹੀਂ ਆਪਣੇ ਵਿਕਾਰਾਂ ਉਪਰ ਕਾਬੂ ਪਾ ਕੇ ਮਾਨਵ ਪ੍ਰੇਮ, ਹਮਦਰਦੀ, ਦਇਆ, ਅਹਿੰਸਾ ਅਤੇ ਸਹਿਣਸ਼ੀਲਤਾ ਵਰਗੇ ਉੱਚੇ ਗੁਣ ਧਾਰਨ ਕਰਨੇ ਚਾਹੀਦੇ ਹਨ। ਮਨੁੱਖ ਇਹਨਾਂ ਸਦਗੁਣਾਂ ਦੇ ਮਾਧਿਅਮ ਦੁਆਰਾ ਹੀ ਆਪਮੇ ਮੂਲ (ਪ੍ਰਭੂ) ਨੂੰ ਪ੍ਰਾਪਤ ਕਰ ਸਕਦਾ ਹੈ। ਭਗਤ ਰਵਿਦਾਸ ਜੀ ਅਨੁਸਾਰ ਪ੍ਰਭੂ-ਸਿਮਰਨ ਦੁਆਰਾ ਜਿਥੇ ਮਨੋ-ਵਿਕਾਰ ਦੂਰ ਹੁੰਦੇ ਹਨ, ਉਥੇ ਮਨੁੱਖ ਦੀ ਆਤਮਾ ਦਾ ਸ਼ੁੱਧੀਕਰਨ ਹੋਣ ਦੇ ਨਾਲ-ਨਾਲ ਮਨੁੱਖੀ ਮਨ ਪਵਿੱਤਰ ਹੁੰਦਾ ਹੈ। ਮਨੁੱਖ ਨਾਮ-ਸਿਮਰਨ ਦੀ ਪ੍ਰਕਿਰਿਆ ਦੌਰਾਨ ਆਤਮ-ਵਿਸ਼ਲੇਸ਼ਣ ਵੱਲ ਰੁਚਿਤ ਹੁੰਦਾ ਹੈ ਅਤੇ ਆਪਣੇ ਔਗੁਣਾਂ ਨੂੰ ਤਿਲਾਂਜਲੀ ਦਿੰਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਗਤ ਰਵਿਦਾਸ ਜੀ ਪ੍ਰੇਮਾ ਭਗਤੀ ਤੋਂ ਪ੍ਰਸੰਨ ਹੋ ਕੇ ਆਪ ਜੀ ਦੀ ਉਪਮਾ ਕਰਦਿਆ ਲਿਖਿਆ ਹੈ :-

ਰਵਿਦਾਸ ਚਮਾਰ ਉਸਤਤਿ ਕਰੇ
ਹਰਿ ਕੀਰਤਿ ਨਿਮਖ ਇਕ ਗਾਇ॥
ਪਤਿਤ ਜਾਤਿ ਉਤਮ ਭਇਆ
ਚਾਰਿ ਵਰਣ ਪਏ ਪਗਿ ਆਇ॥[1]

ਭਗਤ-ਰਵਿਦਾਸ ਜੀ ਦੀ ਬਾਣੀ ਦਾ ਕੇਂਦਰੀ ਥੀਮ ਨਾਮ-ਸਿਮਰਨ ਹੈ। ਆਪ ਅਨੁਸਾਰ ਮਾਨਵ ਪ੍ਰਭੂ-ਸਿਮਰਨ ਦੇ ਮਾਧਿਅਮ ਰਾਹੀਂ ਪ੍ਰਭੂ-ਪਤੀ ਨਾਲ ਇਕਮਿਕਤਾ ਅਨੁਭਵ ਕਰ ਕੇ ਸੰਸਾਰ ਦੇ ਭਵਜਲ ਸਾਗਰ ਤੋਂ ਮੁਕਤ ਹੋ ਸਕਦਾ ਹੈ। ਰਾਗ ਆਸਾ ਵਿਚ ਆਪ ਫਰਮਾਉਂਦੇ ਹਨ-

ਹਰਿ ਹਰਿ, ਹਰਿ ਹਰਿ, ਹਰਿ ਹਰਿ ਹਰੇ॥
ਹਰਿ ਸਿਮਰਤ, ਜਨ ਗਏ ਨਿਸਤਰਿ ਤਰੇ॥
ਹਰਿ ਕੇ ਨਾਮ ਕਬੀਰ ਉਜਾਗਰ॥
ਜਨਮ ਜਨਮ ਕੇ ਕਾਟੇ ਕਾਗਰ॥[2]

ਭਗਤ ਰਵਿਦਾਸ ਬਾਣੀ ਅਨੁਸਾਰ ਸਮਾਜਕ ਤੌਰ ਤੇ ਨੀਵਾਂ ਦਰਜਾ ਰੱਖਣ ਵਾਲੇ ਮਾਨਵ ਵੀ ਪ੍ਰਭੂ-ਭਗਤੀ ਤੇ ਨਾਮ-ਸਿਮਰਨ ਦੇ ਮਾਧਿਅਮ ਦੁਆਰਾ ਭਗਤ ਕਬੀਰ ਵਾਂਗ ਉੱਚੇ ਰੁਤਬੇ ਵਾਲੇ ਤੇ ਪ੍ਰਸਿੱਧ ਹੋ ਜਾਂਦੇ ਹਨ। ਆਪ ਪ੍ਰਭੂ ਦੇ ਨਾਮ ਸਿਮਰਨ ਦੀ ਵਿਧੀ ਦਾ ਵਿਖਿਆਨ ਕਰਦੇ ਹੋਏ ਕਹਿੰਦੇ ਹਨ ਕਿ ਮਾਨਵ ਨੂੰ ਹਉਮੈ ਤੇ ਹੰਕਾਰ ਦਾ ਤਿਆਗ ਕਰ ਕੇ ਸ਼ੁੱਧ ਹਿਰਦੇ ਨਾਲ ਪ੍ਰਭੂ ਨੂੰ ਸਿਮਰਨਾ ਚਾਹੀਦਾ ਹੈ, ਜਿਸ ਦੇ ਫਲਸਰੂਪ ਮਾਨਵ ਨੂੰ ਪ੍ਰਭੂ ਦੇ ਸੱਚੇ ਨਾਮ ਦੇ ਫਲ ਦੀ ਪ੍ਰਾਪਤੀ ਹੁੰਦੀ ਹੈ। ਆਪ ਫਰਮਾਉਂਦੇ ਹਨ-

ਕਰ ਬੰਦਗੀ ਛਾਡਿ ਮੈ ਮੇਰਾ॥
ਹਿਰਦੈ ਨਾਮੁ ਸਮਾਰਿ ਸਵੇਰਾ॥3

ਗੁਰੂ ਰਵਿਦਾਸ ਬਾਣੀ ਪ੍ਰੇਮਾ-ਭਗਤੀ ਦੀ ਉਤਮ ਮਿਸਾਲ ਪੇਸ਼ ਕਰਦੀ ਹੈ। ਜਿਸ ਅਨੁਸਾਰ ਪ੍ਰਭੂ-ਪਰਮਾਤਮਾ ਨੂੰ ਕਰਮ-ਕਾਂਡਾਂ ਜਾਂ ਪਦਾਰਥਿਕ ਵਸਤਾਂ ਦੀ ਭੇਟਾਂ ਅਰਪਿਤ ਕਰਕੇ ਪ੍ਰਸੰਨ ਨਹੀਂ ਕੀਤਾ ਜਾ ਸਕਦਾ, ਕਿਉਂਕਿ ਮਨੁੱਖੀ ਹਿਰਦੇ ਵਾਂਗ ਹੋਰ ਕੋਈ ਵਸਤੂ ਪਵਿੱਤਰ ਨਹੀਂ ਹੈ। ਇਸ ਕਰਕੇ ਮਨ ਅਤੇ ਰਸਨਾ ਨੂੰ ਇਕਾਗਰ ਕਰਕੇ ਪ੍ਰਭੂ ਸਿਮਰਨ ਕਰਨਾ

ਚਾਹੀਦਾ ਹੈ। ਮਨ ਅਤੇ ਤਨ ਨੂੰ ਪ੍ਰਭੂ ਚਰਨਾਂ ਵਿਚ ਅਰਪਿਤ ਕਰਨ ਨਾਲ ਹੀ ਪ੍ਰਭੂ-ਮਿਲਾਪ ਦਾ ਅਨੁਭਵ ਪ੍ਰਾਪਤ ਹੁੰਦਾ ਹੈ। ਭਗਤ ਰਵਿਦਾਸ ਜੀ ਲਿਖਦੇ ਹਨ-

ਦੂਧੁ ਤ ਬਛਰੈ ਥਨਹੁ ਬਿਟਾਰਿਓ॥
ਫੂਲੁ ਭਵਰਿ, ਜਲ ਮੀਨਿ ਬਿਗਾਰਿਓ॥
ਤਨ ਮਨ ਅਰਪਉ ਪੂਜ ਚਰਾਵਉ॥
ਗੁਰ ਪ੍ਰਸਾਦਿ ਨਿਰੰਜਨ ਪਾਵਉ॥4

ਸੋ ਸਪਸ਼ਟ ਹੈ ਕਿ ਭਗਤ ਰਵਿਦਾਸ ਜੀ ਅਨੁਸਾਰ ਸੱਚੇ ਹਿਰਦੇ ਨਾਲ ਪ੍ਰਭੂ-ਭਗਤੀ ਕਰਨ ਵਾਲੇ ਸੰਤ ਜਨ ਹੀ ਪ੍ਰਭੂ ਦੇ ਸਦਗੁਣਾਂ ਦੀ ਕਦਰ ਕਰਦੇ ਹੋਏ ਸਵਾਸ-ਸਵਾਸ ਪ੍ਰਭੂ ਸਿਮਰਨ ਵਿਚ ਲੀਨ ਰਹਿੰਦੇ ਹੋਏ ਆਤਮਿਕ ਆਨੰਦ ਦੀ ਪ੍ਰਾਪਤੀ ਕਰਦੇ ਹਨ। ਆਪ ਜੀ ਅਨੁਸਾਰ ਪਰਮਾਤਮਾ ਦੇ ਨਾਮ ਤੋਂ ਬਿਨਾਂ ਬਾਕੀ ਸਭ ਨਾਸ਼ਵਾਨ ਹੈ, ਖਤਮ ਹੋਣ ਵਾਲਾ ਹੈ। ਇਸ ਕਰਕੇ ਮਨੁੱਖ ਨੂੰ ਆਪਣੇ ਹਿਰਦੇ ਵਿਚ ਪ੍ਰਭੂ ਦੇ ਨਾਮ ਰੂਪੀ ਦੀਪਕ ਦੀ ਜੋਤ ਜਗਾਣੀ ਚਾਹੀਦੀ ਹੈ :-

ਨਾਮ ਤੇਰੋ ਆਰਤੀ ਮਜਨੁ ਮੁਰਾਰੇ॥
ਹਰਿ ਕੇ ਨਾਮ ਬਿਨ ਝੂਠੇ ਸਗਲ ਪਾਸਾਰੇ॥
ਨਾਮ ਤੇਰੇ ਕੀ ਜੋਤਿ ਲਗਾਈ
ਭਇਓ ਉਜਿਆਰੋ ਭਵਨ ਸਲਗਾਰੇ॥5

ਸੋ ਉਪਰੋਕਤ ਵਿਸ਼ਲੇਸ਼ਣ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਭਗਤ ਰਵਿਦਾਸ ਜੀ ਦੀ ਭਗਤੀ ਭਾਵਨਾ ਨਿਰਸਵਾਰਥ ਪ੍ਰੇਮਾ-ਭਗਤੀ ਦੇ ਸਰੂਪ ਨੂੰ ਉਜਾਗਰ ਕਰਦੀ ਹੈ। ਜਿਸ ਵਿਚ ਪ੍ਰਭੂ ਨੂੰ ਪਤੀ ਅਤੇ ਪ੍ਰੇਮੀ ਦੇ ਬਿੰਬ ਵਿਚ ਅਭਿਵਿਅਕਤ ਕਰਦੇ ਹੋਏ ਆਤਮਿਕ ਆਨੰਦ ਅਤੇ ਪ੍ਰਭੂ-ਮਿਲਾਪ ਦੇ ਅਨੁਭਵ ਦੀ ਪੇਸ਼ਕਾਰੀ ਹੋਈ ਹੈ। ਪ੍ਰਭੂ-ਮਿਲਾਪ ਸਾਰੇ ਵਿਕਾਰਾਂ ਤੋਂ ਉੱਪਰ ਉੱਠ ਕੇ ਸਵਾਸ-ਸਵਾਸ ਸਿਮਰਨ ਵਿਧੀ ਦੁਆਰਾ ਹੀ ਪ੍ਰਾਪਤ ਹੋ ਸਕਦਾ ਹੈ।

ਫੁੱਟ ਨੋਟ-

1. ਸ੍ਰੀ ਆਦਿ ਗ੍ਰੰਥ ਸਾਹਿਬ ਜੀ, ਅੰਗ-੭੩੩
2. ਉਹੀ, ਅੰਗ-੪੮੭
3. ਉਹੀ, ਅੰਗ-੭੯੩
4. ਸ੍ਰੀ ਆਦਿ ਗ੍ਰੰਥ ਸਾਹਿਬ ਜੀ, ਅੰਗ-੫੨੫
5. ਉਹੀ, ਅੰਗ-੮੭੫

ਹਾਊਸ ਨੰ. ੯੯, ਵਾਰਡ ਨੰ. ੦੬
ਪਿੰਡ ਤੇ ਡਾਕ-ਭੁਲੱਥ,
ਜ਼ਿਲ੍ਹਾ ਕਪੂਰਥਲਾ।

ਗਿਆਨੀ ਆਤਮਾ ਸਿੰਘ ਨਮਿਤ ਸਮਾਗਮ

ਦਮਦਮਾ (ਸਿਰਸਾ) ੧੫ ਅਪ੍ਰੈਲ, ੨੦੧੨



ਨਾਮਧਾਰੀ ਅੱਜ ਇੱਥੇ ਪਿੰਡ ਦੇ ਨਾਮਧਾਰੀ ਸੰਗਤ ਦੇ ਵੱਡੇ ਮੰਦਰ (ਗੁਰਦੁਆਰਾ) ਵਿਖੇ ਭਾਈ ਆਤਮਾ ਸਿੰਘ ਗਿਆਨੀ, ਉਮਰ ੮੮ ਸਾਲ ਦਾ ਪੂਰਨ ਮਰਿਆਦਾ ਅਨੁਸਾਰ ਭੋਗ ਪਾਇਆ ਗਿਆ। ਇਲਾਕੇ ਦੀਆਂ ਸੰਗਤਾਂ ਨੇ ਹੁੰਮ ਹੁੰਮਾ ਕੇ ਹਾਜ਼ਰੀ ਭਰੀ। ਗਿਆਨੀ ਆਤਮਾ ਸਿੰਘ ਨਾਮਧਾਰੀ ਸਿੰਘਾਂ ਦੇ ਪੁਰਾਤਨ ਪਿੰਡ ਕਰਾਈਵਾਲਾ (ਮੁਕਤਸਰ) ਵਿਖੇ ਸੰਤ ਕਪੂਰ ਸਿੰਘ ਅਤੇ ਮਾਤਾ ਸ਼ਾਮ ਕੌਰ ਦੇ ਘਰ ਪੈਦਾ ਹੋਏ। ਉਹਨਾਂ ਦਾ ਅਨੰਦ ਇਕ ਹੋਰ ਪ੍ਰਸਿੱਧ ਕੂਕੇ ਸੰਤ ਹਜਾਰਾ ਸਿੰਘ ਜੀ ਨੀਲਿਆਂ ਵਾਲੀ (ਬਹਾਵਲਪੁਰ) ਦੀ ਪੁੱਤਰੀ ਇੰਦਰ ਕੌਰ ਨਾਲ ਹੋਇਆ। ਵੰਡ ਤੋਂ ਬਾਅਦ ਗਿਆਨੀ ਜੀ ਪਿਛਲੇ ੫੮ ਸਾਲਾਂ ਤੋਂ ਪਿੰਡ ਦਮਦਮਾ ਵਿਖੇ ਰਹਿ ਰਹੇ ਸਨ। ਆਪ ਦੇ ਚਾਰ ਲੜਕੇ, ਪ੍ਰਸਿੱਧ ਕਵੀ ਅਤੇ ਸੰਗੀਤਕਾਰ ਕਰਨੈਲ ਸਿੰਘ ਅਸਪਾਲ, ਕੁਲਬੀਰ ਸਿੰਘ, ਕੁਲਵੰਤ ਸਿੰਘ ਅਤੇ ਕੁਲਦੀਪ ਸਿੰਘ, ਚਾਰ ਬੀਬੀਆਂ ਜਰਨੈਲ ਕੌਰ, ਸੁਖਦੇਵ ਕੌਰ, ਨਸੀਬ ਕੌਰ ਅਤੇ ਕੁਲਵੰਤ ਕੌਰ ਹਨ। ਗਿਆਨੀ ਜੀ ਬਚਪਨ ਵਿਚ ਹੀ ਗੁਰਬਾਣੀ ਦੇ ਚੰਗੇ ਗਿਆਤਾ ਹੋ ਗਏ। ਧਾਰਮਿਕ ਪੁਸਤਕਾਂ ਵਾਚਣ ਬਾਅਦ ਹਾਰਮੋਨੀਅਮ ਨਾਲ ਕੀਰਤਨ ਵੀ ਕਰਦੇ ਸਨ। ਉਹ ਇਲਾਕੇ ਵਿਚ ਸਾਧ ਸੰਗਤ ਦੇ ਇਕੱਠਾਂ ਵਿਚ ਸ੍ਵੈਰਚਿਤ ਕਵਿਤਾਵਾਂ ਵੀ ਪੜ੍ਹਿਆ ਕਰਦੇ ਸਨ। ਕਵਿਤਾ ਅਤੇ ਸੰਗੀਤ ਦੀ ਚੇਟਕ ਵੱਡੇ ਪੁੱਤਰ ਕਰਨੈਲ ਸਿੰਘ ਅਸਪਾਲ ਨੂੰ ਆਪ ਤੋਂ ਹੀ ਲੱਗੀ ਸੀ। ਆਪ ਜੀ ਦੇ ਭੋਗ ਸਮੇਂ ਇਲਾਕੇ ਦੇ ਜਥੇਦਾਰਾਂ ਅਤੇ ਗੁਣੀ ਗਿਆਨੀਆਂ ਨੇ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਕਾ ਲੰਗਰ ਅਤੁੱਟ ਵਰਤਿਆ। ਇਸ ਸਮੇਂ ਧਰਮ ਅਰਥ ਕੱਢੀ ਮਾਇਆ ਵਿਚੋਂ ਸਤਿਜੁਗ, ਵਰਿਆਮ ਅਤੇ ਵਰਤਮਾਨ ਹਿੰਦੁਸਤਾਨ ਨੂੰ ਦੋ ਦੋ ਸੌ ਦਮੜੇ ਵੀ ਭੇਟ ਕੀਤੇ।

੨੨-੪-੨੦੧੨, ਕਰੀਵਾਲਾ

ਸਾਹਿਤ ਸਭਾ ਵਲੋਂ ਸ਼ੋਕ ਮਤਾ

ਸ. ਕਰਨੈਲ ਸਿੰਘ ਅਸਪਾਲ ਦੇ ਪਿਤਾ ਗਿਆਨੀ ਆਤਮਾ ਸਿੰਘ ਦੇ ਸੁਰਗਵਾਸ ਹੋਣ ਤੇ ਸਭਾ ਵਲੋਂ ਪਰਿਵਾਰ ਨਾਲ ਹਮਦਰਦੀ ਦਾ ਮਤਾ ਪਾਸ ਕੀਤਾ ਗਿਆ। ਸਤਿਗੁਰਾਂ ਦੇ ਚਰਨਾਂ ਵਿਚ ਅਰਦਾਸ ਕੀਤੀ ਗਈ ਕਿ ਵਿਛੜੀ ਜੀਵ ਆਤਮਾ ਨੂੰ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ। *—ਜ.ਸ. ਭਿੰਡਰ*

ਸਭੇ ਸਾਂਝੀਵਾਲ ਸਦਾਇਨ

—ਗੁਰਮੁਖ ਸਿੰਘ ਸ਼ਾਹ



ਪਿਛਲੇ ਦਿਨੀਂ ਪੰਜਾਬ ਤੇ ਹਰਿਆਣਾ ਹਾਈਕੋਰਟ ਵਲੋਂ ਸਹਿਜਧਾਰੀ ਸਿੱਖਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਵਿਚ ਵੋਟ ਦੇਣ ਦਾ ਹੱਕ ਬਹਾਲ ਕੀਤਾ ਹੈ, ਜਿਸ 'ਤੇ ਵੱਖ ਵੱਖ ਪ੍ਰਤੀਕਰਮ ਆ ਰਹੇ ਹਨ। ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸਾ ਪੰਥ (੧੬੯੯ ਈ.) ਸਾਜਣ ਤੋਂ ਪਹਿਲਾਂ ਸਿੱਖ ਦਾ ਕੀ ਪਹਿਰਾਵਾ ਸੀ-ਉਦੋਂ ਦਾੜ੍ਹੀ ਰੱਖਣੀ ਕੇਸਾਧਾਰੀ ਹੋਣਾ ਜ਼ਰੂਰੀ ਸੀ ਜਾਂ ਨਹੀਂ, ਕੋਈ ਠੋਸ ਪ੍ਰਮਾਣ ਨਹੀਂ ਮਿਲਦਾ, ਪਰ ਸਾਰੇ ਗੁਰੂ ਸਾਹਿਬ ਕੇਸਾਧਾਰੀ ਹੀ ਸਨ। ਜੇ ਇਸ ਤੋਂ ਥੋੜ੍ਹਾ ਜਿਹਾ ਹੋਰ ਪਿੱਛੇ ਝਾਤ ਮਾਰੀਏ ਤਾਂ ਭਗਵਾਨ ਕ੍ਰਿਸ਼ਨ ਤੇ ਭਗਵਾਨ ਰਾਮ ਵੀ ਕੇਸਾਧਾਰੀ ਸਨ। ਸਿੰਧੀ ਸਮਾਜ ਦਾ ਭਾਈਚਾਰਾ ਗੁਰੂ ਗ੍ਰੰਥ ਸਾਹਿਬ ਵਿਚ ਅਟੁਟ ਵਿਸ਼ਵਾਸ ਤੇ ਸ਼ਰਧਾ ਰੱਖਦਾ ਹੈ। ਗੁਰਦਵਾਰਿਆਂ ਦੀ ਸੇਵਾ ਵਿਚ ਵੀ ਵੱਧ ਚੜ੍ਹ ਕੇ ਹਿੱਸਾ ਪਾਉਂਦਾ ਹੈ। ਉਨਾਂ ਵੱਲੋਂ ਖੁਸ਼ੀ ਤੇ ਗਮੀ ਦੇ ਸਾਰੇ ਕਾਰਜ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹੁੰਦੇ ਹਨ। ਤਲਵੰਡੀ ਸਾਬੋ, ਭੀਖੀ ਅਤੇ ਮਾਨਸਾ ਦੇ ਮਹਾਜਨ ਪਰਿਵਾਰਾਂ ਵਿਚ ਅਜੇ ਵੀ ਰੀਤ ਚਲੀ ਆ ਰਹੀ ਹੈ ਕਿ ਉਹ ਵੱਡੇ ਲੜਕੇ ਦੇ ਨਾਮ ਨਾਲ ਸਿੰਘ ਲਗਾਉਂਦੇ ਹਨ ਤੇ ਉਹ ਬਕਾਇਦਾ ਦਾੜ੍ਹੀ ਕੇਸ ਰੱਖਦੇ ਹਨ। ਖੱਤਰੀ ਬਿਰਾਦਰੀ ਖਾਸ ਕਰਕੇ ਜੋ ਪਾਕਿਸਤਾਨ ਤੋਂ ਆਏ ਹਨ ਸਾਰੇ ਸਹਿਜਧਾਰੀ ਹਰ ਖੁਸ਼ੀ ਗਮੀ ਦੀ ਰਸਮ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹੀ ਕਰਦੇ ਹਨ। ਕਈ ਹਿੰਦੂ ਪਰਿਵਾਰ ਮੇਰੇ ਨਿੱਜੀ ਸੰਪਰਕ ਵਿਚ ਹਨ ਜੋ ਰੋਜ਼ਾਨਾ ਗੁਰਬਾਣੀ ਦਾ ਪਾਠ ਕਰਦੇ ਹਨ। ਸ੍ਰੀ ਵਰਿੰਦਰ ਸ਼ਰਮਾ ਜਿਨ੍ਹਾਂ ਪੰਜਾਬੀ ਭਾਸ਼ਾ ਦੇ ਮਾਧਿਅਮ ਵਿਚ ਆਈ. ਏ. ਐਸ. (I.A.S.) ਸਾਰੇ ਹਿੰਦੋਸਤਾਨ ਵਿਚੋਂ ਪੁਰਸ਼ ਵਰਗ ਵਿਚ ਟਾਪ ਕੀਤਾ ਹੈ ਪੇਪਰਾਂ ਦੀ ਤਿਆਰੀ ਸਮੇਂ ਵੀ ਸੁਖਮਣੀ ਸਾਹਿਬ ਦਾ ਪਾਠ ਬਿਨਾਂ ਨਾਗਾ ਕਰਦੇ ਰਹੇ।

ਦਸਵੇਂ ਪਾਤਸ਼ਾਹ ਜੀ ਦੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਅਤੇ ਫਤਿਹ ਸਿੰਘ ਜੀ ਨੂੰ ਜਦੋਂ ਸਰਹਿੰਦ ਦੇ ਨਵਾਬ ਨੇ ਨੀਹਾਂ ਵਿਚ ਚਿਣਵਾ ਕੇ ਸ਼ਹੀਦ ਕੀਤਾ ਉਸ ਸਮੇਂ ਪੰਜਾਬ ਵਿਚ ਵੱਡੇ ਘਰਾਣੇ, ਧਨਾਢ ਸਿੱਖ ਸਰਦਾਰ ਵੀ ਸਨ ਪਰ ਸਾਹਿਬਜ਼ਾਦਿਆਂ ਦਾ ਪਾਰਥਵ ਸਰੀਰ ਸਾਂਭਣ ਲਈ ਕੋਈ ਤਿਆਰ ਨਹੀਂ ਸੀ। ਦੀਵਾਨ ਟੋਡਰ ਮੱਲ ਨੇ ਸੋਨੇ ਦੀਆਂ ਮੋਹਰਾਂ ਵਿਛਾ ਕੇ ਜਗ੍ਹਾ ਮੁੱਲ ਲੈ ਕੇ ਸਾਹਿਬਜ਼ਾਦਿਆਂ ਦਾ ਸਸਕਾਰ ਕੀਤਾ ਸੀ। ਉਨਾਂ ਨੂੰ ਸਹਿਜਧਾਰੀ ਮੰਨ ਕੇ ਕਿਹੜੇ ਮੂੰਹ ਨਾਲ ਸਿੱਖੀ ਤੋਂ ਲਾਂਭੇ ਕਰਾਂਗੇ ?

ਅੱਜ ਸਾਡੇ ਸਿੱਖਾਂ ਦੇ ਪਰਿਵਾਰਾਂ ਵਿਚ ਵੀ ਆਉਣ ਵਾਲੀ ਪੀੜ੍ਹੀ ਕੇਸ ਕਤਲ ਕਰਵਾ ਰਹੀ ਹੈ। ਭਾਈ ਤਾਰੂ ਸਿੰਘ ਦੇ ਕੇਸ ਕੈਂਚੀ ਨਹੀਂ ਸੀ ਕੱਟ ਸਕੀ, ਖੋਪਰੀ ਉਤਾਰੀ ਗਈ ਸੀ ਪਰ, ਅੱਜ ਕੋਲੋਂ ਪੈਸੇ ਦੇ ਕੇ ਕੇਸ ਕਟਵਾਏ ਜਾ ਰਹੇ ਹਨ। ਸਾਡਾ ਬੱਚਾ ਕੇਸਾਧਾਰੀ ਵੀ ਨਹੀਂ, ਖਾਣ-ਪੀਣ ਦਾ ਕੋਈ ਪ੍ਰਹੇਜ਼ ਨਹੀਂ, ਗੁਰਬਾਣੀ ਦਾ ਪਾਠ ਨਿੱਤਨੇਮ ਵੀ ਨਹੀਂ ਕਰਦਾ, ਗੁਰਦੁਆਰੇ ਵੀ ਨਹੀਂ ਜਾਂਦਾ ਪਰ ਉਸਦੇ ਸਾਰੇ ਹੱਕ ਮਹਿਫੂਜ਼ ਹਨ ਕਿਉਂਕਿ ਉਹ ਸਾਡਾ ਬੱਚਾ ਹੈ। ਇਕ ਹਿੰਦੂ ਵੀਰ ਜੋ ਅੰਮ੍ਰਿਤ ਵੇਲੇ ਇਸ਼ਨਾਨ ਕਰਨ ਉਪਰੰਤ ਗੁਰਦੁਆਰੇ ਜਾਂਦਾ ਸੇਵਾ ਕਰਦਾ ਹੈ, ਉਸਨੂੰ ਪੂਰਾ ਪੂਰਾ ਸਤਿਕਾਰ ਦੇਣਾ ਬਣਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਸਮੇਂ ਸਿੰਘ ਸਾਹਿਬ ਵਲੋਂ ਅਪੀਲ ਕੀਤੀ ਗਈ ਸੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲੜਨ ਵਾਲੇ ਉਮੀਦਵਾਰ ਪਰਿਵਾਰ ਸਮੇਤ ਪੂਰਨ ਸਾਬਤ ਸੂਰਤ ਅੰਮ੍ਰਿਤਧਾਰੀ ਹੋਣ ਪਰ ਅਜਿਹਾ ਨਹੀਂ ਹੋ ਸਕਿਆ।

ਅਸੀਂ ਆਪਣੇ ਅੰਦਰ ਝਾਤੀ ਮਾਰੀਏ ਅਸੀਂ ਕਿਸੇ ਦੀ ਰਹਿਤ-ਬਹਿਤ ਨਹੀਂ ਦੇਖਦੇ ਹਰ ਥਾਂ ਤੇ ਖਾ ਪੀ ਲੈਂਦੇ ਹਾਂ। ਗੁਰੂ ਸਾਹਿਬ ਨੇ ਤਾਂ ਇੱਥੋਂ ਤੱਕ ਕਿਹਾ ਹੈ "ਜਹਾਂ ਕਹਾਂ ਕਾ ਛਕੇ ਪ੍ਰਸ਼ਾਦ ਸਿੱਖ ਨਹੀਂ ਮੇਰਾ ਆਦਿ ਜੁਗਾਦ"। ਹੁਣ ਦਾ ਪਤਾ ਨਹੀਂ, ਪਹਿਲਾਂ ਸੱਚਖੰਡ ਸ੍ਰੀ ਹਜ਼ੂਰ ਸਾਹਿਬ (ਨਾਂਦੇੜ) ਦਾ ਮੁੱਖੀ ਸਿੰਘ ਸਾਹਿਬ ਹਰ ਰੋਜ਼ ਸਣੇ ਕੇਸੀਂ ਇਸ਼ਨਾਨ ਕਰਦਾ ਸੀ। ਉਸ ਵਾਸਤੇ ਮਰਯਾਦਾ ਵਾਲਾ ਲੰਗਰ ਅਲੱਗ ਤਿਆਰ ਹੁੰਦਾ ਸੀ ਤੇ ਭੁੰਜੇ ਸੌਂਦਾ ਸੀ ਉਨਾਂ ਦਾ ਪਿੱਛਾ ਸਹਿਣਾ ਭਦੌੜ ਦਾ ਸੀ। ਉਨਾਂ ਨੂੰ ਪੁੱਛਿਆ ਗਿਆ ਕਿ ਆਪ ਲੰਗਰ ਵਿਚੋਂ

ਪ੍ਰਸ਼ਾਦਾ ਕਿਉਂ ਨਹੀਂ ਛਕਦੇ ਤਾਂ ਉਨਾਂ ਦੱਸਿਆ ਕਿ ਪੰਜਾਬ ਵਿਚੋਂ ਜੋ ਲੋਕ ਆਉਂਦੇ ਹਨ ਉਹ ਮਾਸ ਸ਼ਰਾਬ ਖਾਂਦੇ ਪੀਂਦੇ ਹਨ ਲੰਗਰ ਵਿਚ ਹੱਥ ਲਾ ਦੇਂਦੇ ਹਨ; ਇਸ ਲਈ ਮੈਂ ਲੰਗਰ ਵਿਚੋਂ ਪ੍ਰਸ਼ਾਦਾ ਨਹੀਂ ਛਕਦਾ। ਇੰਝ ਲਗਦਾ ਹੈ ਕਿ ਸਮੇਂ ਦੇ ਬੀਤਣ ਨਾਲ ਅਸੀਂ ਸਿੱਖੀ ਦੀਆਂ ਰਵਾਇਤਾਂ ਅਤੇ ਮਰਯਾਦਾ ਆਪਣੇ ਮੁਤਾਬਿਕ ਢਾਲ ਰਹੇ ਹਾਂ। ਸਿੱਖ ਪੰਥ ਤੇ ਮਹਾਨ ਵਿਦਵਾਨ ਭਾਈ ਗੁਰਦਾਸ ਦਵਾਰਾ ਰਚਿਤ ਵਾਰਾਂ ਨੂੰ ਸ੍ਰੀ ਗ੍ਰੰਥ ਸਾਹਿਬ ਦੀ ਕੁੰਜੀ ਕਹਿ ਕੇ ਮਹਾਨਤਾ ਦਿੱਤੀ ਹੈ ਜਿਸ ਅਨੁਸਾਰ ਭਾਈ ਗੁਰਦਾਸ ਜੀ ਉਨਾਂ ਗੁਰਸਿੱਖਾਂ ਤੋਂ ਘੋਲ ਘੁਮਾਉਂਦੇ ਹਨ ਜੋ ਅੰਮ੍ਰਿਤ ਵੇਲੇ ਸਣੇ ਕੇਸੀਂ ਇਸ਼ਨਾਨ ਕਰਕੇ ਨਾਮ ਸਿਮਰਨ ਕਰਦੇ ਹਨ ਅਤੇ "ਫਿਰਿ ਚੜ੍ਹੇ ਦਿਵਸ ਗੁਰਬਾਣੀ ਗਾਵੈ" ਪਰ ਹੁਣ ਮੇਰੇ ਵੇਖਣ ਵਿਚ ਆਇਆ ਹੈ ਕਈ ਵਾਰ ਪ੍ਰਮੁੱਖ ਅਖਬਾਰਾਂ ਵਿਚ ਅੰਮ੍ਰਿਤਧਾਰੀ ਗੁਰਸਿੱਖ ਦੀ ਫੋਟੋ ਪਵਿੱਤਰ ਰਾਮਸਰ ਸਰੋਵਰ ਵਿਚ ਇਸ਼ਨਾਨ ਕਰਦੇ ਦੀ ਦਿਖਾਈ ਗਈ ਹੈ ਜਿਸ ਦੇ ਸਿਰ 'ਤੇ ਦਸਤਾਰ ਸਜੀ ਹੁੰਦੀ ਹੈ ਤੇ ਛੋਟੀ ਕਿਰਪਾਨ ਦਸਤਾਰ ਦੇ ਉਪਰ ਟੰਗੀ ਹੁੰਦੀ ਹੈ। ਸਣੇਂ ਕੇਸੀ ਇਸ਼ਨਾਨ ਵਾਲੀ ਗੱਲ ਖਤਮ ਹੋ ਗਈ ਲਗਦੀ ਹੈ। ਮੈਨੂੰ ਮਹਿਦੇਆਣਾ ਗੁਰਦੁਆਰਾ ਵਿਖੇ ਆਦਮ ਕੱਦ ਬੁੱਤ ਜੋ ਜ਼ਿਆਦਾਤਰ ਸ਼ਹੀਦੀ ਸਾਕਿਆਂ ਨਾਲ ਸਬੰਧਤ ਹਨ ਵੇਖਣ ਦਾ ਮੌਕਾ ਮਿਲਿਆ, ਜਿਸ ਵਿਚ ਮੁਗਲਾਂ (ਮੁਸਲਮਾਨਾਂ) ਨੂੰ ਜ਼ਾਲਮ ਦਿਖਾਇਆ ਗਿਆ ਹੈ ਜਿਸ ਨਾਲ ਸਮੁੱਚੀ ਕੌਮ ਪ੍ਰਤੀ ਨਫਰਤ ਦੀ ਭਾਵਨਾ ਪੈਦਾ ਹੁੰਦੀ ਹੈ। ਕਾਸ਼! ਉਥੇ ਪੀਰ ਬੁੱਧੂ ਸ਼ਾਹ ਜਿਸ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਅਨੁਸਾਰ ਆਪਣੇ ਪੁੱਤਰ ਅਤੇ ਪੰਜ ਸੌ ਜਵਾਨ ਸ਼ਹੀਦ ਕਰਵਾਏ ਸਨ, ਉਨਾਂ ਦਾ ਬੁੱਤ ਬਣਿਆਂ ਹੁੰਦਾ। ਉਹ ਗਨੀ ਖਾਂ ਤੇ ਨਬੀ ਖਾਂ ਜਿਨ੍ਹਾਂ ਔਖੇ ਵੇਲੇ ਦਸਵੇਂ ਪਾਤਸ਼ਾਹ ਜੀ ਨੂੰ ਉੱਚ ਦਾ ਪੀਰ ਬਣਾ ਕੇ ਤੇ ਜਵਾਈ ਦਾ ਦਰਜਾ ਦੇ ਕੇ ਮਦਦ ਕੀਤੀ ਸੀ। ਚੌਥੇ ਪਾਤਸ਼ਾਹ ਜੀ ਨੇ ਪਵਿੱਤਰ ਹਰਿਮੰਦਰ ਸਾਹਿਬ ਦੀ ਨੀਂਹ ਸਾਈਂ ਮੀਆਂਮੀਰ ਤੋਂ ਰਖਵਾਈ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਟਨਾ ਵਿਖੇ ਜਦੋਂ ਅਵਤਾਰ ਧਾਰਿਆ-ਸਭ ਤੋਂ ਪਹਿਲਾਂ ਮੁਸਲਮਾਨ ਫਕੀਰ ਭੀਖਮਸ਼ਾਹ ਨੇ ਘੜਾਮ ਤੋਂ ਪੈਦਲ ਚਲ ਕੇ ਗੁਰੂ ਸਾਹਿਬ ਦੇ ਬਾਲ ਰੂਪ ਨੂੰ ਸੱਜਦਾ ਕੀਤਾ ਸੀ। ਨਵਾਬ ਮਲੇਰਕੋਟਲਾ ਜਿਸ ਨੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਸਮੇਂ ਹਾਅ ਦਾ ਨਾਅਰਾ ਮਾਰਿਆ ਸੀ ਨੂੰ ਵੀ ਯਾਦ ਰੱਖਣਾ ਚਾਹੀਦਾ ਹੈ। ਸਿੱਖ ਕੌਮ ਵਿਚ ਵੀ ਪਹਾੜਾ ਸਿੰਘ, ਲਾਲ ਸਿੰਘ, ਤੇਜਾ ਸਿੰਘ ਤੇ ਧਿਆਨ ਸਿੰਘ ਡੋਗਰਾ ਆਦਿ ਗੱਦਾਰ ਹੋਏ ਹਨ ਪਰ ਅਸੀਂ ਸਮੁੱਚੀ ਕੌਮ ਨੂੰ ਗੱਦਾਰ ਕਿਸ ਤਰਾਂ ਕਹਿ ਸਕਦੇ ਹਾਂ। ਗੰਗੂ ਜੋ ਜ਼ਾਤ ਦਾ ਬ੍ਰਾਹਮਣ ਸੀ-ਦਸਵੇਂ ਪਾਤਸ਼ਾਹ ਸਮੇਂ ਗੁਰੂ ਘਰ ਦਾ ਰਸੋਈਆ ਸੀ, ਮਾਇਆ ਦੇ ਲਾਲਚ ਵਿਚ ਆ ਕੇ ਬੇਈਮਾਨ ਹੋ ਗਿਆ। ਕੁੱਝ ਅਨਪੜ੍ਹ ਕੱਟੜ ਸਾਰੀ ਕੌਮ ਨੂੰ ਤ੍ਰਿਸਕਾਰਦੇ ਹਨ। ਪਰ ਉਨ੍ਹਾਂ ਨੂੰ ਭਾਈ ਮਤੀਦਾਸ, ਭਾਈ ਸਤੀਦਾਸ, ਭਾਈ ਦਿਆਲਾ ਜੀ ਨੂੰ ਵੀ ਯਾਦ ਕਰਨਾ ਚਾਹੀਦਾ ਹੈ। ਭਾਈ ਨੰਦ ਲਾਲ ਜੀ ਜੋ ਸਾਹਿਬੇ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਥਾਹ ਸ਼ਰਧਾਲੂ ਸਨ ਜਿਨਾਂ ਗੁਰੂ ਜੀ ਦੀ ਸ਼ਖਸੀਅਤ ਵਾਸਤੇ ਬਹੁਤ ਲਿਖਿਆ ਹੈ "ਹੱਕ ਹੱਕ ਅੰਦੇਸ਼ ਗੁਰੂ ਗੋਬਿੰਦ ਸਿੰਘ ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ" ਜਦੋਂ ਰਾਤ ਸੱਚੇ ਪਾਤਸ਼ਾਹ ਜੀ ਬਰਾਜ ਜਾਂਦੇ ਸਨ ਤਾਂ ਭਾਈ ਨੰਦ ਲਾਲ ਜੀ ਸਾਰੀ ਰਾਤ ਸਿਸਕੀਆਂ ਭਰ ਕੇ ਕੱਢਦੇ ਸਨ ਜਦ ਸਵੇਰੇ ਪਾਤਸ਼ਾਹ ਜੀ ਦੇ ਦਰਸ਼ਨ ਹੁੰਦੇ ਸਨ ਤਾਂ ਖਿੜ ਜਾਂਦੇ ਸਨ ਤੇ ਕਹਿੰਦੇ ਸਨ ਮੇਰਾ ਸੂਰਜ ਚੜ੍ਹ ਪਿਆ। ਉਨਾਂ ਨੂੰ ਕਿਸ ਸ਼੍ਰੇਣੀ ਵਿਚ ਰੱਖਾਂਗੇ?

ਦਸਵੇਂ ਪਾਤਸ਼ਾਹ ਜੀ ਤੋਂ ਬਾਅਦ ਸਿੱਖੀ ਵਿਚ ਗਿਰਾਵਟ ਆਈ। ਮਹਾਰਾਜ ਰਣਜੀਤ ਸਿੰਘ ਤੋਂ ਬਾਅਦ ਪੰਜਾਬ ਤੇ ਅੰਗਰੇਜ਼ ਸਰਕਾਰ ਦਾ ਕਬਜ਼ਾ ਹੋ ਗਿਆ। ਸਿੱਖ ਸਰਦਾਰ ਸਿੱਖੀ ਤੋਂ ਦੂਰ ਆਪਣਾ ਕਰਮਕਾਂਡ ਛੱਡ ਕੇ ਅੰਗਰੇਜ਼ ਭਗਤ ਬਣ ਗਏ। ਅਕਾਲ ਤਖਤ ਤੇ ਹਰਿਮੰਦਰ ਸਾਹਿਬ ਤੋਂ ਕਾਬਜ ਪੁਜਾਰੀ ਅੰਗਰੇਜ਼ਾਂ ਦੇ ਰਾਜ ਲਈ ਅਰਦਾਸਾਂ ਕਰਨ ਲੱਗ ਪਏ "ਜੁਗ ਜੁਗ ਰਾਜ ਸਵਾਇਆ ਟੋਪੀ ਵਾਲੇ ਦਾ" ੧੩ ਅਪ੍ਰੈਲ ੧੯੧੯ ਨੂੰ ਜਲ੍ਹਿਆਂਵਾਲੇ ਬਾਗ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਭਾਰਤੀ ਆਪਣੀ ਮੀਟਿੰਗ ਕਰ ਰਹੇ ਸਨ। ਜਨਰਲ ਉਡਵਾਇਰ ਨੇ ਦਹਿਸ਼ਤ ਫੈਲਾਣ ਲਈ ਨਿਹੱਥੇ ਭਾਰਤੀਆਂ ਤੇ ਗੋਲੀਆਂ ਚਲਾ ਕੇ ਹਜ਼ਾਰਾਂ ਦੀ ਗਿਣਤੀ ਵਿਚ ਸ਼ਹੀਦ ਕਰ ਦਿੱਤੇ। ਇਸ ਸਮੇਂ ਦੇ ਅਕਾਲ ਤਖਤ ਦੇ ਮੁਖੀ ਜਥੇਦਾਰ ਅਰੂੜ ਸਿੰਘ ਵਲੋਂ ਜਨਰਲ ਉਡਵਾਇਰ ਨੂੰ ਸਿਰੋਪਾਓ ਦਿੱਤਾ ਗਿਆ। ਪੁਜਾਰੀਆਂ ਨੇ ਪਹਿਲਾਂ ਗੁਰੂ ਤੇਗ ਬਹਾਦਰ ਜੀ ਨੂੰ ਹਰਿਮੰਦਰ ਸਾਹਿਬ ਮੱਥਾ ਨਹੀਂ ਸੀ ਟੇਕਣ ਦਿੱਤਾ। ਇੱਥੇ ਇਕ ਅਹਿਮ ਸਵਾਲ ਖੜ੍ਹਾ ਹੁੰਦਾ ਹੈ ਜਿਸਦਾ ਮੈਨੂੰ ਅਜੇ ਤੱਕ ਜਵਾਬ ਨਹੀਂ ਮਿਲਿਆ ਕਿ ਦਸਵੇਂ ਪਾਤਸ਼ਾਹ ਬੇਸ਼ੱਕ ਜ਼ਿਆਦਾ ਸਮਾਂ ਜੰਗਾਂ ਯੁੱਧਾਂ ਵਿਚ ਰਹੇ ਪਰ ਫੁਰਸਤ ਦੇ ਪੱਲ ਵੀ ਹੰਡਾਏ-੫੨ ਕਵੀ ਦਰਬਾਰ ਵਿਚ ਸਨ। ਕਵੀ ਦਰਬਾਰ ਵੀ ਹੁੰਦੇ ਸਨ। ਦਰਬਾਰ ਸਾਹਿਬ ਅੰਮ੍ਰਿਤਸਰ ਸਿੱਖੀ ਦਾ ਧੁਰਾ ਅਹਿਮ ਸਥਾਨ ਹੈ ਪਰ ਸਾਰੇ ਜੀਵਨ ਵਿਚ ਗੁਰੂ ਗੋਬਿੰਦ ਸਿੰਘ ਜੀ

ਇੱਥੇ ਕਿਉਂ ਨਹੀਂ ਆਏ?

ਮਹਾਨ ਤੇਜੱਸਵੀ ਆਤਮਾ ਦੇ ਮਾਲਕ ਸਤਿਗੁਰੂ ਰਾਮ ਸਿੰਘ ਜੀ ਨੇ ਭਾਈ ਰਾਏ ਸਿੰਘ ਨੂੰ ਅੱਬਚਲ ਨਗਰ ਹਜ਼ੂਰ ਸਾਹਿਬ (ਨਾਂਦੇੜ) ਭੇਜ ਕੇ ਦਸਮ ਪਾਤਸ਼ਾਹ ਜੀ ਦੀ ਰਹਿਤ ਮਰਯਾਦਾ ਮੰਗਵਾਈ ਜਿਸ ਮੁਤਾਬਿਕ ੧੨ ਅਪ੍ਰੈਲ ੧੮੫੭ ਈ. ਨੂੰ ਵਿਸਾਖੀ ਵਾਲੇ ਦਿਨ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਕੇ ਸਿੱਖੀ ਦੀ ਪੁਨਰ ਸਥਾਪਨਾ ਕੀਤੀ, ਸੰਤ ਖਾਲਸਾ ਥਾਪਿਆ ਅਤੇ ਸ਼ਾਂਤੀ ਦਾ ਪ੍ਰਤੀਕ ਚਿੱਟਾ ਝੰਡਾ ਚੜ੍ਹਾ ਕੇ ਦੇਸ਼ ਦੀ ਅਜ਼ਾਦੀ ਦਾ ਬਿਗਲ ਵਜਾ ਦਿੱਤਾ। ਅੰਗਰੇਜ਼ ਸਰਕਾਰ ਵਲੋਂ ਅੰਮ੍ਰਿਤਸਰ ਵਿਖੇ ਹਰਿਮੰਦਰ ਸਾਹਿਬ ਨੇੜੇ ਬੁੱਚੜਖਾਨਾ ਖੋਲ੍ਹਿਆ ਗਿਆ ਜੋ ਹਿੰਦੂ ਸਿੱਖਾਂ ਲਈ ਬਹੁਤ ਵੱਡਾ ਅਪਮਾਨ ਸੀ। ਜਦੋਂ ਕਾਵਾਂ ਤੇ ਗਿਰਝਾਂ ਵਲੋਂ ਹੱਡੀਆਂ ਤੇ ਮਾਸ ਦੇ ਟੁਕੜੇ ਪਵਿੱਤਰ ਸਰੋਵਰ ਦੀ ਪਰਕਰਮਾ ਵਿਚ ਡਿੱਗੇ ਵੇਖੇ ਤਾਂ ਨਾਮਧਾਰੀ ਸਿੰਘਾਂ ਦਾ ਖੂਨ ਖੌਲਿਆ। ਇਹ ਅਪਮਾਨ ਨਾ ਸਹਾਰਦੇ ਹੋਏ ਬੁੱਚੜਖਾਨੇ 'ਤੇ ਧਾਵਾ ਬੋਲ ਦਿੱਤਾ। ਸਿੰਘਾਂ ਨੂੰ ਸ਼ਰੇਆਮ ਬੋਹੜ ਨਾਲ ਫਾਂਸੀਆਂ 'ਤੇ ਲਟਕਾਇਆ ਗਿਆ, ਇਸੇ ਤਰਾਂ ਲੁਧਿਆਣਾ ਜੇਲ੍ਹ ਤੇ ਰਾਏਕੋਟ ਬੱਸੀਆਂ ਕੋਠੀ ਵਿਖੇ ਵੀ ਫਾਂਸੀਆਂ 'ਤੇ ਚੜ੍ਹਾਇਆ ਗਿਆ। ਮਲੇਰਕੋਟਲਾ ਵਿਖੇ ੬੬ ਨਾਮਧਾਰੀ ਸਿੰਘਾਂ ਨੂੰ ਤੋਪਾਂ ਨਾਲ ਉਡਾਇਆ ਗਿਆ। ੫੦ ਸਾਲ ਸ੍ਰੀ ਭੈਣੀ ਸਾਹਿਬ ਪੁਲਿਸ ਚੌਕੀ ਬੈਠੀ ਰਹੀ। ਪੰਥ ਦੇ ਨਾਇਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਦੇਸ ਨਿਕਾਲਾ ਦਿੱਤਾ ਗਿਆ। ਪ੍ਰਮੁੱਖ ਸੂਬਿਆਂ ਨੂੰ ਵੱਖ ਵੱਖ ਜੇਲ੍ਹਾਂ ਵਿਚ ਅਤੇ ਕਾਲੇ ਪਾਣੀ ਭੇਜਿਆ ਗਿਆ। ਪੂਰਾਂ ਦੇ ਪੂਰ ਸਮੁੰਦਰਾਂ ਵਿਚ ਡੋਬੇ ਗਏ। ਅਖੰਡਪਾਠ ਕਰਨ ਦੇ ਜੁਰਮ ਵਿਚ ਸੱਤ ਸੱਤ ਸਾਲ ਕੈਦਾਂ ਕੱਟੀਆਂ ਜਾਇਦਾਦਾਂ ਕੁਰਕ ਕੀਤੀਆਂ ਗਈਆਂ। ਬਾਦ ਵਿਚ ਨਨਕਾਣਾ ਸਾਹਿਬ ਦਾ ਮੋਰਚਾ ਗੁਰਦੁਆਰਿਆਂ ਲਈ ਲੱਗਿਆ ਤਾਂ ਉਸ ਵਿਚ ਵੀ ੧੪ ਨਾਮਧਾਰੀ ਸਿੰਘ ਸ਼ਹੀਦ ਹੋਏ। ਅੱਜ ਵੀ ਗੁਰਸਿੱਖੀ ਰਹੁਰੀਤ, ਭਜਨ ਬੰਦਗੀ, ਪੁਰਾਤਨ ਰੀਤ ਅਨੁਸਾਰ ਨਿਰੋਲ ਗੁਰਬਾਣੀ ਦਾ ਕੀਰਤਨ, ਬਿਨਾਂ ਦਾਜ ਦਹੇਜ ਸਾਦਾ ਵਿਆਹ ਅਤੇ ਸਾਬਤ ਸੂਰਤ ਰਹਿਤ ਮਰਯਾਦਾ ਸਾਂਭੀ ਬੈਠੇ ਨਾਮਧਾਰੀ ਸੰਤ ਖਾਲਸੇ ਨੂੰ ਕੁਝ ਕੱਟੜਪੰਥੀ ਮੁੱਖਧਾਰਾ ਤੋਂ ਲਾਂਭੇ ਗਿਣਦੇ ਹਨ। ਨਿਰਮਲੇ ਮਹਾਂਪੁਰਖਾਂ ਨੇ ਡੇਰਿਆਂ ਵਿਚ ਗੁਰੂ ਗ੍ਰੰਥ ਸਾਹਿਬ ਦਾ ਪਰਕਾਸ਼ ਲਗਾਤਾਰ ਕਰਨ ਦੇ ਨਾਲ ਨਾਲ ਗੁਰਬਾਣੀ ਦੀ ਸੰਥਾ ਦੇ ਕੇ ਗੁਰਬਾਣੀ ਨਾਲ ਜੋੜਨ ਲਈ ਅਹਿਮ ਭੂਮਿਕਾ ਨਿਭਾਈ ਹੈ। ਇਸੇ ਤਰ੍ਹਾਂ, ਰਾਧਾ-ਸੁਆਮੀ ਆਪਣੇ ਸਤਸੰਗਾਂ ਵਿਚ ਗੁਰਬਾਣੀ ਦੀ ਵਿਆਖਿਆ ਕਰਦੇ ਹਨ ਤੇ ਸਿਆਸਤ ਤੋਂ ਪਰੇ ਗੁਰਬਾਣੀ ਦੇ ਆਸ਼ੇ ਅਨੁਸਾਰ ਨਾਮ ਸਿਮਰਨ ਦੇ ਅਭਿਆਸ ਨਸ਼ਿਆਂ ਤੋਂ ਮੁਕਤ ਹਨ ਉਹ ਵੀ ਸਾਡੀ ਸਿੱਖੀ ਦੀ ਫੁਲਵਾੜੀ ਦੇ ਫੁੱਲ ਹਨ।

ਮੈਨੂੰ ਯਾਦ ਹੈ ਕੁਝ ਸਾਲ ਪਹਿਲਾਂ ਵੀਆਨਾ ਵਿਖੇ ਇਕ ਵਿਸ਼ੇਸ਼ ਵਰਗ ਨਾਲ ਸਬੰਧਤ ਮਹਾਂਪੁਰਖਾਂ ਦੀ ਹੱਤਿਆ ਕੱਟੜਪੰਥੀਆਂ ਵਲੋਂ ਕਰ ਦਿੱਤੀ ਗਈ ਸੀ ਤੇ ਉਸ ਦੇ ਨਤੀਜੇ ਜੋ ਨਿਕਲੇ ਸਾਰਿਆਂ ਦੇ ਸਾਹਮਣੇ ਹਨ। ਉਸ ਭਾਈਚਾਰੇ ਦੇ ਇਕ ਵਰਗ ਨੇ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਅੰਮ੍ਰਿਤ ਬਾਣੀ ਗ੍ਰੰਥ ਰਚ ਲਿਆ ਤੇ ਪ੍ਰਕਾਸ਼ ਕਰਨ ਲੱਗ ਪਏ ਹਨ :-

"ਅੱਵਲ ਅੱਲਾਹ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ, ਏਕ ਨੂਰ ਤੇ ਸਭ ਜਗ ਉਪਜਿਆ ਕੌਣ ਭਲੇ ਕੋ ਮੰਦੇ"

੧੯੭੮ ਈ. ਵਿਚ ਮੰਦਭਾਗੀ ਘਟਨਾ ਘਟੀ ਜਦ ਅੰਮ੍ਰਿਤਸਰ ਵਿਖੇ ਨਿਰੰਕਾਰੀ ਸੰਮੇਲਨ ਹੋ ਰਿਹਾ ਸੀ ਤਾਂ ਕੁੱਝ ਕੱਟੜ ਸਿੰਘਾਂ ਵਲੋਂ ਰੋਕਣ ਦੀ ਕੋਸ਼ਿਸ਼ ਕੀਤੀ ਗਈ। ਗੋਲੀ ਚੱਲੀ ਤੇ ਕਿੰਨੀਆਂ ਕੀਮਤੀ ਜਾਨਾਂ ਚਲੀਆਂ ਗਈਆਂ। ਪੰਥ ਵਲੋਂ ਬਾਈਕਾਟ ਕਰ ਦਿੱਤਾ ਗਿਆ। ਨਿਰੰਕਾਰੀ ਸਮਾਗਮਾਂ ਵਿਚ ਬੇਸ਼ੱਕ ਉਹ ਕਵਿਤਾ ਰੂਪ ਅਵਤਾਰ ਬਾਣੀ ਵੀ ਪੜ੍ਹਦੇ ਸਨ ਪਰ ਗੁਰਬਾਣੀ ਦੇ ਸ਼ਬਦ ਦੀ ਵਿਆਖਿਆ ਵੀ ਹੁੰਦੀ ਸੀ ਤੇ ਉਹ ਲੋਕ ਜੋ ਸਿੱਖੀ ਦੇ ਨੇੜੇ ਤੇੜੇ ਵੀ ਨਹੀਂ ਉਨ੍ਹਾਂ ਦੇ ਕੰਨਾਂ ਵਿਚ ਵੀ ਗੁਰਬਾਣੀ ਦੇ ਸ਼ਬਦਾਂ ਦੀ ਅਵਾਜ਼ ਪੈਂਦੀ ਸੀ ਪਰ ਬਾਈਕਾਟ ਉਪਰੰਤ ਉਨਾਂ ਸਾਰੇ ਗੁਟਕੇ ਪਾਰਸਲ ਕਰਕੇ ਅੰਮ੍ਰਿਤਸਰ ਭੇਜ ਦਿੱਤੇ ਸਨ।

ਮੇਰਾ ਸੱਚਾ ਸੌਦਾ ਨਾਲ ਕੋਈ ਸਬੰਧ ਨਹੀਂ ਪਰ ਜਿਸ ਤਰ੍ਹਾਂ ਦੇ ਅਰੋਪ ਰਾਜਨੀਤੀ ਤੋਂ ਪ੍ਰੇਰਿਤ ਹੋ ਕੇ ਲਗਾਏ ਗਏ ਹਨ, ਸਮਝ ਤੋਂ ਬਾਹਰ ਦੀ ਗੱਲ ਹੈ। ਅਰੋਪ ਹੈ ਕਿ ਦਸਵੇਂ ਪਾਤਸ਼ਾਹ ਜੀ ਦੀ ਪੋਸ਼ਾਕ ਵਰਗੀ ਪੋਸ਼ਾਕ ਪਾਈ ਗਈ। ਗੁਰੂ ਸਾਹਿਬ ਦੀ ਆਪਣੀ ਮੌਜ ਜਿਸ ਤਰ੍ਹਾਂ ਦੀ ਚਾਹੁਣ ਉਸ ਤਰ੍ਹਾਂ ਦੀ ਪੁਸ਼ਾਕ ਪਾ ਲੈਣ। ਕੋਈ ਸੁਨਿਸ਼ਚਿਤ (Prescribed) ਪੁਸ਼ਾਕ ਨਹੀਂ ਸੀ। ਉਹ ਚਾਹੇ ਸ਼ਾਹੀ ਲਿਬਾਸ ਪਹਿਨਣ ਚਾਹੇ ਬਿਲਕੁਲ ਸਾਦੇ ਬਸਤਰ ਪਹਿਨਣ। ਉਹ ਬਾਦਸ਼ਾਹ ਦਰਵੇਸ਼ ਸਨ। ਵਿਆਹ ਸ਼ਾਦੀ ਸਮੇਂ ਸਰਦਾਰਾ ਦੇ ਕਾਕੇ ਉਸ ਤਰਾਂ ਦੇ ਬਸਤਰ, ਰੇਬ ਪਜਾਮਾ ਤੇ ਸਿਰ ਤੇ ਕਲਗ਼ੀ ਵੀ ਸਜਾ ਲੈਂਦੇ ਹਨ। ਹੱਥ ਵਿਚ ਤਿੰਨ ਫੁੱਟੀ ਕਿਰਪਾਨ ਵੀ ਹੁੰਦੀ ਹੈ ਕੀ ਅਸੀਂ ਇਸ ਨੂੰ ਗੁਰੂ ਸਾਹਿਬ ਦੀ ਨਕਲ ਕਹਾਂਗੇ? ਬਹੁਤੇ ਵਿਸਥਾਰ ਵਿਚ ਨਾ ਜਾਂਦਿਆਂ ਹੋਇਆਂ ਦਸਦਾ ਹਾਂ ਕਿ ਇਸ ਘਟਨਾ

ਨੇ ਇੰਨਾ ਤਣਾਓ ਪੈਦਾ ਕਰ ਦਿੱਤਾ— ਡੇਰਿਆਂ ਨੂੰ ਦਿਨ ਦਿਹਾੜੇ ਅੱਗਾਂ ਲਗਾਈਆਂ ਗਈਆਂ, ਨੰਗੀਆਂ ਤਲਵਾਰਾਂ ਤਾਣ ਕੇ ਬਜ਼ਾਰਾਂ ਤੇ ਸੜਕਾਂ 'ਤੇ ਦਹਿਸ਼ਤ ਫੈਲਾਈ ਗਈ। ਸੁਨਾਮ ਕੋਲੇ ਸਤਿਸੰਗ ਭਵਨ 'ਤੇ ਹਮਲੇ ਸਮੇਂ ਪਿੰਡ ਤੁੰਗਾਂ ਕਲਾਰਾਂ ਦੇ ਇਕ ਪ੍ਰੇਮੀ ਸੱਚੇ ਸੌਦੇ ਦੇ ਅਨੁਆਈ ਦੇ ਪਿਤਾ ਦੀ ਮੌਤ ਉਪਰੰਤ ਗੁਰੂ ਗ੍ਰੰਥ ਸਾਹਿਬ ਦੀ ਬੀੜ ਘਰੇ ਲਿਜਾ ਕੇ ਸਹਿਜ ਪਾਠ ਪ੍ਰਾਰੰਭ ਕਰਵਾਇਆ ਗਿਆ ਭੋਗ ਤੋਂ ਦੋ ਤਿੰਨ ਦਿਨ ਪਹਿਲਾਂ ਹੀ ਕੁੱਝ ਕੱਟੜ ਸਿੰਘਾਂ ਵਲੋਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਚੁੱਕ ਲਈ ਗਈ ਤੇ ਪਾਠ ਖੰਡਣ ਹੋਇਆ। ਉਸ ਨੇ ਬਿਨਾਂ ਗੁਰਬਾਣੀ ਦੇ ਪਾਠ ਦਾ ਭੋਗ ਪਾਏ ਅੰਤਿਮ ਅਰਦਾਸ ਕਰ ਦਿੱਤੀ ਗਈ। ਇਸ ਪਾਠ ਖੰਡਣ ਦੇ ਪਾਪ ਦਾ ਭਾਗੀ ਕੌਣ ਹੋਇਆ?

ਪਿਛਲੇ ਦਿਨੀਂ ਡਾ. ਮਨਮੋਹਨ ਸਿੰਘ ਭਾਰਤ ਦੇ ਪ੍ਰਧਾਨ ਮੰਤਰੀ ਗੁਰੂ ਦਾ ਸੱਚਾ ਸੁੱਚਾ ਇਮਾਨਦਾਰ ਬੇਦਾਗ ਸਿੱਖ ਨਿਰੋਲ ਧਾਰਮਿਕ ਸ਼ਰਧਾ ਤਹਿਤ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਨੱਤ ਮਸਤਕ ਹੋਣ ਲਈ ਆਏ ਤਾਂ ਉਥੇ ਦਰਬਾਰ ਸਾਹਿਬ ਦੀ ਹਦੂਦ ਦੇ ਅੰਦਰ ਕੁੱਝ ਸ਼ਰਾਰਤੀ ਅਨਸਰਾਂ ਵਲੋਂ ਅੰਨਾ ਹਜਾਰੇ ਦੇ ਨਾਂ ਥੱਲੇ ਕਾਲੀਆਂ ਝੰਡੀਆਂ ਵਿਖਾਈਆਂ ਗਈਆਂ। ਬੇਸ਼ੱਕ ਬਾਦ ਵਿਚ ਐਸ. ਜੀ. ਪੀ. ਸੀ ਦੇ ਪ੍ਰਧਾਨ ਸ. ਅਵਤਾਰ ਸਿੰਘ ਮੱਕੜ ਨੇ ਲਿਪਾਪੋਚੀ ਕਰਨ ਦੀ ਕੋਸ਼ਿਸ਼ ਕੀਤੀ ਪਰ ਇਹ ਸਾਰਾ ਕੁੱਝ ਗੁਰੂਘਰ ਵਿਚ ਵਾਪਰਿਆ—ਸੋਚਣ ਦੀ ਲੋੜ ਹੈ ਅਸੀਂ ਕਿਸ ਪਾਸੇ ਜਾ ਰਹੇ ਹਾਂ?

ਸਿੱਖਾਂ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੀ ਚੋਣ ਗੁਰਦੁਆਰਿਆਂ ਦੀ ਸੇਵਾ ਸੰਭਾਲ ਤੇ ਸਿੱਖੀ ਦੇ ਪ੍ਰਚਾਰ ਲਈ ਵੋਟਾਂ ਰਾਹੀਂ ਹੁੰਦੀ ਹੈ। ਚੋਣ ਪ੍ਰਚਾਰ ਸਮੇਂ ਰੱਜ ਕੇ ਇਕ ਦੂਜੇ ਤੇ ਦੂਸ਼ਨਬਾਜੀ ਹੁੰਦੀ ਹੈ-ਸ਼ਰਾਬ, ਭੁੱਕੀ ਆਦਿ ਨਸ਼ਿਆਂ ਦੀ ਵਰਤੋਂ ਸ਼ਰੇਆਮ ਹੁੰਦੀ ਹੈ ਜੋ ਸਿੱਖੀ ਦੇ ਅਸੂਲਾਂ ਦੇ ਬਿਲਕੁਲ ਉਲਟ ਹੈ। ਕਰਨਾ ਗੁਰਦੁਆਰਿਆਂ ਦਾ ਸੁਧਰ ਤੇ ਸਿੱਖੀ ਦਾ ਪ੍ਰਚਾਰ... ਤੇ ਵੰਡਣੀਆਂ ਸ਼ਰਾਬਾਂ। ਗੁਰੂ ਸਾਨੂੰ ਕਿਥੋਂ ਮੁਆਫ ਕਰੇਗਾ। ਪਹਿਲਾਂ ਸਰਬੱਤ ਖਾਲਸਾ ਕਿਸੇ ਖਾਸ ਮਸਲੇ ਲਈ ਬੁਲਾਇਆ ਜਾਂਦਾ ਸੀ ਜਿਸ ਵਿਚ ਨਾਨਕ ਨਾਮ ਲੇਵਾ ਸਾਰੀਆਂ ਸਿੱਖ ਜਥੇਬੰਦੀਆਂ ਦੇ ਨੁਮਾਇੰਦੇ ਸ਼ਾਮਿਲ ਹੁੰਦੇ ਸਨ ਪਰ ਹੁਣ ਰਾਜਸੀ ਸੱਤਾ ਵਾਲਿਆਂ ਮੁਤਾਬਿਕ ਫੈਸਲੇ ਲਏ ਜਾਂਦੇ ਹਨ। ਅਜ ਧਰਮ ਨੂੰ ਸਿਆਸਤ ਲਈ ਵਰਤਿਆ ਜਾਂਦਾ ਹੈ। ਸਿਆਸਤ ਅੱਗੇ ਹੈ ਧਰਮ ਪਿੱਛੇ ਹੈ। ਸਿੱਖੀ ਨੂੰ ਕਿਸੇ ਤੋਂ ਕੋਈ ਖਤਰਾ ਨਹੀਂ। ਬੇਸ਼ੱਕ ਮੀਡੀਆ ਸਾਡੇ ਸਮਾਜਕ ਤੇ ਧਾਰਮਿਕ ਢਾਂਚੇ ਨੂੰ ਬੁਰੀ ਤਰਾਂ ਪ੍ਰਭਾਵਤ ਕਰ ਰਿਹਾ ਹੈ ਪਰ ਅਸੀਂ ਵੀ ਆਪਣੀ ਜ਼ਿੰਮੇਵਾਰੀ ਤੋਂ ਬਚ ਨਹੀਂ ਸਕਦੇ। ਅੱਜ ਲੋੜ ਹੈ ਭਾਈ ਘਨੱਈਏ ਦੀ ਅੱਖ ਨਾਲ ਵੇਖਣ ਦੀ ਤੇ ਸਾਰਿਆਂ ਨੂੰ ਨਾਲ ਲੈ ਕੇ ਚੱਲਣ ਦੀ। "ਸਭੇ ਸਾਂਝੀਵਾਲ ਸਦਾਇਨ ਕੋਏ ਨ ਦਿਸੇ ਬਾਹਰਾ ਜੀਉ"।

ਮਾਨਸਾ
੯੮੭੬੧-੮੩੧੮੮

ਨਾਮਧਾਰੀ ਪੰਜਾਬੀ ਸਾਹਿਤ ਸਭਾ ਸ੍ਰੀ ਜੀਵਨ ਨਗਰ ਵਲੋਂ ਕਵੀ ਦਰਬਾਰ ਦਾ ਆਯੋਜਨ

ਨਾਮਧਾਰੀ ਪੰਜਾਬੀ ਸਾਹਿਤ ਸਭਾ ਸ੍ਰੀ ਜੀਵਨ ਨਗਰ ਵਲੋਂ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਦੇ ਸਹਿਯੋਗ ਨਾਲ ਪਿੰਡ ਅੰਮ੍ਰਿਤਸਰ ਕਲਾਂ ਵਿਖੇ ਮਿਤੀ ੧੮ ਮਾਰਚ ੨੦੧੨ ਨੂੰ ਇਕ ਸ਼ਾਨਦਾਰ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ। ਇਸ ਵਿਚ ਹਰਿਆਣਾ ਪੰਜਾਬ ਸਾਹਿਤ ਅਕਾਦਮੀ ਦੇ ਡਾਇਰੈਕਟਰ ਸ੍ਰੀ ਸੁਖਚੈਨ ਸਿੰਘ ਭੰਡਾਰੀ ਵਿਸ਼ੇਸ਼ ਤੌਰ ਤੇ ਪੁੱਜੇ। ਸਭਾ ਦੇ ਸਰਗਰਮ ਮੈਂਬਰ ਸ੍ਰੀ ਪੂਰਨ ਸਿੰਘ ਨਿਰਾਲਾ ਨੂੰ ਵਿਸ਼ੇਸ਼ ਮਹਿਮਾਨ ਵਜੋਂ ਨਿਵਾਜਿਆ ਗਿਆ। ਸਭਾ ਦੇ ਮੈਂਬਰ ਸ. ਗੁਰਮੇਲ ਸਿੰਘ ਹੰਸ ਅਤੇ ਰਜਿੰਦਰ ਸਿੰਘ ਰਾਜ ਦੀਆਂ ਸਭਾ ਪ੍ਰਤੀ ਵਿਸ਼ੇਸ਼ ਸੇਵਾਵਾਂ ਨੂੰ ਵੇਖਦੇ ਹੋਏ ਸਭਾ ਵਲੋਂ ਇਕ ਇਕ ਸ਼ਾਲ, ਪ੍ਰਸੰਸਾ ਪੱਤਰ ਅਤੇ ਮੋਮੈਂਟ ਭੇਟ ਕਰਕੇ ਸਨਮਾਨਤ ਕੀਤਾ ਗਿਆ। ਇਸ ਸਮੇਂ ਹਰਭਜਨ ਸਿੰਘ ਰਾਜਾ ਦੀ ਪੁਸਤਕ ਅਣਖੀ ਸੂਰਮੇ ਰੀਲੀਜ਼ ਕੀਤੀ ਗਈ। ਸਭਾ ਦੇ ਪ੍ਰਧਾਨ ਸ੍ਰੀ ਲਖਵਿੰਦਰ ਸਿੰਘ ਬਾਜਵਾ ਦੀ ਪ੍ਰਧਾਨਗੀ ਹੇਠ ਇਹ ਸਮਾਗਮ ਹੋਇਆ। ਸਰਵ ਸ੍ਰੀ ਮਾਸਟਰ ਅਮਰੀਕ ਸਿੰਘ, ਸਾਧੂ ਸਿੰਘ ਕਿਸਾਨ, ਹਰਭਜਨ ਸਿੰਘ ਰਾਜਾ, ਪੂਰਨ ਸਿੰਘ ਨਿਰਾਲਾ, ਗੁਰਮੇਲ ਸਿੰਘ ਹੰਸ, ਕੁਲਦੀਪ ਸਿੰਘ ਦੀਪ, ਰਾਜਿੰਦਰ ਸਿੰਘ ਰਾਜ, ਬਲਦੇਵ ਸਿੰਘ ਵੜੈਚ, ਸਵਰਨ ਸਿੰਘ ਚੀਮਾ, ਸਰਮੁਖ ਸਿੰਘ ਸ਼ਾਇਰ, ਜਸਵਿੰਦਰ ਸਿੰਘ ਭਿੰਡਰ, ਲਖਵਿੰਦਰ ਸਿੰਘ ਬਾਜਵਾ, ਮਾ. ਮਹਿਲ ਸਿੰਘ ਮਲੀ, ਬਬੇਕ ਸਿੰਘ ਬਾਜਵਾ ਤੋਂ ਇਲਾਵਾ ਬਾਹਰੋਂ ਆਏ ਕਵੀ ਸਜਨ ਨਿਰਮਲ ਸਿੰਘ ਬਸਰਾ ਪ੍ਰਧਾਨ ਲੋਕ ਸਾਹਿਤ ਸਭਾ ਰਾਣੀਆਂ, ਸਿਰਸਾ ਤੋਂ ਡਾ. ਜੀ. ਡੀ. ਚੌਧਰੀ, ਡਾ. ਦਰਸ਼ਨ ਸਿੰਘ, ਰਾਜ ਕੁਮਾਰ ਨਿਜਾਤ, ਕਸ਼ਮੀਰ ਸਿੰਘ ਮੌਜੀ, ਰਘੁਬੀਰ ਸਿੰਘ ਬਾਜਵਾ, ਸੁਭਾਸ਼ ਸਲੂਜਾ, ਕੁਲਵੰਤ ਸਿੰਘ ਪੰਜੂ, ਗੁਰਦਿਆਲ ਸਿੰਘ ਮੌਜੀ, ਡਾ. ਗੁਰਪ੍ਰੀਤ ਸਿੰਘ ਸਿਧਰਾ ਆਦਿ ਕਵੀਆਂ ਨੇ ਭਾਗ ਲਿਆ। ਇਸ ਪ੍ਰੋਗਰਾਮ ਦਾ ਸੰਚਾਲਨ ਸ. ਬਲਦੇਵ ਸਿੰਘ ਵੜੈਚ ਦੇ ਸਪੁੱਤਰ ਗੁਰਮੀਤ ਸਿੰਘ ਐਡਵੋਕੇਟ ਨੇ ਵਧੀਆ ਢੰਗ ਨਾਲ ਕੀਤਾ।

—ਜਸਵਿੰਦਰ ਸਿੰਘ ਭਿੰਡਰ, ਸਕੱਤਰ

ਲੰਡਨ ਉਲੰਪਿਕ 'ਚ ਖ਼ੂਨ 'ਚ ਨਸ਼ੇ ਤੋਂ ਜਿਤੇ ਤਮਗੇ ਖੁਸਣ ਦਾ ਖਦਸ਼ਾ

—ਕੁਲਦੀਪ ਸਿੰਘ ਪੱਟੀ

ਇੰਟਰਨੈਸ਼ਨਲ ਉਲੰਪਿਕ ਕਮੇਟੀ ਦੇ ਪ੍ਰਧਾਨ ਜੈਕਿਊਜ਼ ਰੋਗੀ ਵੱਲੋਂ ਲੰਡਨ ਵਿਚ ਕਰਵਾਈ ਜਾ ਰਹੀ ੩੦ਵੀਂ ਉਲੰਪਿਕ ਦੀ ਤੀਜੀ ਵਾਰ ਮੇਜ਼ਬਾਨੀ ਕਰ ਰਹੇ ਯੂ. ਕੇ. ਦੇ ਪ੍ਰਧਾਨ ਮੰਤਰੀ ਡੇਵਿਡ ਕੈਮਰੂਨ ਨੇ ਕਿਹਾ ਹੈ ਕਿ ਇੰਗਲੈਂਡ ਉਲੰਪਿਕ ਕਮੇਟੀ ਵਲੋਂ ੨੭ ਜੁਲਾਈ ੨੦੧੨ ਨੂੰ ਉਦਘਾਟਨੀ ਸਮਾਰੋਹ ਲਈ ਤੇ ਖੇਡਾਂ ਵਿਚ ਨਵੇਂ ਰਿਕਾਰਡ ਸਮੇਤ ਸੋਨ ਤੇ ਚਾਂਦੀ ਨਾਲ ਕਾਂਸੀ ਤਮਗ ਜਿੱਤਣ ਵਾਲੇ ਖਿਡਾਰੀਆਂ ਤੇ ਅਥਲੀਟਾਂ ਦੇ ਸਿਰ ਤੇ ਸਮਾਪਤੀ ਸਮਾਰੋਹ ਤੱਕ ਖਿਡਾਰੀ ਦੇ ਖ਼ੂਨ ਦੇ ਨਸ਼ੇ ਟੈਸਟ ਦੀ ਸਖਤੀ ਕਾਰਨ ਜਿਤੇ ਤਮਗੇ ਵੀ ਖੁਸਣ ਦਾ ਖਦਸ਼ਾ ਬਣਿਆ ਰਹੇਗਾ।

ਅੰਤਰਰਾਸ਼ਟਰੀ ਖੇਡ ਕਮੇਟੀ ਉਲੰਪਿਕ ਕਮੇਟੀ ਦੇ ਨਵੇਂ ਖੇਡ ਨਿਯਮਾਂ ਤਹਿਤ ਰਗਬੀ ਖੇਡ ਜਿਥੇ ਉਲੰਪਿਕ ਵਿਚ ਪਹਿਲੀ ਵਾਰ ਸ਼ਾਮਲ ਕੀਤੀ ਜਾ ਰਹੀ ਹੈ ਉਥੇ ਇੰਗਲੈਂਡ ਦੇ ਲੰਡਨ ਖੇਡ ਸਟੇਡੀਅਮ ਵਿਚ ਖੇਡ ਮੈਦਾਨਾਂ ਨੂੰ ਨਵਾਂ ਰੰਗ ਰੂਪ ਬਣਤਰ ਅਤੇ ਖੇਡ ਸਮਾਨ ਦੀ ਤਰਤੀਬ ਵੀ ਬਦਲੀ ਗਈ ਹੈ। ਪ੍ਰਾਹੁਣਾਚਾਰੀ ਵਿਚ ਮਾਹਰ ਦੇਸ਼ ਮਹਿੰਗੇ ਸ਼ਹਿਰ ਲੰਡਨ ਲਈ ਆਪਣੇ ਦੇਸ਼ਾਂ ਦੇ ਲਿਖਤੀ ਦਸਤਾਵੇਜ਼ ਕਾਨੂੰਨੀ ਤੌਰ ਤੇ ਪੂਰੇ ਲੈ ਕੇ ਆਉਣ ਤੇ ਕਿਸੇ ਸੈਲਾਨੀ ਨੂੰ ਉਲੰਪਿਕ ਖੇਡਾਂ ਦੇ ਸਮੇਂ ਤੋਂ ੬ ਮਹੀਨੇ ਤੱਕ ਇਥੇ ਖੇਡਾਂ ਦੀ ਆੜ ਵਿਚ ਵਿਆਹ ਕਰਵਾ ਕੇ ਇੰਗਲੈਂਡ ਵਿਚ ਵਸਣ ਵਿਰੁੱਧ ਸਰਕਾਰ ਨੇ ਸ਼ਿਕੰਜਾ ਬਹੁਤ ਸਖਤ ਕਰ ਦਿੱਤਾ ਹੈ।

੨੦੦ ਤੋਂ ਸਵਾ ਦੋ ਸੌ ਦੇ ਕਰੀਬ ਦੇਸ਼ਾਂ ਵਲੋਂ ਲੰਡਨ ਉਲੰਪਿਕ ਵਿਚ ਹਿੱਸਾ ਲੈਣ ਦੀ ਆਸ ਹੈ ਤੇ ਚਣੌਤੀ ਇਹ ਹੈ ਕਿ ਕੀ ਬੀਜਿੰਗ ਉਲੰਪਿਕ ਵਿਚ ੨੦੦੮ ਸਾਲ ਮੇਜ਼ਬਾਨ ਚੀਨ ਜੋ ਕਿ ੫੧ ਸੋਨ, ੨੧ ਚਾਂਦੀ ਤੇ ੨੮ ਕਾਂਸ ਤਮਗਿਆਂ ਨਾਲ ਅਮਰੀਕਾ ਦੇ ੩੬ ਸੋਨ, ੩੮ ਚਾਂਦੀ ਤੇ ੩੬ ਕਾਂਸੀ ਤਮਗਿਆਂ ਤੋਂ ਅਵਲ ਸੀ ਕੀ ਇੰਗਲੈਂਡ ਵਿਚ ਇਹ ਬੜਤ ਕਾਇਮ ਰੱਖ ਸਕੇਗਾ।

ਮੇਜ਼ਬਾਨ ਇੰਗਲੈਂਡ ਜੋ ਕਿ ੧੯੦੮ ਤੇ ੧੯੪੮ ਤੋਂ ਪਿਛੋਂ ੨੦੧੨ ਵਿਚ ਤੀਜੀ ਵਾਰ ਪ੍ਰਬੰਧਕ ਹੈ ਤੇ ੨੦੦੮ ਦੀ ਬੀਜਿੰਗ ਉਲੰਪਿਕ ਵਿਚ ੧੯ ਸੋਨ ੧੩ ਚਾਂਦੀ ੧੫ ਕਾਂਸੀ ਅਤੇ ਕੁਲ ੪੭ ਤਮਗਿਆਂ ਨਾਲ ਚੌਥੇ ਨੰਬਰ ਤੇ ਸੀ ਕੀ ਆਪਣੇ ਦੇਸ਼ ਦੀ ਧਰਤੀ ਤੇ ਇੰਗਲੈਂਡੀਏ ਵਧੇਰੇ ਤਮਗੇ ਜਿੱਤ ਕੇ ਦਰਜਾ ਸੁਧਾਰਨਗੇ। ਅਲੋਚਨਾਤਮਿਕ ਖੇਡ ਪਹਿਲੂ ਇਹ ਹੈ ਕਿ ਕੀ ਭਾਰਤ ਜੋ ਬੀਜਿੰਗ ਉਲੰਪਿਕ ਵਿਚ ਇਕ ਸੋਨ ਤੇ ਦੋ ਚਾਂਦੀ ਜੇਤੂ ਸੀ ਐਤਕਾਂ ਭਾਰਤੀ ਖੇਡ ਮੰਡਲ ਦੇ ਚੀਫ ਡੀਮਿਸ਼ਨ ਉਲੰਪੀਅਨ ਅਜੀਤਪਾਲ ਸਿੰਘ ਦੀ ਅਗਵਾਈ ਹੇਠ ਹਾਕੀ ਤਮਗੇ ਸਮੇਤ ਹੋਰ ਕਿੰਨੇ ਵਧ ਤਮਗੇ, ਜਿੱਤ ਕੇ ਭਾਰਤੀ ਤਿਰੰਗਾ ਲੰਡਨ ਵਿਚ ਜੇਤੂ ਸ਼ਾਨ ਨਾਲ ਲਹਿਰਾਉਂਦੇ ਹਨ। ਭਾਰਤ ਬੀਜਿੰਗ ਵਿਚ ੩ ਤਮਗਿਆਂ ਨਾਲ ੫੦ਵੇਂ ਨੰਬਰ ਤੇ ਸੀ।



ਉਧਰ ਅਰਬ ਦੇਸਾਂ ਵਿਚ ਤਾਨਾਸ਼ਾਹੀ ਵਿਰੁੱਧ ਚਲ ਰਹੀ ਲੋਕਤੰਤਰ ਦੀ ਖਨਾਜੰਗੀ ਕਾਰਨ ਸੀਰੀਆ ਸਮੇਤ ਕੁਝ ਹੋਰ ਦੇਸ਼ਾਂ ਵੱਲੋਂ ਉਲੰਪਿਕ ਵਿਹੂਣੇ ਰਹਿਣ ਦਾ ਖਦਸ਼ਾ ਹੈ ਕਿਉਂਕਿ ਸੀਰੀਆ ਵਿਚ ਤਿਆਰੀ ਕਰਦੇ ਕਈ ਉਲੰਪੀਅਨ ਬਾਗੀ ਵਿਰੋਧੀ ਗੋਲੀਆਂ ਨਾਲ ਭੁੰਨੇ ਗਏ। ਪਰ ਲੰਡਨ ਉਲੰਪਿਕ ਵਿਚ ਜੁਲਾਈ ੨੭ ਤੋਂ ਸਮਾਪਤੀ ਸਮਾਰੋਹ ਤੱਕ ਇੰਗਲੈਂਡ ਫੋਜ ਤੇ ਪੁਲਿਸ ਖਿਡਾਰੀਆਂ ਕੋਚਾਂ ਪ੍ਰਬੰਧਕਾਂ ਤੇ ਦਰਸ਼ਕਾਂ ਦੀ ਸੁਰਖਿਆ ਦਾ ਖਾਸ ਧਿਆਨ ਰੱਖੇਗੀ। ਭਾਰਤ ਸਮੇਤ ਕਰੀਬ ੨੦੫ ਦੇਸ਼ ਉਲੰਪਿਕ ਵਿਚ ਜੇਤੂ ਜੌਹਰ ਵਿਖਾਉਣ ਲਈ ਆਪਣੇ ਆਪਣੇ ਕਮਰਕੱਸੇ ਕਰ ਰਹੇ ਹਨ। ਲੰਡਨ ਉਲੰਪਿਕ ਇਤਿਹਾਸਕ ਮਿਸਾਲ ਕਾਇਮ ਕਰੇਗਾ ਤੇ ਲੰਡਨ ਉਲੰਪਿਕ ਮਿਸ਼ਾਲ ਨਾਲ ਅਮਰੀਕੀ ਰਾਸ਼ਟਰਪਤੀ ਦੀ ਪਤਨੀ ਉਬਾਮਾ ਵੀ ਨਾਲ ਚਲ ਰਹੀ ਹੈ ਜਿਸ ਤੋਂ ਸੰਕੇਤ ਹੈ ਕਿ ਅਮਰੀਕਾ ਫਿਰ ਤਮਗਾ ਸੂਚੀ ਵਿਚ ਆਪਣੀ ਪਹਿਲੀ ਸਰਦਾਰੀ ਕਾਇਮ ਰੱਖਣ ਲਈ ਸਿਰਧੜ ਦੀ ਬਾਜੀ ਲਾਵੇਗਾ। ਭਾਰਤੀ ਖਿਡਾਰੀ ਹਾਕੀ, ਤੀਰ ਅੰਦਾਜ਼ੀ, ਮੁਕੇਬਾਜ਼ੀ, ਨਿਸ਼ਾਨੇਬਾਜ਼ੀ, ਕੁਸ਼ਤੀ, ਭਾਰ ਤੋਲਣ, ਤੈਰਾਕੀ, ਟੈਨਿਸ ਆਦਿ ਵਿਚ ਯੋਗਤਾ ਪਾਰ ਕਰ ਕੇ ਤਮਗੇ ਲਈ ਸਖਤ ਸੰਘਰਸ਼ ਕਰਨਗੇ।

ਲੰਡਨ ਉਲੰਪਿਕ ਵਿਚ ਸਭ ਤੋਂ ਵੱਡੀ ਚਣੌਤੀ ਇਸ ਵਾਰ ਇਹ ਵੀ ਹੈ ਕਿ ਵਲਡ ਐਂਟੀ ਡੋਪਿੰਗ ਏਜੰਸੀ ਅਤੇ ਲੰਡਨ ਉਲੰਪਿਕ ਖੇਡ ਪ੍ਰਬੰਧਕੀ ਕਮੇਟੀ ਵਲੋਂ ਉਲੰਪਿਕ ਖੇਡਾਂ ਵਿਚ ਹਿੱਸਾ ਲੈ ਕੇ ਜਿੱਤਣ ਵਾਲੇ ਤਮਗਾ ਹੋਲਡਰਾਂ ਦਾ ਕਿਸੇ ਵੀ ਵੇਲੇ ਖੂਨ ਨਸ਼ਾ ਚੈਕ ਕਰਕੇ ਨਤੀਜਾ ਸਹੀ ਹੋਣ ਦੀ ਸੂਰਤ ਵਿਚ ਜੇਤੂ ਉਲੰਪੀਅਨ ਤੋਂ ਤਮਗਾ ਖੋਹ ਕੇ ਉਸਨੂੰ ਭਵਿੱਖ ਵਿਚ ਖੇਡਣ ਤੋਂ ਵਾਂਝ ਕਰਨ ਦਾ ਜੁਰਮਾਨਾ ਲਗਾ ਸਕਦਾ ਹੈ। ਮੁਕਾਬਲੇ ਦੀ ਉਲੰਪਿਕ ਖੇਡ ਵਿਚ ਉਲੰਪਿਕ ਪ੍ਰਬੰਧਕਾਂ ਖਿਡਾਰੀਆਂ ਕੋਚਾਂ, ਲਈ ਹਰ ਪਲ ਸਖਤ ਚਣੌਤੀ ਤੇ ਅਗਨ ਪ੍ਰੀਖਿਆ ਦੀ ਘੜੀ ਹੋਵੇਗੀ। ਜ਼ਰਾ ਬਚ ਕੇ ਮੋੜ ਤੋਂ ਉਲੰਪਿਕ ਖੇਡਾਂ ਦੀ ਕਵਰਏਜ ਲਈ ਵਿਸ਼ਵ ਮੀਡੀਆ ਸਰਗਰਮ ਹੈ ਤੇ ਇਸ ਨਾਲ ਜੁਲਾਈ ਅਗਸਤ ਵਿਚ ਐਸਤ ਟੀ.ਵੀ. ਦਰਸ਼ਕ ਤੇ ਟੀ. ਵੀ. ਸੈਟ ਦੀ ਵਿਕਰੀ ਵੱਧ ਸਕਦੀ ਹੈ।

ਅਮਨ ਏਕਤਾ ਤੇ ਸਾਂਝੀਵਾਲਤਾ ਦਾ ਕਵੀ—ਉਸਤਾਦ ਦਾਮਨ

—ਸੁਵਰਨ ਸਿੰਘ ਵਿਰਕ



ਰਸੂਲ ਹਮਜ਼ਾਤੋਵ ਦਾ ਕੁਝ ਇਸ ਤਰ੍ਹਾਂ ਦਾ ਕਥਨ ਹੈ ਕਿ ਲੜਕੇ ਦਾ ਨਾਂ ਤਲਵਾਰਾਂ ਦੀ ਖੜਕਾਰ ਅਤੇ ਗ੍ਰੰਥਾਂ ਦੀ ਸਿਆਣਪ ਵਰਗਾ ਅਤੇ ਕੁੜੀਆਂ ਦਾ ਨਾਂਅ ਫੁੱਲਾਂ ਦੀ ਮਹਿਕ ਜਾਂ ਸੰਗੀਤ ਦੇ ਬੋਲਾਂ ਵਰਗਾ ਚਾਹੀਦਾ ਹੈ। ਮੈਂ ਇਹ ਤੇ ਭਰੋਸੇ ਨਾਲ ਨਹੀਂ ਕਹਿ ਸਕਦਾ ਕਿ ਉਸ ਸੁਹਿਰਦ ਪਿਤਾ ਨੇ, ਰਸੂਲ ਦਾ ਇਹ ਕਥਨ ਪੜ੍ਹਿਆ ਸੁਣਿਆ ਸੀ ਜਾਂ ਨਹੀਂ ਪਰ ਇਸ ਦੇ ਅਨਕੂਲ ਉਸ ਨੇ ਪੁੱਤਰ ਦਾ ਨਾਂਅ ਜੈ ਤੇਗ ਰੱਖਿਆ ਜੋ ਕਾਲਾਂਤਰ ਵਿਚ, ਜੈ ਤੇਗ ਸਿੰਘ ਅਨੰਤ ਹੋ ਗਿਆ। ਅਨੰਤ ਹੋਰਾਂ ਦੇ ਫੋਟੋ ਚਿੱਤਰ ਤਾਂ ਪੰਜਾਬੀ ਦੀਆਂ ਨਾਮਵਰ ਅਖ਼ਬਾਰਾਂ ਵਿਚ ਪਿਛਲੇ ਚਾਰ ਦਹਾਕਿਆਂ ਦੇ ਕਰੀਬ ਸਮੇਂ ਤੋਂ ਦਰਿਸ਼ਟੀਗੋਚਰ ਹੁੰਦੇ ਆ ਰਹੇ ਹਨ। ਉਹ ਪੰਜਾਬੀ ਦੇ ਸਾਹਿਤ ਦੇ ਖੇਤਰ ਵਿਚ ਵੀ ਅਨੰਤ ਗੁਣਾਂ ਦੇ ਭੰਡਾਰ ਹਨ, ਇਸ ਦਾ ਅਨੁਭਵ ਉਦੋਂ ਹੋਇਆ ਜਦੋਂ ਸੰਤ ਹਰਪਾਲ ਸਿੰਘ 'ਸੇਵਕ' ਹੋਰਾਂ ਤੋਂ ਕੁਝ ਵਰ੍ਹੇ ਪਹਿਲਾਂ ਅਨੰਤ ਜੀ ਦੁਆਰਾ ਸੰਪਾਦਿਤ, ਇਕ ਸਿਰਮੌਰ ਪੰਜਾਬੀ ਬੁੱਧੀ ਜੀਵੀ ਅਤੇ ਸਿੱਖ ਸਾਹਿਤ ਦੇ ਮਰਮੱਗ ਸਿਰਦਾਰ ਕਪੂਰ ਸਿੰਘ ਆਈ.ਸੀ.ਐਸ. ਬਾਰੇ ਦੋ ਪੁਸਤਕਾਂ ਪੜ੍ਹਨ ਨੂੰ ਮਿਲੀਆਂ। ਐਤਕੀਂ ਲੁਧਿਆਣੇ ਪੰਜਾਬੀ ਸਾਹਿਤ ਅਕਾਦਮੀ ਦੀਆਂ ਚੋਣਾਂ ਵਾਲੇ ਦਿਨ ਉਹਨਾਂ ਦੇ ਖੁੱਲ੍ਹੇ ਦਰਸ਼ਨ ਦੀਦਾਰੇ ਵੀ ਹੋਏ ਅਤੇ ਵਿਦਿਆਰਥੀ ਜੀਵਨ ਤੋਂ ਮੇਰੇ ਮਨ ਪਸੰਦ, ਪੰਜਾਬੀ ਦੇ ਹੋ ਗੁਜ਼ਰੇ ਸ਼ਾਇਰ, ਉਸਤਾਦ ਦਾਮਨ ਹੋਰਾਂ ਬਾਰੇ, ਉਹਨਾਂ ਦੁਆਰਾ ਸੰਪਾਦਿਤ ਪੁਸਤਕ 'ਬੇਨਿਆਜ਼ ਹਸਤੀ ਉਸਤਾਦ ਦਾਮਨ' ਵੀ ਪ੍ਰਾਪਤ ਹੋਈ।

ਪਹਿਲੀ ਗੱਲ ਕਿ ਜਿਹੜਾ ਕੰਮ ਹੋਰ ਕਈ ਨਾ ਕਰੇ, ਬੇਸ਼ਕ ਉਹ ਮੁਸ਼ਕਿਲ ਹੁੰਦਾ ਹੈ ਪਰ ਉਸਨੂੰ ਕੋਈ ਕੋਈ ਸੂਰਮਾ ਹੱਥ ਪਾ ਹੀ ਲੈਂਦਾ ਹੈ। ਜਿਹੜਾ ਕੰਮ ਕਰਨਾ ਜਿੱਡਾ ਮੁਸ਼ਕਿਲ ਹੁੰਦਾ ਹੈ, ਉਤਨਾ ਹੀ ਇਹ ਉਹ ਕੰਮ ਜ਼ਰੂਰੀ ਵੀ ਹੁੰਦਾ ਹੈ। ਸੋ ਜ਼ਰੂਰੀ ਅਤੇ ਮੁਸ਼ਕਿਲ ਕੰਮਾਂ ਨੂੰ ਸਿਰੇ ਚੜ੍ਹਾਉਣਾ, ਸ. ਜੈ ਤੇਗ ਸਿੰਘ ਅਨੰਤ ਹੋਰਾਂ ਦੀ ਫ਼ਿਤਰਤ ਵਿਚ ਸ਼ਾਮਲ ਹੈ। ਜਿਸ ਤਰ੍ਹਾਂ ਸਰਦਾਰ ਕਪੂਰ ਸਿੰਘ ਨੇ ਆਪਣੇ ਸਮੇਂ ਆਪਣੀਆਂ ਲਿਖਤਾਂ ਅਤੇ ਵਿਚਾਰਾਂ ਦੁਆਰਾ, ਪੰਜਾਬੀ ਕੌਮ ਅਤੇ ਸਿੱਖ ਸਮੁਦਾਇ ਦੀ ਘਾੜਤ ਵਿਚ, ਆਪਣੀ ਬੁੱਧ ਅਨੁਸਾਰ ਯੋਗਦਾਨ ਪਾਇਆ, ਇਵੇਂ ਹੀ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਬੁਲੰਦ ਪਰਚਮ, ਅੱਧੀ ਸਦੀ ਤੋਂ ਵੱਧ ਸਮਾਂ, ਉਸਤਾਦ ਦਾਮਨ ਨੇ, ਆਪਣੇ ਹੱਥਾਂ ਵਿਚ ਬੜੀ ਮਜ਼ਬੂਤੀ ਨਾਲ ਸੰਭਾਲੀ ਰੱਖਿਆ। ਦੋਵੇਂ ਸ਼ਖਸੀਅਤਾਂ ਨੂੰ ਸਾਥੋਂ ਵਿਛੜਿਆਂ ਤਿੰਨ ਦਹਾਕਿਆਂ ਦੇ ਕਰੀਬ ਸਮਾਂ ਹੋ ਚੁੱਕਾ ਹੈ। ਇਤਨੇ ਸਮੇਂ ਬਾਅਦ ਉਹਨਾਂ ਵਿਅਕਤੀਆਂ ਬਾਰੇ ਸੰਸਕਰਣ ਲਿਖਣ ਵਾਲੇ ਲੱਭਣੇ, ਸੌਖਾ ਕੰਮ ਨਹੀਂ ਹੁੰਦਾ ਪਰ ਉਸਤਾਦ ਦਾਮਨ ਦੇ ਬਹੁਤ ਸਾਰੇ ਹਮਖਿਆਲੀਆਂ, ਅਨੁਆਈਆਂ, ਮਿਲਣ ਗਿਲਣ ਵਾਲਿਆਂ, ਪੱਛਮੀ ਤੇ ਪੂਰਬੀ ਪੰਜਾਬ ਦੇ ਕਲਮਕਾਰਾਂ ਤੋਂ ਉਹਨਾਂ ਬਾਰੇ ਵਡਮੁੱਲੀ ਜਾਣਕਾਰੀ ਲਿਖਵਾ ਕੇ, ਅਨੰਤ ਜੀ ਨੇ ਪੰਜਾਬੀ ਸਾਹਿਤ ਦੇ ਖੇਤਰ ਵਿਚ ਨਾਮਣੇ ਵਾਲਾ ਕੰਮ ਕੀਤਾ ਹੈ। ਲੋਕਾਂ ਦੇ ਮਹਿਬੂਬ ਸ਼ਾਇਰ ਪ੍ਰਤੀ ਇਕ ਜਾਗਰੂਕ ਸੰਪਾਦਕ ਨੇ, ਬੇਸ਼ ਕੀਮਤੀ ਢੋਆ ਅਕੀਦਤ ਦੇ ਤੌਰ ਤੇ ਪੇਸ਼ ਕਰਕੇ, ਕਰੋੜਾਂ ਪੰਜਾਬੀ ਪਿਆਰਿਆਂ ਦੀਆਂ ਖੁਸ਼ੀਆਂ ਲੁੱਟ ਲਈਆਂ ਹਨ।

ਪੁਸਤਕ ਦੀ ਗੱਲ ਕਰਨ ਤੋਂ ਪਹਿਲਾਂ ਆਪਣੀ ਯਾਦਾਂ ਦ ਪਟਾਰੀ ਫੋਲਣ ਤੇ ਵੀ ਜੀਅ ਕਰ ਆਇਆ ਹੈ। ਗੁਰੂ ਨਾਨਕ ਦੇਵ ਜੀ ਦਾ ਪੰਜ ਸੌ ਸਾਲਾ ਗੁਰਪੁਰਬ ਵਿਸ਼ਵ ਭਰ ਵਿਚ ਮਨਾਇਆ ਜਾ ਰਿਹਾ ਸੀ। ਮੈਂ ਨੈਸ਼ਨਲ ਕਾਲਿਜ ਸਿਰਸਾ ਵਿਚ ਪੜ੍ਹਦਾ ਸਾਂ। ਸਾਡੇ ਰਾਜਨੀਤੀ ਵਿਗਿਆਨ ਦੇ ਪ੍ਰੋਫੈਸਰ ਹਰਦਿਆਲ ਸਿੰਘ ਹੋਰਾਂ ਨੇ ਆਪਣਾ ਤੇ ਮੇਰਾ ਪਾਸਪੋਰਟ ਬਨਣਾ ਦੇ ਦਿੱਤਾ। ਪ੍ਰੋਫੈਸਰ ਸਾਹਿਬ ਸਮਾਜਵਾਦੀ ਵਿਚਾਰਾਂ ਦੇ ਸਨ ਅਤੇ ਹਰਿਆਣਾ ਦੀ ਬੰਸੀ ਲਾਲ ਸਰਕਾਰ ਨੂੰ ਰੜਕਦੇ ਸਨ। ਸੋ ਉਹਨਾਂ ਦਾ ਪਾਸਪੋਰਟ ਤਾਂ ਨਾ ਬਣਿਆ, ਮੇਰਾ ਬਣ ਗਿਆ। ਇਉਂ ਕੱਤਕ ਪੂਰਨਮਾਸ਼ੀ ਦੇ ਸਮੇਂ ਅਸੀਂ ਹਸੈਨੀਵਾਲਾ ਬਾਰਡਰ ਲੰਘ ਕੇ ਕਸੂਰੋਂ ਰਾਤ ਦੇ ੯-੧੦ ਵਜੇ ਤੂਰੀਆਂ ਗੱਡੀਆਂ ਵਿਚ ਅਗਲੇ ਦਿਨ ਸਵੇਰੇ ਨਨਕਾਣੇ ਸਾਹਿਬ ਪੁੱਜ ਗਏ। ੨੧ ਨਵੰਬਰ ੧੯੬੯ ਨੂੰ ਗੁਰੂ ਨਾਨਕ ਇੰਟਰਮੀਡੀਏਟ ਕਾਲਜ ਦੀ ਗਰਾਊਂਡ ਵਿਚ ਸ਼ਾਮ ਜਿਹੇ ਇਕ ਪ੍ਰੋਗਰਾਮ ਹੋਇਆ ਜਿਸ ਵਿਚ ਭਾਰਤ ਦੇ ਜਥੇ ਵਿਚ ਗਏ ਅਤੇ ਪਾਕਿਸਤਾਨੀ ਪੰਜਾਬੀ ਸਿਆਣਿਆਂ ਨੇ ਸ਼ਿਕਰਤ ਕੀਤੀ। ਉਸਤਾਦ ਦਾਮਨ ਦੇ ਮੈਂ ਇਕ ਮਾਤਰ ਦਰਸ਼ਨ ਉਸ ਦਿਨ ਹੀ ਕੀਤੇ ਸਨ। ਭਲਵਾਨੀ ਜੁੱਸੇ ਵਾਲੇ ਠੇਠ ਦੇਸੀ ਪਹਿਰਾਵੇ ਵਾਲੇ ਬਜ਼ੁਰਗਾਂ ਨੇ ਹੰਝੂ ਵਹਾਉਂਦੀਆਂ ਅੱਖਾਂ ਨਾਲ ਸਟੇਜ ਤੇ ਕਵਿਤਾ ਪੜ੍ਹਨ ਲਈ ਦਰਸ਼ਨ ਦਿੱਤੇ। ਉਦੋਂ ਪਤਾ ਨਹੀਂ ਸੀ ਕਿ ਇਸ ਬਾਬੇ ਨੂੰ ਕੀ ਮਰਜ਼ ਹੈ। ਹੁਣ ਸਮਝ ਪੈਂਦੀ

ਹੈ ਕਿ ਸਿੱਖ ਸੰਗਤਾਂ, ਜਿਹੜੀਆਂ ਵੰਡ ਤੋਂ ਪਹਿਲਾਂ ਗੁਰਪੁਰਬਾਂ ਸਮੇਂ ਉਸ ਦੀਆਂ ਕਵਿਤਾਵਾਂ ਦੀ ਹਰ ਤਰ੍ਹਾਂ ਦੀ ਭਰਪੂਰ ਦਾਦ ਦਿੰਦੀਆਂ ਸਨ, ਉਹਨਾਂ ਦਾ ਵੱਡਾ ਇਕੱਠ ਸਾਹਵੇਂ ਵੇਖ ਕੇ ਉਹ ਜਜ਼ਬਾਤੀ ਹੋ ਗਏ ਸਨ।

ਖ਼ੈਰ ਕੁਝ ਸਹਿਜ ਹੋਣ ਲਈ ਉਹਨਾਂ ਮੰਚ ਤੋਂ ਬੁਲੰਦ ਆਵਾਜ਼ ਵਿਚ "ਜੋ ਬੋਲੇ ਸੋ ਨਿਹਾਲ" ਜੈਕਾਰਾ ਛੱਡਿਆ। ਸਿੱਖ ਸੰਗਤਾਂ ਇਸ ਇਕੱਠ ਵਿਚ ਪਾਕਿਸਤਾਨ ਦੇ ਵਜ਼ੀਰ, ਹਾਈਕੋਰਟ ਦੇ ਜੱਜ ਹੋਰ ਸਿਵਿਲ ਪੁਲਿਸ ਦੇ ਵੱਡੇ ਅਫਸਰਾਂ ਦੇ ਪ੍ਰਭਾਵ ਵਿਚ ਜਾਂ ਬਿਗਾਨੇ ਦੇਸ ਜਿਸ ਨਾਲ ਚਾਰ ਕੁਵਰ੍ਹੇ ਪਹਿਲਾਂ ਲੜਕੇ ਹਟੇ ਸਨ ਉਹਦਾ ਅਸਰ, ਉਹਨਾਂ ਬੜੀ ਲਿਸੀ ਜਿਹੀ ਸਤਿ ਸ੍ਰੀ ਅਕਾਲ, ਉਸਤਾਦ ਹੋਰਾਂ ਦੇ ਜੈਕਾਰੇ ਦੇ ਉਤਰ ਵਿਚ ਬੋਲੀ ਜਿਹਦੀ ਆਵਾਜ਼ ਉਹਨਾਂ ਦੀਆਂ ਕੁਰਸੀਆਂ ਦੁਆਲੇ ਪੰਡਾਲ ਦੇ ਪਰਦਿਆਂ ਨਾਲ ਟਕਰਾਅ ਕੇ ਅੰਦਰ ਹੀ ਦਮ ਤੋੜ ਗਈ। ਉਸਤਾਦ ਹੁਣ ਤਾਅ ਖਾ ਗਿਆ ਸੀ "ਓਇ ਭੈੜਿਓ ਤੁਹਾਨੂੰ ਕੀ ਹੋ ਗਿਆ ਏ, ਉਇ ਤੁਸੀਂ ਗੁਰੂ ਕਲਗੀਧਰ ਦੇ ਸਿੱਖ ਓ! ਤੇ ਏਨੀ ਮੇਰੀ ਆਵਾਜ਼ ਵਿਚ ਮੇਰੇ ਜੈਕਾਰੇ ਦਾ ਜੁਆਬ ਦਿੰਦੇ ਓ। ਉਇ ਉਹ ਜੈਕਾਰਾ ਛੱਡੋ! ਜਿਹੜਾ ਨੌਸ਼ਹਿਰੇ ਦੀ ਜੰਗ ਵਿਚ ਅਕਾਲੀ ਫੂਲਾ ਸਿੰਘ ਨੇ ਛੱਡਿਆ ਸੀ, ਜਿਹੜਾ ਸਭਰਾਵਾਂ ਦੇ ਮੈਦਾਨ ਵਿਚ ਸ਼ਾਮ ਸਿੰਘ ਅਟਾਰੀ ਵਾਲੇ ਨੇ ਗਜਾਇਆ ਸੀ।" ਤੇ ਹੁਣ ਜੈਕਾਰੇ ਪਰਦਿਆਂ ਨੂੰ ਪਾੜ ਕੇ ਨਨਕਾਣਾ ਸਾਹਿਬ ਦੇ ਲੰਮ ਸਲੰਮੇ ਬਾਜ਼ਾਰ ਵਿਚ ਵੀ ਗੂੰਜਾ ਪਾ ਰਹੇ ਸਨ ਤੇ ਫਿਰ ਉਹਨੇ ਗੁਰੂ ਬਾਬੇ ਬਾਰੇ ਦੋ ਤਿੰਨ ਬੜੇ ਫੱਬਵੇਂ ਬੰਦ ਸੁਣਾ ਕੇ ਅਖੀਰ ਵਿਚ "ਏਧਰ ਵੀ ਬੜਾ ਰੌਲਾ ਪਾਉਂਦੇ ਨੇ ਉਰਦੂ ਵਾਲੇ ਤੇ ਤੁਹਾਡੇ ਵੱਲ ਵੀ ਸੁਣਦਿਆਂ ਪਈ ਹਿੰਦੀ ਵਾਲੇ ਵੀ ਸ਼ੋਰ ਮਚਾਉਣ ਡਹੇ ਨੇ ਅਖੇ ਪੰਜਾਬੀ ਨਹੀਂ ਹੁਣ ਰਹਿਣ ਦੇਣੀ। ਕਿਹੜਾ ਜੰਮਿਆ ਏ ਏਥੋਂ ਪੰਜਾਂ ਦਰਿਆਵਾਂ ਦੀ ਧਰਤੀ ਤੋਂ ਪੰਜਾਬੀ ਨੂੰ ਕੱਢਣ ਵਾਲਾ ਲਓ ਆਖਰੀ ਬੰਦ ਤੁਹਾਨੂੰ ਸੁਣਾਦਿਆਂ—

"ਏਥੇ ਬੋਲੀ ਪੰਜਾਬੀ ਓਈ ਬੋਲੀ ਜਾਵੇਗੀ,
ਹਿੰਦੀ ਉਰਦੂ ਕਿਤਾਬਾਂ 'ਚ ਛਣਦੀ ਰਹੇਗੀ।
ਇਹਦਾ ਪੁਤ ਹਾਂ ਇਹਦੇ ਤੋਂ ਦੁੱਧ ਮੰਗਣਾ,
ਮੇਰੀ ਭੁੱਖ ਇਹਦੀ ਛਾਤੀ ਤਣਦੀ ਰਹੇਗੀ।
ਭਾਵੇਂ ਲੱਖ ਇਹਦੇ ਵੈਰੀ ਹੋਣ ਪੈਦਾ,
ਦਿਨੋਂ ਦਿਨ ਇਹਦੀ ਸ਼ਕਲ ਬਣਦੀ ਰਹੇਗੀ।
ਉਦੋਂ ਤੀਕ ਪੰਜਾਬੀ ਤੇ ਨਹੀਂ ਮਰਦੀ,
ਜਦੋਂ ਤੀਕ ਪੰਜਾਬਣ ਕੋਈ ਜਣਦੀ ਰਹੇਗੀ।

ਇਸ ਘਟਨਾ ਤੋਂ ਕੋਈ ਵੀਹ ਕੁ ਵਰ੍ਹੇ ਬਾਅਦ, ਉਸਤਾਦ ਹੋਰਾਂ ਦੀ ਜੀਵਨੀ ਸਬੰਧੀ ਲਿਖਿਆ ਤੇ ਪਿਆਰਾ ਸਿੰਘ ਸਹਿਰਾਈ ਦੁਆਰਾ ਸ਼ਾਹ ਮੁਖੀ ਤੋਂ ਗੁਰਮੁਖੀ ਵਿਚ ਲਿਪੀ ਅੰਤਰ' ਕੀਤਾ, ਪ੍ਰਸਿੱਧ ਨਾਵਲ 'ਭੁੱਬਲ' ਪੜ੍ਹ ਕੇ, ਫਿਰ ਉਸਤਾਦ ਜੀ ਦਾ ਵਿਗੋਚਾ ਮਹਿਸੂਸ ਹੋਇਆ ਕਿ ਜੇ ਉਹ ਜੀਵਿਤ ਹੁੰਦੇ ਤਾਂ ਅਨਜਾਣਪੁਣੇ ਦੀ ਉਮਰ ਤੋਂ ਬਾਅਦ, ਹੁਣ ਕਿਤੇ ਉਹਨਾਂ ਦੇ ਦਰਸ਼ਨਾਂ ਦਾ ਸਬੱਬ ਬਣਾਉਂਦੇ। ਉਸ ਨਾਵਲ ਬਾਰੇ ਮੈਂ ਕੋਈ ਆਲੇਖ ਵੀ ਲਿਖਿਆ ਸੀ ਜਿਸ ਦੀ ਸ਼ਾਹਮੁਖੀ ਵਿਚ ਲਿਪੀਅੰਤਰ ਕਰਕੇ ਇਕ ਕਾਪੀ, ਮੇਰੇ ਪਿੰਡ ਦੇ ਜਨਾਬ ਚੰਨਣ ਸਿੰਘ ਵਿਰਕ, ਲਾਹੌਰ ਜਾ ਕੇ ਫ਼ਰਜੰਦ ਅਲੀ ਹੋਰਾਂ ਨੂੰ ਦੇ ਵੀ ਆਏ ਸਨ। ਬਾਅਦ ਵਿਚ ਫ਼ਰਜੰਦ ਅਲੀ ਹੋਰਾਂ ਭੁੱਬਲ ਨੂੰ ਹਿੰਦੀ ਵਿਚ ਲਿਪੀਅੰਤਰ ਕਰਨ ਦੀ ਇੱਛਾ ਪ੍ਰਗਟ ਕੀਤੀ। ਮੈਂ ਕੁਝ ਵਿਦਵਾਨਾਂ ਨੂੰ ਇਸ ਕਾਰਜ ਲਈ ਗਾਰੇ ਬਗਾਰੇ ਟੋਹਦਾ ਰਿਹਾ। ਹੁਣ ਸਿਰਸੇ ਦੇ ਹੀ ਇਕ ਸੱਜਣ ਪਰਮਾਨੰਦ ਸ਼ਾਸਤਰੀ ਜੀ ਨੇ, ਜਿਹਨਾਂ ਗੁਰਦਿਆਲ ਸਿੰਘ ਹੋਰਾਂ ਦੇ 'ਪਰਸਾ' ਨਾਵਲ ਦਾ ਹਿੰਦੀ ਵਿਚ ਅਨੁਵਾਦ ਕੀਤਾ ਹੈ, ਮੈਨੂੰ ਹਾਮੀ ਤੇ ਭਰ ਦਿੱਤੀ ਹੈ। ਜੇ ਏਨੀਆਂ ਭਾਸ਼ਾਵਾਂ ਸਿੱਖਣ ਵਾਲੇ ਉਸਤਾਦ ਜੀ ਬਾਰੇ ਲਿਖਿਆ ਨਾਵਲ, ਗੁਆਂਢ ਦੀਆਂ ਦੋ ਤਿੰਨ ਭਾਸ਼ਾਵਾਂ ਵਿਚ ਛਪ ਜਾਏ ਤਾਂ ਚੜ੍ਹਦੇ ਪੰਜਾਬ ਦਾ, ਲਹਿੰਦੇ ਪੰਜਾਬ ਦੀ ਝੋਲੀ ਵਿਚ ਇਕ ਸ਼ਗਨ ਗਿਣਿਆ ਜਾਏਗਾ।

ਖ਼ੈਰ ਏਨਾ ਕੁ ਤੇ ਸੀ ਮੇਰਾ ਜ਼ਾਤੀ ਉਸਤਾਦ ਦਾਮਨ। ਹੁਣ ਆਪਾਂ ਉਹਨਾਂ ਦੇ ਦਰਸ਼ਨ ਜੈ ਤੇਗ ਸਿੰਘ ਅਨੰਤ ਹੋਰਾਂ ਦੇ ਝਰੋਖੇ ਵਿਚੋਂ ਕਰਦੇ ਹਾਂ। ਇਕਤਾਲੀ ਦਾਨਸ਼ਵਰਾਂ ਜਿਹਨਾਂ ਵਿਚ ਲਹਿੰਦਾ ਚੜ੍ਹਦਾ ਪੰਜਾਬ ਅਤੇ ਬਾਹਰਲੇ ਮੁਲਕਾਂ ਵਿਚ ਵੀ ਰਹਿਣ ਵਾਲਿਆਂ ਨੇ ਆਪੋ ਆਪਣੀਆਂ ਕਲਮਾਂ ਦੀ ਨੋਕ ਨਾਲ ਉਸਤਾਦ ਹੋਰਾਂ ਨੂੰ, ਭਿੰਨ-ਭਿੰਨ ਰੰਗ ਰੂਪਾਂ ਵਿਚ ਚਿਤਰਿਆ ਏ। ਇਹਨਾਂ ਵਿਚ ਕੁਝ ਬੜੀਆਂ ਜਾਣੀਆਂ ਪਹਿਚਾਣੀਆਂ ਅਦਬੀ ਜਗਤ ਦੀਆਂ ਅਹਿਮ ਸਖਸ਼ੀਅਤਾਂ ਵੀ ਨੇ ਜਿਹਾ ਕਿ ਭੂਮਿਕਾ ਲੇਖਕ ਡਾ. ਕਰਨੈਲ ਸਿੰਘ ਥਿੰਦ, ਪਿਆਰਾ ਸਿੰਘ ਸਹਿਰਾਈ, ਜਸਵੰਤ ਸਿੰਘ ਕੰਵਲ, ਮਨੂ ਭਾਈ, ਰਾਜਾ ਰਸਾਲੂ, ਡਾ. ਜਗਤਾਰ, ਅਹਿਮਦ ਸਲੀਮ, ਗੁਰਚਰਨ ਰਾਮਪੁਰੀ, ਸਰਦਾਰ ਪੰਛੀ, ਫਰਜ਼ੰਦ ਅਲੀ, ਪ੍ਰੋ. ਆਸ਼ਕ ਰਹੀਲ, ਇਕਬਾਲ ਕੈਸਰ, ਡਾ. ਨਿਰਮਲ ਸਿੰਘ, ਡਾ. ਮਨਜੀਤ ਸਿੰਘ ਰੰਧਾਵਾ, ਜੋਗਿੰਦਰ ਸ਼ਮਸ਼ੇਰ, ਸਿਰੀ ਰਾਮ ਅਰਸ਼, ਮਸਊਦ ਚੌਧਰੀ, ਦਰਸ਼ਨ ਸਿੰਘ ਆਸ਼ਟ, ਅਮੀਨ ਮਲਿਕ ਆਦਿ। ਕੁਝ ਹੋਰ ਸੱਜਣ ਵੀ ਨੇ ਜੋ ਬੇਸ਼ਕ ਥੋਹੜਾ ਲਿਖਦੇ ਨੇ ਪਰ ਵਧੀਆ ਲਿਖਦੇ ਨੇ ਅਭੈ ਸਿੰਘ, ਮੁਹੰਮਦ ਅਸਗਰ ਭੱਟੀ, ਹੁਸੈਨ ਸ਼ਾਦ, ਅਸਲਮ ਹਿਯਾਤ, ਸੋਮ ਆਨੰਦ, ਤਲਵਿੰਦਰ ਸਿੰਘ, ਡਾ. ਜਗਜੀਤ ਕੌਰ ਜੌਲੀ ਆਦਿ। ਇਹ ਸਾਰੇ ੪੧ ਲੇਖ, ਸਮੇਤ ਅਨੰਤ ਹੋਰਾਂ ਦੀ ਸੰਪਾਦਕੀ ਅਤੇ ਪਹਿਲਾ ਲੇਖ 'ਬੇਨਿਆਜ਼ ਹਸਤੀ ਉਸਤਾਦ ਦਾਮਨ' ਰਲ ਮਿਲ ਕੇ ਪਾਠਕ/

ਸਰੋਤੇ ਦੇ ਮਨਾਂ ਵਿਚ ਉਸਤਾਦ ਦਾਮਨ ਦਾ ਜੋ ਬਿੰਬ ਉਸਾਰਦੇ ਹਨ ਮੈਂ ਉਹ ਆਪਣੇ ਮੋਟੇ ਠੁੱਲੇ ਲਫਜ਼ਾਂ ਵਿਚ ਸੰਖੇਪ ਵਿਚ ਅਰਜ਼ ਕਰਾਂਗਾ।

ਉਸਤਾਦ ਦਾਮਨ ਵਿਚ ਸਾਂਝੇ ਪੰਜਾਬ ਦੀ ਰੂਹ ਦਾ ਨਿਵਾਸ ਸੀ। ਉਹ ਪੰਜਾਬੀ ਕਿਰਦਾਰ ਦਾ ਇਕ ਪ੍ਰਤੀਨਿਧ ਪਾਤਰ ਬਣ ਚੁੱਕਾ ਹੈ। ਉਹ ਵੱਡਿਆਂ ਤੋਂ ਕੰਨੀ ਕਤਰਾਉਣ ਵਾਲਾ ਅਤੇ ਛੋਟਿਆਂ ਨਾਲ ਜੁੜ ਕੇ ਉਹਨਾਂ ਵਿਚ ਵੱਡਪਣ ਦਾ ਅਹਿਸਾਸ ਭਰ ਦੇਣ ਵਾਲਾ, ਵੱਡਾ ਬੰਦਾ ਸੀ। ਉਹ ਕਿਰਤ ਦੀ ਕਰਤਾਰੀ ਸ਼ਕਤੀ ਤੋਂ ਭਲੀ ਭਾਂਤ ਵਾਕਿਫ ਸੀ। ਆਪਣੇ ਜੀਵਨ ਦਾ ਗਡੀਹਰਾ ਰੇਹੜਨ ਲਈ ਉਹਨੂੰ ਬੜੇ ਪਾਪੜ ਵੇਲਣੇ ਪਏ। ਉਹਦੀਆਂ ਨਜ਼ਰਾਂ ਵਿਚ ਕੋਈ ਕੰਮ ਛੋਟਾ ਨਹੀਂ ਸੀ। ਉਹਨੂੰ ਆਪਣੇ ਪਰਿਵਾਰਕ ਪਿਛੋਕੜ ਤੇ ਮਾਣ ਸੀ। ਉਹ ਮਿਹਨਤੀ ਅਤੇ ਦਿਲਦਾਰ ਮਾਂ, ਅਤਿ ਸਾਊ, ਹਮੇਸ਼ਾ ਕੰਮ ਵਿਚ ਜੁੱਟੇ ਰਹਿਣ ਵਾਲੇ ਪਿਤਾ ਦੀ ਜੇ ਤਾਰੀਫ ਕਰਦਾ ਨਹੀਂ ਥੱਕਦਾ ਤਾਂ ਰੰਘੜ ਸੁਭਾਉ ਵਾਲੇ ਬੇਰਹਿਮ ਤੇ ਹਿਰਸੀ ਦਾਦੇ ਨੂੰ ਹਰ ਮਹਿਫਲ ਵਿਚ ਬਹਿ ਕੇ, ਪਾਣੀ ਪੀ ਪੀ ਕੇ ਕੋਸਣੋਂ ਨਹੀਂ ਸੰਗਦਾ। ਹਰਨਾਖਸ਼ ਦੇ ਘਰ ਜੰਮਣ ਵਾਲੇ ਭਗਤ ਪ੍ਰਹਿਲਾਦ ਜਿਉਂ, ਇਸ ਪੋਤਰੇ ਨੇ ਸਾਰੀ ਉਮਰ ਜੋ ਆਕੜ ਕੇ ਜਿਉਣ, ਧੌਣ ਉਚੀ ਕਰ ਕੇ ਟੁਰਨ ਅਤੇ ਅਣਖ ਨਾਲ ਵੱਸਣ ਦੀ ਜੋ ਗੁੜਤੀ ਲਈ ਸੀ, ਉਹ ਭਾਵੇਂ ਉਸਨੂੰ ਆਪਣੇ ਮੁਆਸ਼ਰੇ ਵਿਚੋਂ ਮਿਲੀ ਸੀ, ਪਰ ਮਿਲਣੀ ਉਦੋਂ ਸ਼ੁਰੂ ਹੋਈ ਹੋਵੇਗੀ ਜਦੋਂ ਉਸ ਦਾਦੇ ਦੀਆਂ ਲਾਲ ਸੂਹੀਆਂ ਅੱਖੀਆਂ ਵਿਚ ਆਪਣੀਆਂ ਬਾਲ ਅੱਖੀਆਂ ਪਾ ਕੇ, ਪਹਿਲੀ ਵੇਰ ਉਸ ਵੱਲ ਵੇਖਿਆ ਹੋਏਗਾ। ਉਹਨੂੰ ਕਿਸੇ ਜੇ ਕਿਹਾ ਕਿ ਤੂੰ ਬੜਾ ਸਾਫ ਗੋ ਹੈਂ, ਤੇਰੇ ਅੰਦਰ ਮੈਲ ਨਹੀਂ, ਤੂੰ ਹਮੇਸ਼ਾਂ ਵਿੱਥਾਂ ਵਧਾਉਂਦਾ ਨਹੀਂ ਸਗੋਂ ਘਟਾਉਂਦਾ ਰਹਿੰਦਾ ਹੈ ਤਾਂ ਉਹ ਬੜੇ ਤਪਾਕ ਨਾਲ ਉਤਰ ਦਿੰਦਾ, "ਮੇਰੇ ਅੰਦਰ ਮੈਲ ਤਾਂ ਨਹੀਂ ਕਿਉਂ ਜੁ ਮੇਰੀ ਮਾਂ ਧੋਬਣ ਸੀ। ਉਹ ਸਾਰੀ ਉਮਰ ਲੋਕਾਂ ਦੇ ਕੱਪੜਿਆਂ ਦੀ ਮੈਲ ਹੀ ਤਾਂ ਧੋਂਦੀ ਰਹੀ ਤੇ ਮੈਂ ਮੁਹੱਬਤ ਅਮਨ ਏਕਤਾਂ ਦੇ ਨਗ਼ਮੇ, ਜੋੜਨ ਦਾ ਕੰਮ ਕਰਨ ਲਈ, ਇਸ ਲਈ ਗਾਉਂਦਾ ਹਾਂ ਕਿ ਮੇਰਾ ਪਿਉ ਦਰਜ਼ੀ ਸੀ, ਉਹ ਸਾਰੀ ਉਮਰ ਕੱਪੜੇ ਸਿਉਂਦਾ ਰਿਹਾ ਤੇ ਮੈਂ ਆਪਣੇ ਸ਼ੇਅਰਾਂ ਵਿਚ ਮੁਹੱਬਤ ਦੀਆਂ ਟਾਕੀਆਂ ਗੰਢਣ ਤੁੱਪਣ ਦਾ ਕੰਮ ਕੀਤਾ ਹੈ। ਜੱਦੀ ਪੁਰਖੀ ਪੇਸ਼ੇ ਦੀ ਐਡੀ ਬੇਬਾਕੀ ਨਾਲ ਤਸਵੀਰ ਕਸ਼ੀ ਕਰਨ ਦੀ ਉਹਨਾਂ ਪਾਸ ਹੀ ਹਿੰਮਤ ਸੀ।

ਉਸਤਾਦ ਸ਼ਾਹੀ ਦਸਤਰਖਾਨ ਤੇ ਵਿਸ਼ੇ ਪਕਵਾਨ ਛੱਡ ਸਕਦਾ ਹੈ। ਸੱਤਾ ਨੇ ਜਦੋਂ ਜਦੋਂ ਵੀ ਉਸ ਦਾ ਮੁੱਲ ਪਾਉਣਾ, ਚਾਹਿਆ ਉਹ ਮੰਡੀ ਦਾ ਮਾਲ ਨਾ ਬਣਿਆ। ੭੩ ਕੁ ਸਾਲ ਉਮਰ ਦੇ ਜੋ ਉਸਨੂੰ ਮਿਲੇ, ਅੱਧੀ ਸਦੀ ਉਸਨੇ ਸ਼ਾਇਰੀ ਦੇ ਲੇਖੇ ਲਾਈ। ਇਹ ਬਹੁਤ ਬੁਲੰਦ ਪਰਵਾਜ਼ ਸ਼ਾਇਰੀ ਹੈ। ਉਸ ਦੀ ਕਵਿਤਾ ਸ਼ਾਹ ਹੁਸੈਨ ਤੇ ਬੁੱਲ੍ਹੇ ਜਿਉਂ ਤਸੱਵਫ ਦੇ ਰੰਗ ਵਿਚ ਵੀ ਰੰਗੀ ਹੈ ਤੇ ਉਹਨਾਂ ਜਿਉਂ ਪੰਜਾਬੀ ਰਹਿਤਲ ਦੇ ਹਵਾਲੇ ਨਾਲ ਔਖੀ ਤੋਂ ਔਖੀ ਗੱਲ ਸੌਖੇ ਸ਼ਬਦਾਂ ਵਿਚ ਕਰਨੀ ਵੀ ਜਾਣਦੀ ਹੈ। ਇਹ ਕਵਿਤਾ ਵਾਰਿਸ ਸ਼ਾਹ ਜਿਉਂ ਇਸ਼ਕ ਦੇ ਸ਼ਾਹ ਸਵਾਰਾਂ ਦੀ ਕਵਿਤਾ ਹੈ। ਹਾਸ਼ਮ ਸ਼ਾਹ ਜਿਉਂ ਬ੍ਰਿਹੋਂ ਦੇ ਥਲ ਵਿਚ ਭੁੱਜਦੀਆਂ ਲੁੱਛਦੀਆਂ ਜਾਨਾਂ ਦੀ ਕਵਿਤਾ ਹੈ। ਸ਼ਾਹ ਮੁਹੰਮਦ ਜਿਉਂ ਪੰਜਾਬ ਦੀ ਆਨ ਸ਼ਾਨ ਲਈ ਕੁਰਬਾਨ ਹੋਣ ਵਾਲਿਆਂ ਦੀ ਕਵਿਤਾ ਹੈ। ਸਾਡੀ ਗੁਰਬਾਣੀ ਜਿਉਂ ਨਿਥਾਂਵਿਆਂ, ਨਿਤਾਣਿਆਂ, ਨਿਮਾਣਿਆਂ ਦੀ ਥਾਂ, ਤਾਣ ਅਤੇ ਮਾਣ ਬਣਨ ਵਾਲੀ ਕਵਿਤਾ ਹੈ। ਇਹ ਕਵਿਤਾ ਨੇਜ਼ਿਆਂ ਤੇ ਟੰਗਿਆਂ ਸਿਰਾਂ, ਚਰਖੜੀ ਤੇ ਪਿੰਜੀ ਦੇ ਜਿਸਮਾਂ ਅਤੇ ਸੂਲੀਆਂ ਤੇ ਲਟਕਦੇ ਜੁਆਨਾਂ ਦੀ ਕਵਿਤਾ ਹੈ। ਇਸ ਲਈ ਇਹ ਵੇਲੇ ਦੀਆਂ ਸੈਨਿਕ, ਤਾਨਾਸ਼ਾਹ, ਸਾਮਰਾਜ ਦੀਆਂ ਦਲਾਲ ਤਾਕਤਾਂ ਦੀ, ਪੈਸੇ ਦੀ ਅਮੀਰੀ ਦੀ ਸਰਦਾਰੀ ਦੇ ਵਿਰੋਧ ਵਿਚ, ਡਟਣ ਵਾਲੀਆਂ, ਅਮਨ ਏਕਤਾ ਅਤੇ ਨਿਆ ਦੀਆਂ ਤਾਕਤਾਂ ਦੀ, ਕਵਿਤਾ ਹੈ। ਸੁਨਹਿਰੀ ਭਵਿੱਖ ਦੀ ਉਡੀਕ ਦੀ ਕਵਿਤਾ ਹੈ। ਜ਼ੁਲਮ ਦੀ ਕਾਲੀ ਬੋਲੀ ਲੰਮੀ ਰਾਤ ਮੁੱਕਣ ਦੀਆਂ ਕਨਸੋਆਂ ਦੇਣ ਵਾਲੀ ਕਵਿਤ ਹੈ।

ਕਵੀ ਨੂੰ ਰਹਾਇਸ਼ ਲਈ ਉਹ ਹੁਜਰਾ ਮਿਲਣਾ, ਜਿੱਥੇ ਕਦੇ ਉਹ ਕਵੀ ਸ਼ਾਹ ਹੁਸੈਨ ਰਹਿੰਦਾ ਸੀ ਜਿਸ ਆਪਣੇ ਯਾਰ ਦੁੱਲੇ ਭੱਟੀ ਦੇ ਅਕਬਰ ਦੁਆਰਾ ਫਾਹੇ ਟੰਗੇ ਜਾਣ ਤੇ ਕਿਹਾ ਸੀ

"ਉੱਠ ਗਏ ਗੁਆਂਢੋਂ ਯਾਰ, ਰੱਬਾ ਹੁਣ ਕੀ ਕਰੀਏ"

ਇਸ ਲਈ ਸਾਡਾ ਦਾਮਨ ਵੀ ਹਜ਼ਾਰ ਸਾਲ ਲੜਨ ਦੀਆਂ ਡੀਗਾਂ ਮਾਰਨ ਵਾਲਿਆਂ ਨੂੰ ਵੀ ਵੰਗਾਰ ਸੱਕਿਆ ਸੀ—

ਇਹ ਕੀ ਕਰੀ ਜਾਨੈਂ। ਇਹ ਕੀ ਕਰੀ ਜਾਨੈਂ, ਲਾਹੀ ਖੇਸ ਜਾਨੈਂ। ਖਿਚੀ ਦਰੀ ਜਾਨੈਂ।

ਕਦੀ ਸ਼ਿਮਲੇ ਜਾਨੈ। ਕਦੀ ਮਰੀ ਜਾਨੈਂ, ਇਹ ਕੀ ਕਰੀ ਜਾਨੈ।

ਉਸਤਾਦ ਨੂੰ ਪਤਾ ਸੀ ਪਾਟੇ ਸਿਉਣੇ ਪੈਂਦੇ ਹਨ, ਵਿੱਛੜੇ ਮੇਲਣੇ ਪੈਂਦੇ ਹਨ, ਇਸ ਲਈ ਸੁਲਾਹ ਕੁੱਲ ਵਿਅਕਤੀ, ਗੁਆਂਢੀ ਮੁਲਕਾਂ ਵਿਚ ਸਦੀਵੀ ਅਮਨ ਦਾ ਖਾਹਿਸ਼ਮੰਦ ਸੀ। ਦੋਹਾਂ ਪਾਸਿਆਂ ਦੇ ਲੋਕ ਤਾਂ ਅੱਗੇ ਈ ਸਿਆਣੇ ਸਨ, ਹੁਣ ਹਾਕਮਾਂ ਨੂੰ ਵੀ ਮੱਤ ਆਉਂਦੀ ਪਈ ਏ। ਦਾਮਨ ਕਿੰਨਾ ਸਹੀ ਹੈ।

"ਵਾਘੇ ਨਾਲ ਅਟਾਰੀ ਦੀ ਨਹੀਂ ਟੱਕਰ, ਨਾ ਹੀ ਗੀਤਾ ਦੇ ਨਾਲ ਕੁਰਾਨ ਦੀ ਏ।

ਨਾ ਹੀ ਕੁਫਰ ਇਸਲਾਮ ਦਾ ਇਹ ਝਗੜਾ ਸਾਰੀ ਗੱਲ ਤਾਂ ਨਫੇ ਨੁਕਸਾਨ ਦੀ ਏ।

ਕਰੀਵਾਲਾ (ਸਿਰਸਾ), ਫੋਨ-੦੧੬੯੮-੨੭੪੫੬੨

ਸੰਨ ਸੰਤਾਲੀ ਦੀਆਂ ਦਰਦਨਾਕ ਯਾਦਾਂ

—ਬੀਬੀ ਬਲਬੀਰ ਕੌਰ

ਸੰਨ ੧੯੪੭ ਈਸਵੀ ਭਾਵੇਂ ਭਾਰਤ ਦੇ ਇਤਿਹਾਸ ਵਿਚ ਅੰਗਰੇਜ਼ ਸਾਮਰਾਜ ਦੀ ਗੁਲਾਮੀ ਤੋਂ ਬੰਦ ਖਲਾਸ ਦਾ ਮਹੱਤਵਪੂਰਨ ਸਾਲ ਹੈ ਪਰ ਪੰਜਾਬ ਦੇ ਸੀਨੇ ਨੂੰ ਚੀਰ ਕੇ ਰੱਖ ਗਿਆ? ਵੰਡ ਦੇ ਦੁੱਖ ਨਾਲ ਭਿਆਨਕ ਫਿਰਕੂ ਫਸਾਦਾਂ ਨੇ ਮਾਨਵਤਾ ਨੂੰ ਸਦੀਵੀ ਫੱਟ ਲਾ ਦਿੱਤਾ ਜੋ ਪੈਂਹਠ ਸਾਲ ਬੀਤਣ ਬਾਦ ਵੀ ਭਰਿਆ ਨਹੀਂ। ਉਸ ਭਾਣੇ ਦੇ ਦਿਨਾਂ ਨੂੰ ਹੰਢਾਉਣ ਵਾਲੇ ਲੋਕ ਭਾਵੇਂ ਘਟਦੇ ਜਾ ਰਹੇ ਹਨ ਪਰ ਅਜੇ ਵੀ ਬਜ਼ੁਰਗ ਹਨ ਜੋ ਕਦੇ ਵੀ ਇਹ ਸਾਕਾ ਨਹੀਂ ਭੁਲਣਗੇ। ਅਜਿਹੇ ਚਸ਼ਮਦੀਦ ਗਵਾਹ ਬਜ਼ੁਰਗ ਬੀਬੀ ਜੀ ਨੇ ਆਪਣੇ ਖੁਲ੍ਹੇ ਡੁਲ੍ਹੇ ਸ਼ਬਦਾਂ ਵਿਚ ਆਪਣੇ ਦਿਲ ਦੀ ਪੀੜਾ ਨੂੰ ਪਾਠਕਾਂ ਨਾਲ ਸਾਂਝਾ ਕੀਤਾ ਹੈ।

—ਸੰਪਾਦਕ

ਲਖਵਿੰਦਰ ਸਿਘ 'ਬਾਜਵਾ' ਜੀ ਦੀ ਲਿਖੀ ਹੋਈ ਕਿਤਾਬ "ਕੈਸੀ ਕੂੰਜ ਉਡਾਰੀ' ਪੜ੍ਹਨ ਦਾ ਮੌਕਾ ਮਿਲਿਆ, ਜਿਸ ਵਿਚੋਂ ਉਨ੍ਹੀ ਸੋ ਸੰਤਾਲੀ ਦੇ ਦਰਦਨਾਨਕ ਸਾਕੇ ਪੜ੍ਹ ਕੇ ਦਿਲ ਬਹੁਤ ਹੀ ਦੁਖੀ ਹੋਇਆ, ਤੇ ਉਨਾਂ ਲੋਕਾਂ ਦੇ ਦਰਦ ਭਰੇ ਦਿਲਾਂ ਦਾ ਖਿਆਲ ਮਨ ਦੀ ਸਕਰੀਨ ਤੇ ਉਭਰ ਆਇਆ, ਜਿਨਾਂ ਨੇ ਉਸ ਵਕਤ ਦੇ ਦਰਦਨਾਨਕ ਪਲਾਂ, ਦਿਨਾਂ ਤੇ ਹਫਤਿਆਂ ਦਾ ਸੰਤਾਪ ਆਪਣੇ ਜਿਸਮਾਂ ਤੇ ਮਨਾਂ ਉਤੇ ਹੰਢਾਇਆ ਸੀ, ਤੇ ਉਹ ਧੁੰਦਲੇ ਹੋ ਚੁਕੇ ਹਾਦਸੇ, ਤੇ ਉਹ ਮਾਰੂ ਜ਼ਖਮ ਫਿਰ ਤੋਂ ਚੀਸ ਮਾਰਨ ਲਗ ਪਏ ਸਨ ਤੇ ਦਿਲ ਕੁਰਲਾ ਉਠਿਆ ਸੀ ਉਸ ਦਰਦ ਦੇ ਨਾਲ ਜਿਹੜਾ ਕਿ ਕੁਝ ਤਾਂ ਅਖੀਂ ਡਿਠਾ ਸੀ ਤੇ ਕੁਝ ਸੁਣਿਆ ਸੀ।

ਅਸੀਂ ਉਸ ਵੇਲੇ ਪਾਕਿਸਤਾਨ੍ਹ ਵਿਚ, ਜ਼ਿਲ੍ਹਾ ਲਾਇਲਪੁਰ, ਤਹਿਸੀਲ ਜੜ੍ਹਾਂਵਾਲਾ ਅਤੇ ਪਿੰਡ ਇਕ ਸੌ ਨੌ ਚੱਕ ਵਿਚ ਚਾਰ ਪੰਜ ਘਰ ਸੰਧੂ ਪਰਿਵਾਰ ਦੇ ਰਹਿੰਦੇ ਸਾਂ। ਬਾਕੀ ਸਾਰਾ ਪਿੰਡ ਹੀ ਬਜਾਜ ਬਰਾਦਰੀ ਦਾ ਸੀ। ਉਥੇ ਗੁਰਦੁਆਰੇ ਵਿਚ ਇਕ ਭਾਈ (ਸੰਤ) ਸੀ ਉਹਨਾਂ ਦਾ ਨਾਮ ਸ਼ਾਇਦ ਗੁਰਮੁਖ ਸਿੰਘ ਸੀ। ਭਾਵੇਂ ਮੈਂ ਉਸ ਵਕਤ ੭ ਜਾਂ ੮ ਸਾਲ ਦੀ ਸਾਂ ਪਰ ਉਸ ਗੁਰਦਵਾਰੇ ਦੇ ਸੰਤਾਂ ਦੇ ਨਾਲ ਬੀਤਿਆ ਹਾਦਸਾ ਮੈਂ ਅਜੇ ਤੱਕ ਨਹੀਂ ਭੁਲਾ ਸਕੀ ਕਿਉਂਕਿ ਕੁਝ ਸੁਣਦੀ ਸਾਂ ਤੇ ਕੁਛ ਆਪੰਣੀਆਂ ਅਖਾਂ ਨਾਲ ਵੇਖਿਆ ਸੀ। ਭਾਵੇਂ ਕਈ ਦਿਨਾਂ ਤੋਂ ਦੇਸ਼ ਦੀ ਵੰਡ ਦੀ ਹਲਚਲ, ਦਹਿਸ਼ਤ ਬਣ ਕੇ ਦਿਮਾਗ ਤੇ ਛਾਈ ਹੋਈ ਸੀ। ਪਰ ਫੇਰ ਵੀ ਲੋਕ ਆਪਣੇ ਘਰਾਂ ਦੇ ਕੰਮ ਤੇ ਆਪਣੀਆਂ ਜ਼ਿੰਮੇਵਾਰੀਆਂ ਨਿਭਾਹੀ ਜਾ ਰਹੇ ਸਨ। ਉਸ ਦਿਨ ਜਿਸ ਦਿਨ ਪਿੰਡਾਂ ਉਤੇ ਕਹਿਰ ਵਰਤਿਆ ਸੀ ਤੇ ਸਾਡੇ ਪਿੰਡ 'ਇਕ ਸੌ ਨੌਂ' ਚੱਕ ਵਿਚ ਵੀ ਦੁਖਾਂ ਦੀ ਹਨੇਰੀ ਝੁਲ ਪਈ ਸੀ ਜਦੋਂ ਆਪਣੇ ਪਿੰਡ ਦੇ ਲੋਕ ਜਿਹੜੇ ਕਿ ਅੱਜ ਤੱਕ ਸੌਕਿਆਂ ਭਰਾਵਾਂ ਵਾਂਗ ਰਹਿ ਰਹੇ ਸਨ ਉਹੋ ਹੀ ਹੋਰਨਾਂ ਲੋਕਾਂ ਨਾਲ ਰਲ ਕੇ ਘਰਾਂ ਨੂੰ ਲੁੱਟਣ ਵਾਸਤੇ ਘਰਾਂ ਵਿਚ ਆ ਵੜੇ ਸਨ, ਦਹਿਸ਼ਤ ਪਲੋ ਪਲ ਜ਼ੋਰ ਫੜਦੀ ਜਾ ਰਹੀ ਸੀ, ਉਸ ਵਕਤ ਪਿੰਡ ਦੇ ਗੁਰੂ-ਘਰ ਦੇ ਸੰਤ ਕਿਸੇ ਕੰਮ ਵਾਸਤੇ ਲਾਇਲਪੁਰ ਗਏ ਹੋਏ ਸਨ। ਘਰ ਵਿਚ ਉਹ ਦੋਵੇਂ ਹੀ ਜੀਅ ਸਨ। ਉਨਾਂ ਦਾ ਬੱਚਾ ਵੀ ਕੋਈ ਨਹੀਂ ਸੀ। ਪਿੰਡ ਵਿਚ ਲੁੱਟ ਮਾਰ ਸ਼ੁਰੂ ਹੋ ਗਈ ਸੀ ਚਾਰੇ ਪਾਸੇ ਹਾਹਾਕਾਰ ਮਚੀ ਪਈ ਸੀ। ਹਰ ਕੋਈ ਆਪੋ ਆਪਣੇ ਘਰਾਂ 'ਚੋਂ ਨਿਕਲ ਕੇ ਆਪਣੀ ਤੇ ਆਪਣੇ ਪਰਿਵਾਰ ਦੀ ਜਾਨ ਬਚਾਉਣ ਦੀ ਸੋਚ ਰਿਹਾ ਸੀ। ਸੰਤ ਸ਼ਹਿਰੋਂ ਪਰਤ ਕੇ ਘਰ ਨਹੀਂ ਸਨ ਆਏ। ਜਿਹੜੇ ਉਨਾਂ ਦੇ ਘਰੋਂ ਮਾਤਾ ਜੀ ਸਨ ਉਹ ਉਹਨਾਂ ਦਾ ਰਾਹ ਵੇਖਦੇ ਹੋਏ ਅੰਦਰ ਬਾਹਰ ਭਜੇ ਫਿਰਦੇ ਸਨ, ਕੋਈ ਉਨਾਂ ਨੂੰ ਸਹਾਰਾ ਨਹੀਂ ਸੀ ਦੇ ਰਿਹਾ। ਉਹ ਬਹੁਤ ਪਰੇਸ਼ਾਨ ਤੇ ਦੁਖੀ ਸਨ, ਉਹ ਆਪਣੇ ਪਤੀ ਜੀ ਨੂੰ ਛੱਡ ਕੇ ਵੀ ਕਿਧਰੇ ਜਾ ਨਹੀਂ ਸਨ ਸਕਦੇ। ਪਿੰਡ ਦੇ ਸਾਰੇ ਘਰ ਖਾਲੀ ਹੋਈ ਜਾ ਰਹੇ ਸਨ। ਕਿਸੇ ਨੂੰ ਵੀ ਸੰਤਾਂ ਦੇ ਘਰ ਬਾਰੇ ਚੇਤਾ ਨਹੀਂ ਸੀ। ਕਿਉਂਕਿ ਸੰਤ ਤਾਂ ਹੈ ਈ ਇਨਾਂ ਕੁਛ ਕੁ ਘਰਾਂ ਦੇ ਆਸਰੇ ਸਨ, ਪਰ ਅੱਜ ਭੀੜ ਬਣੀ ਤੇ ਕਿਸੇ ਵੀ ਸਾਥ ਨਹੀਂ ਸੀ ਦਿੱਤਾ। ਸਭ ਨੂੰ ਆਪੋ ਆਪਣਾ ਤੇ ਆਪਣੇ ਪਰਿਵਾਰ ਦੀ ਹੀ ਸੋਚ ਸਤਾਈ ਜਾ ਰਹੀ ਸੀ।

ਉਧਰ ਸੰਤਾਂ ਨਾਲ ਕੋਈ ਹੋਣੀ ਵਰਤ ਚੁਕੀ ਸੀ, ਉਹ ਵਿਚਾਰੇ ਸੰਤ ਲਾਇਲਪੁਰ ਵਿਚ ਫਸਾਦੀਆਂ ਦੇ ਕਾਬੂ ਆ ਗਏ ਸਨ, ਉਹਨਾਂ ਨੇ ਬਹੁਤ ਯਤਨ ਕੀਤਾ ਸੀ ਪਰ ਉਨਾਂ ਨੂੰ ਉਨਾਂ ਨੂੰ ਛਡਿਆ ਨਹੀਂ ਸੀ ਤੇ ਜਦੋਂ ਛਡਿਆ ਸੀ ਤਾਂ ਉਨਾਂ ਦਾ ਸਰੂਪ ਬਦਲ ਦਿੱਤਾ ਸੀ। ਸਿਰ ਦੇ ਕੇਸ ਤੇ ਦਾਹੜੀ ਮੁੰਨ ਦਿੱਤੇ ਸਨ। ਜਦੋਂ ਉਹ ਘਰ ਆਏ ਤਾਂ ਘਲੂਘਾਰਾ ਵਰਤ ਚੁੱਕਾ ਸੀ।

ਉਸ ਵਕਤ ਸਾਡੇ ਪਰਿਵਾਰ ਲਾਇਲਪੁਰ ਕੈਂਪ ਵਿਚ ਸਨ ਜਦੋਂ ਸੰਤ ਆਏ। ਉਹ ਇਸ ਤਰ੍ਹਾਂ ਜਾਪਦੇ ਜਿਵੇਂ ਪਾਗਲ ਹੋ ਚੁਕੇ ਸਨ। ਉਨਾਂ ਨੂੰ ਦਿਮਾਗੀ ਧੱਕਾ ਲਗ ਚੁੱਕਾ ਸੀ। ਉਹ ਭਜੇ ਫਿਰਦੇ ਸਨ ਤੇ ਨਾਲ ਨਾਲ ਆਪਣੀ ਘਰਵਾਲੀ ਨੂੰ ਹਰੋ...ਹਰੋ...ਕਰਕੇ ਆਵਾਜ਼ ਮਾਰਦੇ ਫਿਰਦੇ ਸਨ। ਉਨਾਂ ਦਾ ਹੁਲੀਆ ਬਦਲਿਆ ਕਰ ਕੇ ਕਿਸੇ ਨੂੰ ਉਨਾਂ ਦੀ ਪਹਿਚਾਣ ਹੀ ਨਹੀਂ ਸੀ ਆ ਰਹੀ। ਉਹ ਹਾਦਸਾ ਅੱਜ ਤਕ ਸਾਡੇ ਦਿਲ ਦਿਮਾਗ ਤੇ ਹਾਵੀ ਹੋਇਆ ਪਿਆ ਸੀ। ਹਰੋ ਪਤਾ ਨਹੀਂ ਕਿਥੇ

ਤੁਰ ਗਈ ਸੀ।

ਉਸ ਤੋਂ ਬਾਦ ਦੀ ਇਕ ਹੋਰ ਘਟਨਾ। ਜਦੋਂ ਅਸੀਂ ਏਧਰ ਆ ਕੇ ਕਈ ਪਿੰਡਾਂ ਵਿਚ ਕੁਛ ਕੁਛ ਚਿਰ ਰਹਿੰਦੇ ਹੋਏ ਰਾਣੀਆਂ ਗਏ ਤਾਂ ਉਥੇ ਵੀ ਸਾਨੂੰ ਪਤਾ ਲੱਗਾ ਕਿ ਸਾਡੇ ਘਰ ਤੋਂ ਥੋੜੀ ਜਿਹੀ ਦੂਰ ਘਰ ਵਿਚ ਰਹਿੰਦੀ ਔਰਤ ਮੁਸਲਮਾਨ ਸੀ। ਉਸ ਵਕਤ ਤਾਂ ਏਧਰ ਓਧਰ ਦੇ ਸਭ ਹੀ ਨਿਰਦਈ ਜਾਪਦੇ ਸਨ ਕਿਸੇ ਵੀ ਕਿਸੇ ਨਾਲ ਘੱਟ ਨਹੀਂ ਸੀ ਕੀਤੀ।

ਸਾਡੇ ਘਰ ਤੋਂ ਥੋੜੀ ਹੀ ਦੂਰ ਮਸੀਤ ਸੀ ਤੇ ਮਸੀਤ ਵਿਚ ਖੂਹੀ ਸੀ ਜਿਸ ਖੂਹੀ ਤੋਂ ਸਾਰਾ ਪਿੰਡ ਹੀ ਪਾਣੀ ਭਰਦਾ ਸੀ। ਕੁਦਰਤੀ ਜਿਹੜੀ ਤਮੰਨਾ ਮਨ ਵਿਚ ਹੁੰਦੀ ਏ, ਉਹ ਪੂਰੀ ਹੋਣ ਵਾਸਤੇ ਕੋਈ ਨਾ ਕੋਈ ਬਿੱਧ ਬਣ ਜਾਂਦੀ ਹੈ। ਇਸ ਤਰਾਂ ਇਕ ਦਿਨ ਸਾਡੀ ਤਮੰਨਾ ਵੀ ਪੂਰੀ ਹੋਈ, ਉਸ ਔਰਤ ਕੋਲੋਂ ਉਹਦੇ ਬਾਰੇ ਕੁਛ ਪੁਛਣ ਦੀ ਜਦੋਂ ਅਸੀਂ ਮੈਂ ਤੇ ਮੇਰੀ ਵੱਡੀ ਭੈਣ ਸ਼ਾਮ ਵੇਲੇ ਖੂਹੀ ਤੋਂ ਪਾਣੀ ਲੈਣ ਗਈਆਂ ਤਾਂ ਉਹ ਵੀ ਉਥੇ ਆ ਗਈ ਸੀ। ਵੱਡੀ ਭੈਣ ਨੇ ਪੁਛਿਆ, "ਭੈਣ ਤੁਹਾਡੇ ਤਾਂ ਸਾਰੇ ਹੀ ਇਥੋਂ ਪਾਕਿਸਤਾਨ ਚਲੇ ਗਏ ਨੇ ਪਰ ਤੁਸੀਂ ਏਥੇ ਕਿਵੇਂ ਰਹਿ ਗਏ?" ਕੁਛ ਨਾ ਪੁਛ ਭੈਣੇ, ਮੈਂ ਤਾਂ ਬਸ ਇਕ ਲਾਸ਼ ਹੀ ਤੁਰੀ ਫਿਰਦੀ ਹਾਂ। ਸਿਰਫ ਮਰਿਆਂ ਨਾਲ ਮਰ ਹੀ ਨਹੀਂ ਸਕੀ ਤੇ ਉਹਦੀਆਂ ਅੱਖਾਂ ਸਾਉਣ ਦੇ ਬਦਲਾਂ ਵਾਂਗ ਵਸ ਪਈਆਂ ਸਨ।

"ਨਾ ਰੋ ਭੈਣੇ, ਤੂੰ ਦਸ ਤੇਰੇ ਨਾਲ ਕਿਵੇਂ ਕਿਵੇਂ ਬੀਤੀ?" ਵੱਡੀ ਭੈਣ ਨੇ ਪੁਛਿਆ। "ਅਸੀਂ ਪਰਿਵਾਰ ਵਿਚ ਤਿੰਨ ਜੀ ਹੀ ਸਾਂ। ਮੇਰਾ ਪਤੀ ਮੈਂ ਤੇ ਮੇਰਾ ਸਾਲ ਕੁ ਦਾ ਬੱਚਾ" ਉਹ ਦੱਸਣ ਲੱਗੀ ਮੇਰੇ ਘਰ ਵੀ ਕਹਿਰ ਆ ਵਰਤਿਆ। ਹਉਕੇ ਲੈ ਲੈ ਕੇ ਰੋਂਦਿਆਂ ਉਸਨੇ ਦੱਸਿਆ। ਉਹ ਪਾਪੀ ਲੋਕ ਪਤਾ ਨਹੀਂ ਕੌਣ ਸਨ, ਜਿਹੜੇ ਮੇਰੇ ਘਰ ਵਿਚ ਆਣ ਵੜੇ ਸਨ, ਤੇ ਮੇਰੇ ਵੇਖਦਿਆਂ ਵੇਖਦਿਆਂ ਹੀ ਉਨਾਂ ਨੇ ਮੇਰੇ ਬੰਦੇ ਨੂੰ ਕ੍ਰਿਪਾਨਾਂ ਮਾਰ ਮਾਰ ਕੇ ਮਾਰ ਦਿੱਤਾ ਤੇ ਫੇਰ ਮੇਰੇ ਪੁੱਤਰ ਨੂੰ ਮੇਰੇ ਕੋਲੋਂ ਖੋਹ ਕੇ ਧਰਤੀ ਤੇ ਪਟਕਾ ਕੇ ਮਾਰਿਆ। ਮੈਂ ਇਹ ਕੁਛ ਵੇਖ ਕੇ ਸਹਾਰ ਨਾ ਸਕੀ ਤੇ ਬੇਹੋਸ਼ ਹੋ ਕੇ ਧਰਤੀ ਤੇ ਡਿੱਗ ਪਈ, ਜਦੋਂ ਮੈਨੂੰ ਹੋਸ਼ ਆਈ ਤਾਂ ਉਥੇ ਮੇਰੇ ਪਤੀ ਦੀ ਤੇ ਮੇਰੇ ਬਚੇ ਦੀ ਲਾਸ਼ ਵੀ ਨਹੀਂ ਸੀ। ਪਤਾ ਨਹੀਂ ਉਨਾਂ ਨੇ ਕਿੱਥੇ ਖੱਪਾ ਦਿੱਤੀ ਸੀ ਸਿਰਫ ਧਰਤੇ ਤੇ ਮੇਰੇ ਘਰ ਵਾਲੇ ਦਾ ਲਹੂ ਹੀ ਖਿਲਰਿਆ ਪਿਆ ਸੀ। ਸਾਡੇ ਘਰ ਦਾ ਸਾਰਾ ਸਮਾਨ ਉਹ ਲੋਕ ਲੁਟ ਪੁਟ ਕੇ ਲੈ ਗਏ ਸਨ। ਮੈਂ ਬਹੁਤ ਹੀ ਰੋਈ ਤੇ ਕੁਰਲਾਈ ਪਰ ਉਥੇ ਮੇਰਾ ਦੁਖ ਵੇਖਣ ਵਾਲਾ ਕੋਈ ਨਹੀਂ ਸੀ।

ਉਸ ਨੇ ਰੋ ਰੋ ਕੇ ਆਪਣਾ ਹਾਲ ਦੱਸਿਆ ਸੀ ਤੇ ਉਸਦਾ ਦੁਖ ਵੀ ਸਾਡੇ ਮਨ ਵਿਚ ਦਿਮਾਗ ਵਿਚ ਸੂਲ ਬਣ ਕੇ ਗੱਡਿਆ ਗਿਆ ਸੀ।

ਉਸ ਤੋਂ ਬਾਦ ਪੱਕੀਆਂ ਅਲਾਟਮੈਂਟਾਂ ਹੋਣ ਤੇ ਅਸੀਂ ਸਿਰਸਾ ਦੇ ਕੋਲ ਸਿਰਸੇ ਤੋਂ ਦਸ ਕਿਲੋਮੀਟਰ ਤੇ ਪਿੰਡ ਮੋਰੀਵਾਲੇ ਚਲੇ ਗਏ ਸਾਂ ਪਰ ਸੰਤਾਲੀ ਦਾ ਲਹੂ ਭਿਜਾ ਦਰਦ ਉਥੇ ਵੀ ਸਾਨੂੰ ਵੇਖਣ ਲਈ ਮਿਲ ਗਿਆ ਸੀ। ਸਾਡੇ ਘਰ ਦੇ ਨੇੜੇ ਹੀ ਖਤਰੀਆਂ ਦੇ ਘਰ ਵਿਚ ਇਕ ਮੁਸਲਮਾਨ ਔਰਤ ਸੀ। ਉਹਦੇ ਤਿੰਨ ਬਚੇ ਸਨ। ਦੋ ਬਚਿਆਂ ਦੀ ਸ਼ਕਲ ਹੋਰ ਸੀ ਤੇ ਇਕ ਦੀ ਹੋਰ, ਭਾਵੇਂ ਸਾਨੂੰ ਪਤਾ ਤਾਂ ਲਗ ਹੀ ਗਿਆ ਸੀ ਪਰ ਆਪਣੀ ਆਪਣੀ ਸੋਚ ਮੁਤਾਬਿਕ ਤਸੱਲੀ ਕਰਨ ਵਾਸਤੇ ਅਸਾਂ ਉਹਦੇ ਕੋਲੋਂ ਪੁੱਛ ਹੀ ਲਿਆ ਕਿ "ਭੈਣੇ, ਤੇਰੇ ਤਿਨਾਂ ਬੱਚਿਆਂ ਦੀ ਸ਼ਕਲ ਆਪਸ ਵਿਚ ਮਿਲਦੀ ਨਹੀਂ ਇਹ ਕੀ ਗਲ?" "ਭੈਣੇ ਆਹ ਦੋ ਦੀ ਸ਼ਕਲ ਤਾਂ ਆਪਣੇ ਅੱਬਾ ਨਾਲ ਮਿਲਦੀ ਏ ਤੇ ਇਸ ਛੋਟੇ ਦੀ ਸ਼ਕਲ ਮੇਰੇ ਹੁਣ ਵਾਲੇ ਬੰਦੇ ਨਾਲ ਮਿਲਦੀ ਏ"। ਉਹਨੇ ਦੱਸਿਆ ਕਿ ਕੁੜੀ ਮੇਰੀ ਚਾਰ ਸਾਲ ਦੀ ਸੀ ਤੇ ਮੁੰਡਾ ਚਾਰ ਦਿਨਾਂ ਦਾ ਸੀ, ਇਸ ਵਾਸਤੇ ਮੈਨੂੰ ਕੁਛ ਵੀ ਪਤਾ ਨਹੀਂ ਸੀ ਲਗਿਆ ਕਿ ਬਾਹਰ ਕੋਈ ਕਿਧਰ ਗਿਆ ਤੇ ਕੋਈ ਕਿਥੇ ਹੈ ਕਿਉਂਕਿ ਮੈਂ ਤਾਂ ਆਪਣੇ ਛੋਟੇ ਛੋਟੇ ਬੱਚਿਆਂ ਨੂੰ ਲੈ ਕੇ ਅੰਦਰ ਪਈ ਸਾਂ। ਇਹਨਾਂ ਦਾ ਅੱਬਾ ਖੇਤ ਗਿਆ ਹੋਇਆ ਸੀ। ਪਤਾ ਨਹੀਂ ਬਾਹਰ ਉਹਦੇ ਨਾਲ ਕੀ ਬੀਤੀ ਉਹ ਵਾਪਿਸ ਘਰ ਨਹੀਂ ਸੀ ਮੁੜਿਆ। ਪਤਾ ਨਹੀਂ ਉਹ ਕਿਥੇ ਗਿਆ। ਕੁਛ ਬਾਰਸ਼ ਵੀ ਬਹੁਤ ਹੋ ਰਹੀ ਸੀ। ਮੈਨੂੰ ਉਦੋਂ ਹੀ ਪਤਾ ਲੱਗਾ ਜਦੋਂ ਸਾਰਾ ਪਿੰਡ ਖਾਲੀ ਹੋ ਗਿਆ ਸੀ। ਮੈਂ ਬਹੁਤ ਹੀ ਰੋਈ ਤੜਪੀ ਪਰ ਕੁਛ ਨਾ ਕਰ ਸਕੀ। ਜਿਹੜੇ ਪਿੰਡ ਵਿਚ ਸਰਦਾਰਾਂ ਦੇ ਘਰ ਸਨ ਉਨਾਂ ਮੈਨੂੰ ਬਹੁਤ ਸਮਝਾਇਆ ਕਿ ਹੁਣ ਕੁਛ ਵੀ ਨਹੀਂ ਹੋ ਸਕਣਾ। ਤੂੰ ਇਸ ਤਰਾਂ ਨਾ ਕਰ ਤੇ ਆਪਣੇ ਬੱਚੇ ਪਾਲ, ਪਰ ਮੈਂ, ਦੁਖੀ ਤੇ ਮਜਬੂਰ ਸਾਂ ਬਚੇ ਛੋਟੇ ਸਨ, ਸਹਾਰਾ ਕੋਈ ਨਹੀਂ ਸੀ। ਮੈਂ ਬੱਚਿਆਂ ਦੀ ਬੱਧੀ ਹੋਈ ਕੁਛ ਵੀ ਨਹੀਂ ਸਾਂ ਕਰ ਸਕਦੀ। ਮੈਨੂੰ ਇਹ ਵੀ ਨਹੀਂ ਸੀ ਪਤਾ ਕਿ ਪਾਕਿਸਤਾਨ ਵਿਚ ਮੇਰਾ ਕੋਈ ਰਿਸ਼ਤੇਦਾਰ ਹੈ ਵੀ ਏ ਕਿ ਨਹੀਂ। ਇਸ ਵੰਡ ਨੇ ਘਰਾਂ ਦੇ ਘਰ ਤੇ ਪਿੰਡਾਂ ਦੇ ਪਿੰਡ ਖਾਲੀ ਕਰ ਦਿੱਤੇ ਸਨ। ਤੇ ਫੇਰ ਲੋਕਾਂ ਦੇ ਕਹਿਣ ਤੇ ਸਮਝਾਉਣ ਤੇ ਮੈਨੂੰ ਇਸ ਆਦਮੀ ਦੇ ਘਰ ਰਹਿਣਾ ਪੈ ਗਿਆ ਕਿਉਂਕਿ ਮੈਨੂੰ ਵੀ ਆਪਣਾ ਤੇ ਆਪਣੇ ਬੱਚਿਆਂ ਦਾ ਪੇਟ ਪਾਲਣ ਵਾਸਤੇ ਸਹਾਰੇ ਦੀ ਲੋੜ ਸੀ। ਆਖ ਕੇ ਉਹਨੇ ਆਪਣੀਆਂ ਅੱਖਾਂ ਪੂੰਝੀਆਂ ਤੇ ਇਹ ਕਹਿ ਕੇ ਆਪਣੇ ਘਰ ਵਲ ਤੁਰ ਪਈ "ਬੱਚੇ ਰੋਂਦੇ ਹੀ ਨਾ ਹੋਣ"।

ਇਹ ਦਰਦ ਵੀ ਅਸਾਂ ਆਪਣੇ ਦਿਲ ਦੇ ਸਟਾਕ ਵਿਚ ਭਰ ਲਿਆ ਸੀ ਕਿਉਂਕਿ ਕੋਈ ਦਿਨ ਐਸਾ ਆਉਣਾ ਹੈ ਕਿ ਪਾਕਿਸਤਾਨੋਂ ਆਉਣ ਵਾਲਿਆਂ ਵਿਚੋਂ ਕੋਈ ਵੀ ਉਹ ਦਰਦ ਭਰੀਆਂ ਕਥਾਵਾਂ ਦੱਸਣ ਵਾਲਾ ਨਹੀਂ ਰਹਿਣਾ, ਤੇ ਇਹ ਲਿਖੀਆਂ ਕਥਾਵਾਂ ਹੀ ਦਰਦਾਂ ਦਾ ਸਬੂਤ ਹੈ ਜਿਹੜਾ ਕਿ ਕਿਸੇ ਨੇ ਜਿਸਮਾਂ ਤੇ ਭੋਗਿਆ ਦਿਲਾਂ ਤੇ ਹੰਢਾਇਆ ਸੀ।

ਐਲਨਾਬਾਦ, ਸਿਰਸਾ (ਹਰਿਆਣਾ)

ਪ੍ਰਤੀਕਿਰਿਆ

ਮਈ ੨੦੧੨ ਦਾ 'ਵਰਿਆਮ' ਮਿਲ ਗਿਆ ਹੈ। ਧੰਨਵਾਦ! ਪੰਥ ਰਤਨ ਮਾਸਟਰ ਨਿਹਾਲ ਸਿੰਘ ਜੀ ਦੇ ਸਨਮਾਨ ਵਿਚ ਤੁਸੀਂ ਸੰਪਾਦਕੀ ਅਤੇ ਸਨਮਾਨ ਪੱਤਰ ਪ੍ਰਕਾਸ਼ਤ ਕਰਕੇ ਇਕ ਸੱਚੀ ਸੁੱਚੀ ਸ਼ਰਧਾਂਜਲੀ ਦਿੱਤੀ ਹੈ। ਆਪ ਉੱਚਕੋਟੀ ਦੇ ਵਿਦਵਾਨ ਅਤੇ ਸਰਬ ਹਿੰਦ ਨਾਮਧਾਰੀ ਵਿਦਿਅਕ ਜਥੇ ਦੇ ਬਾਨੀ ਪ੍ਰਧਾਨ ਸਨ। ਵਰਿਆਮ ਸਿੰਘ ਸੰਧੂ ਦੀ ਜੀਵਨੀ ਦੇ ਅੰਸ਼ ਲੜੀ ਵਾਰ ਪ੍ਰਕਾਸ਼ਤ ਕਰਨਾ ਇਕ ਚੰਗਾ ਯਤਨ ਹੈ। ਡਾ. ਹਰਸ਼ਿੰਦਰ ਕੌਰ ਦਾ ਸਵੈ-ਘਟਨਾਵੀ ਗਲਪੀ ਨਿਬੰਧ 'ਰੇਲ ਗੱਡੀ ਦਾ ਅਜੀਬ ਸਫ਼ਰ' ਔਰਤ ਅੰਦਰਲੇ ਖਿਲਾਅ ਨੂੰ ਭਰਨ ਲਈ ਘਰ-ਪਰਿਵਾਰ ਸੰਸਥਾ ਦਾ ਸਜੀਵ ਹੋਣਾ ਕਿੰਨਾ ਜ਼ਰੂਰੀ ਹੈ, ਬਾਰੇ ਗਿਆਨ ਦਿੰਦਾ ਹੈ। ਔਰਤ-ਵਾਦ ਅਤੇ ਔਰਤ-ਚੇਤਨਾ ਵਿਚਲੇ ਅੰਤਰ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਡਾ. ਹਰਸ਼ਿੰਦਰ ਨੂੰ ਏਨੀ ਵਧੀਆ ਰਚਨਾ ਲਿਖੀ ਮੁਬਾਰਕ!

ਤੇਜਵੰਤ ਮਾਨ (ਡਾ.)
ਸੰਗਰੂਰ

ਵਰਿਆਮ ਸਿੰਘ ਸੰਧੂ ਦੀ ਸਾਹਿਤਕ ਸਵੈ-ਜੀਵਨੀ ਦੀ ਸੱਤਵੀਂ ਕਿਸ਼ਤ—"ਪਹਿਲੀ ਸ਼ਾਬਾਸ਼!"

ਸਿਰਮੌਰ ਕਹਾਣੀਕਾਰ ਬਾਰੇ ਕੁਝ ਲਿਖਣਾ ਬਹੁਤ ਵੱਡੀ ਗੱਲ ਹੁੰਦੀ ਹੈ, ਪਰ ਫਿਰ ਵੀ ਵਰਿਆਮ ਪੜ੍ਹ ਕੇ ਲਿਖ ਦਿੱਤਾ ਹੈ। ਆਸ ਹੈ ਪਾਠਕਾਂ ਨੂੰ ਚੰਗਾ ਹੀ ਲੱਗੇਗਾ।

ਗੱਲ ਲੱਭਣੀ ਚਾਹੁੰਦਾ ਸੀ ਕਿ ਸੰਧੂ ਸਾਹਿਬ ਪ੍ਰਾਈਮਰੀ ਵਿਚ ਪੜ੍ਹਦਿਆਂ ਕਿੰਨੇ ਕੁ ਹੁਸ਼ਿਆਰ ਸਨ। ਸਵੈ-ਜੀਵਨੀ ਵਿਚ 'ਜ਼ਰਖੇਜ਼ ਜ਼ਮੀਨ ਵਿਚ ਡਿਗਦੇ ਬੀਜ' ਚੈਪਟਰ ਪੜ੍ਹਦਿਆਂ ਪਤਾ ਲੱਗਾ ਕਿ ਉਹ ਪਹਿਲਾਂ ਤੋਂ ਹੀ ਤੇਜ਼ ਦਿਮਾਗ ਦੇ ਮਾਲਕ ਹਨ। ਕਿਉਂਕਿ ਉਨ੍ਹਾਂ ਦੇ ਪਿਤਾ ਜੀ ਵੀ ਪੜ੍ਹਨ ਦੇ ਸ਼ੌਕੀਨ ਸਨ ਤੇ ਕਿਤਾਬਾਂ ਲਿਆ ਕੇ ਪੜ੍ਹਦੇ ਹੁੰਦੇ ਸਨ ਤੇ ਨਾਲੇ ਸੰਧੂ ਸਾਹਿਬ ਦੇ ਮਾਤਾ ਜੀ ਨੂੰ ਵੀ ਸੁਣਾਉਂਦੇ ਹੁੰਦੇ ਸਨ। "ਝੋਨੇ ਦੇ ਬਹਾਨੇ ਡੀਲੋਂ ਨੂੰ ਪਾਣੀ" ਤੋਂ ਉਨ੍ਹਾਂ ਦਾ ਭਾਵ ਉਨ੍ਹਾਂ ਦੇ ਮਾਤਾ ਜੀ ਤਾਂ ਸੁਣਦੇ ਹੀ ਸਨ, ਨਾਲ੍ਹ-ਲਗਦੇ ਸੰਧੂ ਸਾਹਿਬ ਵੀ ਉਨ੍ਹਾਂ ਦੇ ਕੋਲ ਬੈਠੇ ਬਾਲ-ਮਨ ਨਾਲ ਸੁਣਦੇ ਹੁੰਦੇ ਸਨ। ਪਿਤਾ ਦੀ ਪ੍ਰੇਰਨਾ ਸਦਕਾ ਹੀ ਸੰਧੂ ਸਾਹਿਬ ਕਲਾਸ-ਦਰ-ਕਲਾਸ ਪਾਸ ਕਰਦੇ ਹੋਏ ਨਾਲ-ਨਾਲ ਸਾਹਿਤ-ਪ੍ਰੇਮੀ ਵੀ ਬਣਦੇ ਗਏ। ਉਨਾਂ ਦੀ ਰੁਚੀ ਕਹਾਣੀਆਂ ਲਿਖਣ ਦੀ ਬਣਦੀ ਗਈ। 'ਪ੍ਰੀਤ ਲੜੀ' ਜੋ ਕਿ ਉਸ ਸਮੇਂ ਦਾ ਮਸ਼ਹੂਰ ਰਸਾਲਾ ਸੀ, ਉਨ੍ਹਾਂ ਨੂੰ ਉਸ ਤੋਂ ਬਹੁਤ ਸਾਰੀ ਪ੍ਰੇਰਨਾ ਮਿਲੀ ਤੇ ਆਖਰ ਛੋਟੇ ਕਹਾਣੀਕਾਰ ਬਣ ਗਏ। ਇਕ ਜਗ੍ਹਾ ਲਿਖਿਆ-ਇਕ ਵਾਰ ਉਨ੍ਹਾਂ ਕਹਾਣੀ ਲਿਖ ਕੇ ਪ੍ਰੀਤਲੜੀ ਨੂੰ ਭੇਜ ਦਿੱਤੀ। ਉਹ ਰਸਾਲੇ ਵਿਚ ਛਪ ਗਈ। ਪਿੰਡ ਦੇ ਮੋਹਤਬਰ ਬੰਦਿਆਂ, ਜਿਹੜੇ ਕਿ ਪ੍ਰੀਤਲੜੀ ਪੜ੍ਹਦੇ ਸਨ। ਜਦ ਉਹਨਾਂ ਵਰਿਆਮ ਸਿੰਘ ਦੀ ਕਹਾਣੀ ਪੜ੍ਹੀ ਤਾਂ ਸੋਚਣ ਲੱਗ ਪਏ ਕਿ ਇਹ ਕਿਹੜਾ ਸਾਡੇ ਪਿੰਡ ਦਾ ਵਰਿਆਮ ਸਿੰਘ ਹੋਇਆ, ਜਿਹਨੇ ਇੰਨੀ ਵਧੀਆ ਕਹਾਣੀ ਲਿਖੀ ਹੈ। ਬਾਅਦ ਵਿਚ ਪਤਾ ਲੱਗਾ ਕਿ ਇਹ ਤਾਂ ਆਪਣੇ ਹੀ ਪਿੰਡ ਦਾ ਨੌਜਵਾਨ ਹੈ, ਜੋ ਕਹਾਣੀਆਂ ਲਿਖਣ ਲੱਗ ਪਿਆ ਹੈ। ਜਦੋਂ ਵਰਿਆਮ ਸਿੰਘ ਉਨ੍ਹਾਂ ਨੂੰ ਮਿਲਿਆ ਤਾਂ ਸਭ ਨੇ ਉਨ੍ਹਾਂ ਨੂੰ ਵਧਾਈਆਂ ਦਿੱਤੀਆਂ ਤੇ ਕਿਹਾ ਕਿ ਇਹ ਮੁੰਡਾ ਇਕ ਦਿਨ ਸਾਡੇ ਪਿੰਡ ਦਾ ਨਾਂ ਰੌਸ਼ਨ ਕਰੇਗਾ। ਸਿਆਣਿਆਂ ਦਾ ਕਿਹਾ ਸੱਚ ਹੋਇਆ। ਵਾਕਿਆਈ ਅੱਜ ਦੁਨੀਆ ਦਾ ਸਿਰਮੌਰ ਕਹਾਣੀਕਾਰ ਵਰਿਆਮ ਸਿੰਘ ਸੰਧੂ ਹੈ।

ਬੰਦਾ ਲਹਿਰਾਂ ਤੋਂ ਵੀ ਪ੍ਰਭਾਵਿਤ ਹੁੰਦਾ ਹੈ। ਇਸੇ ਤਰ੍ਹਾਂ ਵਰਿਆਮ ਸਿੰਘ ਸੰਧੂ ਵੀ ਆਪਣੀ ਉੱਚੀ ਪੜ੍ਹਾਈ ਵੇਲੇ ਕਮਿਊਨਿਸਟ ਲਹਿਰ ਤੋਂ ਪ੍ਰਭਾਵਿਤ ਹੋਇਆ। ਉਸ ਸਮੇਂ ਜ਼ਾਤ-ਪਾਤ ਪੂਰੇ ਜ਼ੋਰਾਂ ਤੇ ਸੀ। ਛੋਟੀ ਜ਼ਾਤ ਵਾਲਿਆਂ ਨੂੰ ਵੱਡੀ ਜ਼ਾਤ ਵਾਲਿਆਂ ਦੇ ਘਰ ਕੰਮ ਕਰਦਿਆਂ ਆਪਣੇ ਖਾਣੇ ਵਾਲੇ ਭਾਂਡੇ ਵੱਖਰੇ ਰੱਖਣੇ ਪੈਂਦੇ ਸਨ। ਇਕ ਦਿਨ ਵਰਿਆਮ ਨੇ ਉਨਾਂ ਦੇ ਘਰ ਕੰਮ ਕਰਦੀ ਬੀਬੀ ਦੇ ਭਾਂਡੇ ਵਿਚ ਹੀ ਪਾਣੀ ਪੀ ਲਿਆ। ਉਹ ਤੇ ਹੈਰਾਨ ਹੋ ਗਈ, ਅਖੇ ਤੂੰ ਇਹ ਕੀ ਕੰਮ ਕੀਤਾ! ਮੇਰੇ ਭਾਂਡੇ ਵਿਚ ਹੀ ਪਾਣੀ ਪੀ ਲਿਆ, ਕਿਤੇ ਤੇਰੇ ਘਰ ਦੇ ਤੈਨੂੰ ਕੁਝ ਕਹਿਣ ਹੀ ਨਾ। ਅੱਗੋਂ ਵਰਿਆਮ ਸਿੰਘ ਦਾ ਜਵਾਬ ਸੀ- ਪਾਣੀ ਪੀਤਾ ਹੈ, ਹੋਰ ਕੀ? ਇਸ ਵਾਰ ਉਨ੍ਹਾਂ

ਨੇ ਘਰ ਕੰਮ ਕਰਨ ਵਾਲੀ ਨੂੰ ਆਖਿਆ। "ਜਦੋਂ ਇਨਕਲਾਬ ਆਇਆ, ਉਦੋਂ ਸਭ ਨੂੰ ਕੰਮ ਕਰਨਾ ਪਊ ਅਤੇ ਸਭ ਨੂੰ ਕੰਮ ਮਿਲੂ। ਜ਼ਮੀਨਾਂ ਸਾਂਝੀਆਂ ਹੋ ਜਾਣਗੀਆਂ। ਆਪਾਂ ਸਾਰੇ ਮਾਲਕ ਹੋ ਜਾਵਾਂਗੇ। ਇਕ ਜਣਾ ਮਾਲਕ ਨਹੀਂ ਰਹੂਗਾ। ਜ਼ਮੀਨਾਂ-ਜਾਇਦਾਦਾਂ ਦਾ ਮਾਲਕ ਬਣੂੰਗੀ ਸਟੇਟ। ਮਤਲਬ ਗੌਰਮਿੰਟ।"

ਉਸ ਬੀਬੀ ਦਾ ਕਹਿਣਾ ਸੀ-ਵੀਰ ਵਰਿਆਮ ਸਿੰਹਾਂ। "ਸਾਡੀ ਤੇ ਤੂੰ ਈ ਗੌਰਮਿੰਟ ਆਂ, ਜਿਨ੍ਹਾਂ ਨਾਲ ਰਲ ਕੇ ਰੋਟੀ ਟੁੱਕ ਦਾ ਗੁਜ਼ਾਰਾ ਚਲਦਾ," ਉਸ ਤੋਂ ਬਾਅਦ ਉਹ ਵਰਿਆਮ ਸਿੰਘ ਨੂੰ 'ਗੌਰਮਿੰਟ' ਹੀ ਕਹਿਣ ਲੱਗ ਪਈ।

ਇਕ ਗੱਲ ਇਹ ਵੀ ਲੱਭਣੀ ਚਾਹੁੰਦਾ ਸੀ ਕਿ ਸੰਧੂ ਸਾਹਿਬ ਸਾਹਿਤਕਾਰ ਕਿਵੇਂ ਬਣੇ? ਵਰਿਆਮ ਵਿਚ ਕਿਸ਼ਤਵਾਰ ਸਵੈ-ਜੀਵਨੀ ਛਪਦੀ ਹੈ, ਉਸ ਵਿਚ ਚੈਪਟਰ- "ਪਹਿਲੀ ਸ਼ਾਬਾਸ਼!" ਪੜ੍ਹਿਆ ਤਾਂ ਪਤਾ ਲੱਗਾ ਕਿ

ਜਦੋਂ ਸੰਧੂ ਸਾਹਿਬ ਅੱਠਵੀਂ ਜਮਾਤ ਵਿਚ ਪੜ੍ਹਦੇ ਸਨ ਤਾਂ ਉਨ੍ਹਾਂ ਦਾ ਇਕ ਮਾਸਟਰ ਲਾਲ ਸਿੰਘ ਜੋ ਕਿ ਸਟੇਜ ਦਾ ਬਹੁਤ ਵਧੀਆ ਬੁਲਾਰਾ ਸੀ। ਉਸਨੇ ਬੱਚਿਆਂ ਨੂੰ ਸਟੇਜ ਦੇ ਬੁਲਾਰੇ ਬਣਾਉਣ ਦਾ ਮਨ ਬਣਾ ਲਿਆ ਸੀ ਤੇ ਹਰ ਬੱਚੇ ਨੂੰ ਉਹ ਸਟੇਜ ਤੇ ਬੋਲਣ ਲਈ ਟਾਈਮ ਦਿੰਦਾ ਸੀ ਤਾਂ ਕਿ ਬੱਚੇ ਆਪਣੇ ਖਿਆਲ ਪ੍ਰਗਟਾ ਸਕਣ। ਸੰਧੂ ਸਾਹਿਬ ਲਿਖਦੇ ਨੇ ਕਿ "ਮੈਂ ਹਰ ਰੋਜ਼ ਸਵੇਰੇ ਪ੍ਰਾਰਥਨਾ ਵੇਲੇ ਕੋਈ ਨਾ ਕੋਈ ਨਵਾਂ ਲੇਖ ਯਾਦ ਕਰਕੇ ਸੁਣਾਉਂਦਾ ਹੁੰਦਾ ਸਾਂ। ਇਹ ਸਭ ਅਧਿਆਪਕਾਂ ਦੀ ਪ੍ਰੇਰਨਾ ਸਦਕਾ ਹੀ ਹੁੰਦਾ ਸੀ ਕਿ ਇਕ ਤਾਂ ਮੈਂ ਦਿੱਤੀ ਚੀਜ਼ ਛੇਤੀ ਯਾਦ ਕਰ ਲੈਂਦਾ ਸੀ ਤੇ ਆਪਣੇ ਆਪ ਤੇ ਭਰੋਸਾ ਹੋਣ ਕਰਕੇ ਬੇਧੜਕ ਸੁਣਾ ਦਿੰਦਾ ਸੀ।"

ਇਕ ਦਿਨ, ਜਿਸ ਵੇਲੇ ਉਸ ਦੇ ਹਮ-ਜਮਾਤੀ ਨੇ ਆਪਣਾ ਲੈਕਚਰ ਖਤਮ ਕੀਤਾ ਤਾਂ ਫੇਰ ਵਰਿਆਮ ਸਿੰਘ ਦੀ ਵਾਰੀ ਆਉਂਦੀ ਹੈ। ਉਸ ਦਿਨ ਉਨ੍ਹਾਂ ਕਵਿਤਾ ਲਿਖ ਕੇ ਲਿਆਂਦੀ ਸੀ, ਉਨ੍ਹਾਂ ਕਵੀਸ਼ਰੀ ਦੇ ਅੰਦਾਜ਼ ਵਿਚ ਆਪਣੇ ਸਾਥੀ ਨਾਲ ਕਵਿਤਾ ਬੋਲਣੀ ਸ਼ੁਰੂ ਕੀਤੀ, ਸਭ ਸਰੋਤੇ ਗਦਗਦ ਹੋਏ ਮੁਸਕਰਾ ਰਹੇ ਸਨ। ਕਵਿਤਾ ਮੁਕਾ ਕੇ ਜਦੋਂ 'ਫਤਹਿ' ਬੁਲਾਈ ਤਾਂ ਸਾਰਾ ਮੈਦਾਨ ਤਾੜੀਆਂ ਨਾਲ ਗੂੰਜਣ ਲੱਗ ਪਿਆ। ਸਟੇਜ ਤੋਂ ਉਤਰਦੇ ਹਨ ਤਾਂ ਵਾਰੀ ਵਾਰੀ ਸਾਰੇ ਮਾਸਟਰ ਅੱਗੇ ਵਧ ਕੇ 'ਸ਼ਾਬਾਸ਼!' ਦਿੰਦੇ ਹਨ।

ਸੋ, ਇਹ ਸੀ ਉਨ੍ਹਾਂ ਦੇ ਸਾਹਿਤਕਾਰ ਬਣਨ ਦੀ ਪਹਿਲੀ ਸ਼ਾਬਾਸ਼! ਮੈਂ ਆਸ ਕਰਦਾ ਹਾਂ ਹੋਰ ਵੀ ਜਿੰਨੇ ਪਾਠਕ ਇਸ ਸਵੈ-ਜੀਵਨੀ ਨੂੰ ਪੜ੍ਹ ਰਹੇ ਹੋਣਗੇ, ਉਨ੍ਹਾਂ ਦੀ ਉਤਸੁਕਤਾ ਵੀ ਮੇਰੇ ਵਾਂਗ ਹੋਰ ਵਧਦੀ ਜਾਏਗੀ ਕਿ ਅਗਲੇ ਚੈਪਟਰਾਂ ਵਿਚ ਹੋਰ ਪਤਾ ਨਹੀਂ ਕੀ ਕੁਝ ਲਿਖਿਆ ਹੋਵੇਗਾ? ਜਲਦੀ ਵਰਿਆਮ ਛਪ ਕੇ ਆਏ ਤਾਂ ਅਸੀਂ ਸੰਧੂ ਸਾਹਿਬ ਦੀ ਸਵੈ-ਜੀਵਨੀ ਦਾ ਅਗਲਾ ਕਾਂਡ ਪੜ੍ਹੀਏ।

—ਬਲਦੇਵ ਮਾਧੋਪੁਰੀ

ਪਿੰਡ ਮਾਧੋਪੁਰ (ਫਗਵਾੜਾ)

ਵਰਿਆਮ ਨੂੰ ਸਹਿਯੋਗ

ਵਿੰਡਸਰ: ਇੰਗਲੈਂਡ ਨਿਵਾਸੀ

ਸ. ਅਵਤਾਰ ਸਿੰਘ ਜੀ ਨੇ ਪਹਿਲਾ ਮਕਾਨ ਖਰੀਦਣ ਦੀ ਖੁਸ਼ੀ ਵਿਚ — ੧੧ ਪੌਂਡ

ਇੰਗਲੈਂਡ: ਸੰਤ ਬਚਨ ਸਿੰਘ ਭੁੱਲਰ

ਦੀ ਯਾਦ ਵਿਚ ਪਰਿਵਾਰ ਵਲੋਂ — ੨੦ ਪੌਂਡ

ਸ. ਜਤਿੰਦਰ ਸਿੰਘ ਖੁਰਾਣਾ

ਸਪੁੱਤਰ ਸ. ਗੁਰਬਖਸ਼ ਸਿੰਘ ਖੁਰਾਣਾ ਉਮਰ ੫੨ ਸਾਲ, ੧੧ ਮਈ ੨੦੧੨ ਨੂੰ ਦਿੱਲੀ ਵਿਖੇ ਚੜ੍ਹਾਈ ਕਰ ਗਏ। ਉਹਨਾਂ ਨਮਿਤ ੧੫ ਮਈ ਨੂੰ ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ ਦਿੱਲੀ ਵਿਚ ਭੋਗ ਪਾਇਆ ਗਿਆ। — ੫੦੦-੦੦

ਸ੍ਰੀ ਰਮੇਸ਼ ਲਾਲ ਸ਼ਰਮਾ

ਪਿੰਡ ਕਠਿਗੱੜ, ਡਾਕਖਾਨਾ ਦਾਤਾਰਪੁਰ ਹੁਸ਼ਿਆਰਪੁਰ — ੫੦੦-੦੦


ਸ. ਜਗਦੀਸ਼ ਅਗਰਵਾਲ ਤਨਜ਼ਾਨੀਆ

ਹੋਲਾ ਮਹਲਾ ਭੈਣੀ ਸਾਹਿਬ ੨੦੧੨ ਦੀ ਖੁਸ਼ੀ ਵਿਚ — ੧੧,੦੦੦-੦੦

ਸ. ਕਰਨੈਲ ਸਿੰਘ ਅਸਪਾਲ

ਹੋਰਾਂ ਦੇ ਪਿਤਾ ਗਿਆਨੀ ਆਤਮਾ ਸਿੰਘ ਦਮਦਮਾ (ਸਿਰਸਾ) ਦੇ ਭੋਗ ਸਮੇਂ ਪਰਿਵਾਰ ਵਲੋਂ — ੨੦੦-੦੦

P.O. Regd. No. PB/JL-016/2012-2014 **WARIAM** Ladowali Road, Jalandhar -144001
Regd. RNI No. 26453/75 **June 2012**



ਸਤਿਗੁਰੂ ਜੀ ਮਠਾੜੂ ਪਰਿਵਾਰ ਤੇ ਬਖਸ਼ਸ਼ਾਂ ਕਰਦੇ ਹੋਏ

ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
ਫੋਨ: 0181-2222543 ਰਿਹਾਇਸ਼: 0181-2456280